


ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰਗੱਦੀ ਕਿਉਂ

ਜਸਬੀਰ ਸਿੰਘ ਜੌਹਲ

ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ
ਗੁਰਗੱਦੀ ਕਿਉਂ

ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ
ਗੁਰਗੱਦੀ ਕਿਉਂ

ਜਸਬੀਰ ਸਿੰਘ ਜੌਹਲ

5 ਆਬ
ਪ੍ਰਕਾਸ਼ਨ, ਜਲੰਧਰ

ਸਮਰਪਤ

ਬਾਬਾ ਜੀ ਸ. ਕਿਸ਼ਨ ਸਿੰਘ ਜ਼ੈਲਦਾਰ
ਦਾਦੀ ਜੀ ਮਾਲਣ ਕੌਰ
ਨੂੰ

ਮੁਖਬੰਧ

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਤਿੰਨ ਸੌ ਸਾਲਾ ਗੁਰਗੱਦੀ ਦਿਵਸ 'ਤਿੰਨ ਸੌ ਸਾਲ ਗੁਰੂ ਦੇ ਨਾਲ' ਤੋਂ ਮੇਰੇ ਦਿਮਾਗ ਵਿਚ ਪ੍ਰਸ਼ਨ ਆਇਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੁਰਾਣੀ ਪ੍ਰੰਪਰਾ ਜਾਂ ਰਵਾਇਤ ਨੂੰ ਤਿਲਾਂਜ਼ਲੀ ਦੇ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰਗੱਦੀ, ਅਕਾਲ ਪੁਰਖ ਦੇ ਸਨਮੁਖ ਹੋ ਕੇ ਹਰ ਸਿੱਖ ਨੂੰ ਹੁਕਮ ਕਰ ਦਿੱਤਾ ਕਿ 'ਗੁਰੂ ਮਾਨਯੋ ਗਰੰਥ' ਇਕ ਇਨਕਲਾਬੀ ਕਦਮ ਸੀ।

ਪ੍ਰਸ਼ਨ ਸਾਂਝਾ ਵੀ ਕੀਤਾ, ਪਰੰਪਰਾਵਾਦੀ ਜਵਾਬ ਹੀ ਮਿਲਿਆ ਕਿ ਗੁਰੂ ਸਾਹਿਬਾਨ ਦੇ ਆਤਮਕ ਸਰੂਪ ਹਨ। ਗੁਰੂ ਸਾਹਿਬਾਨ ਦਾ ਫਲਸਫਾ 'ਧੁਰ ਕੀ ਬਾਣੀ' ਦੇ ਤੌਰ ਤੇ ਸਤਿਕਾਰ ਕਰਦਾ ਹੋਇਆ ਉਹਨਾਂ ਦੇ ਦੱਸੇ ਮਾਰਗ 'ਤੇ ਚੱਲਣ ਦੀ ਕੋਸ਼ਿਸ਼ ਕਰਦਾ।

ਗੁਰੂ ਸਾਹਿਬਾਨ ਨੇ ਗ੍ਰਹਿਸਤ ਨੂੰ ਆਪਣੇ ਫਲਸਫੇ ਦਾ ਆਧਾਰ ਬਣਾਇਆ, ਪਰਿਵਾਰਕ ਜੀਵਨ ਹੰਡਾਇਆ, ਸ਼ਰੀਕੇ ਦੀਆਂ ਮਾਰਧਾੜਾਂ ਸਹੀਆ, ਸਮਾਜਿਕ ਮਰਿਆਦਾਵਾਂ ਦਾ ਪਾਲਣ ਕੀਤਾ। ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਸਿਧਾਂਤ ਨੂੰ ਦ੍ਰਿੜ ਕਰਵਾਇਆ। ਕਿਰਤ, ਕਰਮ ਨਾਲ ਨੈਤਿਕ ਆਚਰਨ ਦਾ ਨਿਰਮਾਨ ਕਰੋ। ਮਰਿਆਦਾਪੂਰਨ ਜੀਵਨ ਵਿਚ ਬਾਹੂਬਲ 'ਤੇ ਜ਼ੋਰ ਦਿੱਤਾ ਕਿ ਜ਼ੁਲਮ, ਜ਼ਬਰ, ਅਨਿਆਂ ਦੇ ਵਿਰੁੱਧ ਡਟੋ, ਮੁਕਾਬਲਾ ਕਰੋ, ਆਤਮ ਵਿਸ਼ਵਾਸ ਪੈਦਾ ਕਰੋ ਤੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ

ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰ ਧਰਿ ਗਲੀ ਮੇਰੀ ਆਉ
ਇਤੁ ਮਾਰਗਿ ਪੈਰ ਧਰੀਜੇ ਸਿਰ ਦੀਜੈ ਕਾਣਿ ਨਾ ਕੀਜੈ

ਮਨ ਵਿਚ ਤਾਂਘ ਵਧਦੀ ਗਈ, ਘਰਦਿਆਂ ਦੇ ਵਿਰੋਧ ਦੇ ਬਾਵਜੂਦ 10 ਦਿਨ ਲਈ ਇਕੱਲਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ (ਨਾਦੇੜ) ਗਿਆ ਹਰ ਜਗ੍ਹਾ ਦਾ ਇਤਿਹਾਸ ਸੁਣਦਾ, ਅਨੁਭਵ ਕਰਦਾ, ਕਈ ਪੱਖ ਧਿਆਨ ਵਿਚ ਆਏ।

ਅਚਾਨਕ ਜੰਡਿਆਲੇ ਦਾ ਅਮੀਰ ਧਾਰਮਿਕ, ਰਾਜਨੀਤਕ, ਸਮਾਜਿਕ ਵਿਰਸਾ ਲਿਖਣ ਲੱਗਾ। ਖਿਆਲ ਆਇਆ ਕਿ ਗੁਰੂ ਰਾਮਦਾਸ ਜੀ :

ਧੰਨ ਧੰਨ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ

ਸੱਤਾ ਬਲਵੰਡ ਪੰਨਾ-967

ਮਰਿਯਾਦਾ ਪੂਰਬਕ, ਅਰਦਾਸ ਕਰਕੇ, ਅਕਾਲ ਪੁਰਖ ਤੋਂ ਆਗਿਆ ਲੈ ਕੇ ਅਗਲੇ ਕਦਮ ਚੁੱਕੋ, ਗੁਰੂ ਸਾਹਿਬ ਅੰਗਸੰਗ ਹੋਣਗੇ।

ਲਿਖਣ ਲੱਗਾ, ਲਿਖ ਬੈਠਾ, ਪਰਿਵਾਰ ਦਾ ਮਨ ਭਾਪਣ ਦੀ ਕੋਸ਼ਿਸ਼ ਕੀਤੀ, ਜੋ ਲਿਖਿਆ ਪਰੰਪਰਾਵਾਦੀ ਸੁਭਾ ਤੋਂ ਕੁਝ ਵੱਖਰਾ ਹੈ। ਮੇਰੀ ਪਤਨੀ ਰਜਿੰਦਰ ਕੌਰ, ਅਸੀਂ ਸਿੱਖ ਧਰਮ ਵਿਚ ਰਹਿਣਾ ਤੇ ਮਰਨਾ ਵੀ ਹੈ। ਮੈਂ ਸ਼ਸ਼ੋਪੰਜ ਪੈ ਗਿਆ, ਫਾਈਲ ਬੰਦ ਕਰਕੇ ਰੱਖ ਦਿੱਤੀ।

ਗ਼ਦਰੀ ਬਾਬਿਆਂ ਦੇ ਸੁਤੰਤਰਤਾ ਦੇ ਪ੍ਰਤੀ ਦ੍ਰਿੜ੍ਹ ਇਰਾਦੇ ਬਾਰੇ ਲਿਖਦਾ, ਪਹਿਲੀ ਜੰਗ 25 ਜੁਲਾਈ 1914 ਸ਼ੁਰੂ ਹੋਣ ਤੇ ਅਮਰੀਕਾ ਦੇ ਗ਼ਦਰ ਪਾਰਟੀ ਦੇ ਸਭ ਸਰਗਰਮ ਮੈਂਬਰਾਂ ਦਾ ਇਕੱਠ ਸੱਦ ਲਿਆ। ਤਿੰਨ ਚਾਰ ਦਿਨ ਦੀਆਂ ਮੀਟਿੰਗਾਂ, ਬਹਿਸਾਂ, ਵਿਚਾਰਾਂ, ਹਰ ਪੱਖ ਦਾ ਅਧਿਅਨ ਕਰਨ ਤੇ ਸਰਬ ਸਹਿਮਤੀ ਹੋਈ।

'ਕਰੋ ਜਾਂ ਮਰੋ' ਚੁੱਪ ਰਹਿਣ ਨਾਲੋਂ ਕੁਝ ਕਰਕੇ ਹਾਰ ਜਾਣਾ ਚੰਗਾ ਹੁੰਦਾ ਹੈ। ਇਤਿਹਾਸ ਵਿਚ ਹਾਰ ਵੀ ਕੰਮ ਆਵੇਗੀ।

ਮਨ ਮਜਬੂਤ ਹੋਇਆ, ਘਰ ਕਹਿ ਦਿੱਤਾ ਮੈਂ ਤਾਂ ਛੁਪਾਉਣਾ, ਜੋ ਤੁਹਾਡੇ ਹੱਥਾਂ ਵਿਚ ਮੌਜੂਦ ਹੈ।

-ਜਸਬੀਰ ਸਿੰਘ ਜੌਹਲ

'ੴ ਸਤਿਗੁਰ ਪ੍ਰਸਾਦਿ'

ਅਕਾਲ ਪੁਰਖ ਸਰਬ ਸ਼ਕਤੀਮਾਨ, ਸਰਬ-ਵਿਆਪਕ, ਪਰਵਦਗਾਰ, ਜੋਤ ਸਰੂਪ, ਅਕਾਰ ਰਹਿਤ, ਕਰਨਹਾਰ, ਨਿਰਭਉ, ਨਿਰਵੈਰ (ਸਭ ਉਸਦੀ ਸੰਤਾਨ) ਜੂਨਾਂ ਤੋਂ ਰਹਿਤ ਨਿਰੰਕਾਰ ਹੈ। ਗੁਰੂ ਪ੍ਰਸਾਦਿ ਸਭ ਉਸਦੀ ਮਿਹਰ ਜਾਂ ਇੱਛਾ ਮੁਤਾਬਕ ਹੀ ਪ੍ਰਾਪਤ। ਮਿਲਾਪ ਹੋ ਸਕਦਾ।

ਜਪ-ਧਿਆਨ ਕੇਂਦਰਤ ਕਰੋ ਕਿ ਆਦਿ ਸੱਚ, ਵਿਗਿਆਨ ਅਨੁਸਾਰ ਸੂਰਜ, ਪਾਣੀ, ਗੈਸਾਂ ਦਾ ਵਾਯੂ ਮੰਡਲ, ਕੁਦਰਤ ਸੱਚ ਹੈ, ਜੁਗਾਦਿ ਸੱਚ 'ਕੀਤਾ ਪਸਾਉ ਤੇ ਏਕੋ ਕਵਾਉ' ਕੁਦਰਤ ਦੇ ਵਰਤਾਰੇ ਮੁਤਾਬਕ ਤਪਸ਼ ਨਾਲ ਸੂਰਜ ਦਾ ਹਿਸਾ ਟੁੱਟ ਗਿਆ, ਪਾਣੀ ਵਿਚ ਡਿਗਣ, ਠੰਡਾ ਹੋਣ ਜਾਣ ਨਾਲ, ਧਰਤੀ ਦਾ ਰੂਪ ਲੈ ਲੈਣਾ ਧਰਤੀ ਮਾਤਾ ਸੰਸਾਰ ਦੀ ਜਨਨੀ, ਜੀਵ ਜੰਤੂ ਸਮੁੱਚੀ ਬਨਸਪਤੀ ਦੀ ਜਨਮ ਦਾਤੀ ਧਰਤੀ ਹੈ।

'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ'

ਸਮੁੱਚੇ ਬ੍ਰਹਿਮੰਡ ਵਿਚੋਂ ਉਸਦੀ ਉਤਪਤੀ ਅਤੇ ਵਿਕਾਸ ਦੇ ਤੱਤ ਪ੍ਰਾਪਤ ਹੁੰਦੇ ਹਨ ਅਤੇ ਬ੍ਰਹਿਮੰਡ ਵਿਚ ਹੀ ਵਿਚ ਹੀ ਸਮਾ ਜਾਂਦੇ ਹਨ। ਉਸਦੀ ਉਤਪਤੀ ਦੀ ਵਿਧੀ (Process) ਦੁਆਰਾ ਹੀ ਮਨੁੱਖਤਾ, ਜੀਵ ਜੰਤੂ, ਬਨਸਪਤੀ ਪੈਦਾ ਹੁੰਦੇ ਅਤੇ ਬ੍ਰਹਿਮੰਡ ਵਿਚ ਸਮਾਂ ਜਾਂਦੇ ਹਨ। ਇਕ ਨਿਰੰਤਰ ਵਿਧੀ ਜਿੱਥੇ ਕੁਦਰਤ ਨੇ ਜੀਵ ਜੰਤੂ, ਬਨਸਪਤੀ ਪੈਦਾ ਕੀਤੀ, ਨਾਲ ਹੀ ਜੀਵਨ ਨਿਰਬਾਹ ਲਈ Sources (ਸੋਮੇ, ਸਾਧਨ) ਉਤਪਨ ਕਰ ਦਿੱਤੇ, ਜਿਸਨੂੰ ਵਰਤੋਂ ਵਿਚ ਲਿਆ ਕੇ ਆਪਣੀਆਂ ਮੁੱਢਲੀਆਂ ਲੋੜਾਂ ਪੂਰੀਆਂ ਹੁੰਦੀਆਂ ਜਾਂ ਹੋ ਰਹੀਆਂ ਹਨ।

ਕੁਦਰਤ ਨੇ ਜੀਵਨ ਵਿਚ ਜਿਥੇ ਵੱਡਮੁੱਲੇ ਗੁਣ ਆਪਸੀ ਪਿਆਰ, ਸ਼ਹਿਣਸ਼ੀਲਤਾ, ਸਹਿਯੋਗ, ਤਿਆਗ, ਹਮਦਰਦੀ, ਕੁਰਬਾਨੀ, ਬਲੀਦਾਨ, ਸਿਹਾਰਾ, ਬਰਾਬਰ ਸਤਿਕਾਰ, ਮਾਣ ਸਨਮਾਨ ਕਰਨਾ ਆਦਿ ਦਿੱਤੇ ਉਥੇ ਨਾਲ ਹੀ ਹੰਕਾਰ, ਵੈਰ ਵਿਰੋਧ, ਈਰਖਾ, ਲੋਭ ਲਾਲਚ, ਲੜਾਈ ਝਗੜਾ, ਜਬਰ ਜ਼ੁਲਮ, ਅੱਤਿਆਚਾਰ, ਲੁੱਟ ਖੋਹ, ਸ਼ੋਸ਼ਣ, ਅੰਨਿਆ, ਧੱਕਾ ਮੁੱਕੀ ਆਦਿ ਭੈੜੀਆਂ ਰੁਚੀਆਂ ਪੈਦਾ ਕੀਤੀਆਂ। ਸਰੀਰਕ ਸ਼ਕਤੀ ਪਾ ਕੇ ਆਫਰ, ਆਫਰਨ ਲੱਗਾ ਤੇ ਕੰਮਜ਼ੋਰਾਂ 'ਤੇ ਜ਼ੁਲਮ ਕਰਨ ਲੱਗਾ। ਇੰਨੀ ਹਾਲਤ ਖਰਾਬ ਹੋ ਗਈ ਕਿ ਆਪਣੀ ਪੂਜਾ ਵੀ ਕਰਵਾਉਣ ਲੱਗਾ।

ਕੁਝ ਰਹੱਸਪੂਰਣ, ਗੈਬੀ ਸ਼ਕਤੀਆਂ (Mysterious) ਨੂੰ ਆਪਣੀ ਪਕੜ ਵਿਚ ਲੈ ਲੈਣ ਦੀ ਧਾਂਕ ਜਮਾਉਣ ਲੱਗਾ। ਸੂਰਜ, ਚੰਦ, ਅੱਗ, ਪਾਣੀ, ਹਵਾ (ਵਾਯੂ) ਆਦਿ 'ਤੇ ਕੰਟਰੋਲ ਕਰਨ ਦੀ ਗੱਲ ਕਰਨ ਲੱਗਾ ਕਿ ਵੱਸ ਵਿਚ ਹਨ। ਇਹਨਾਂ ਦੀ ਪੂਜਾ ਵੀ ਕਰਣ ਕਰਵਾਉਣ ਲੱਗਾ। ਰਿਸ਼ੀ, ਮੁਨੀ, ਦੇਵਤਾ ਬਣ ਬੈਠਾ। ਆਪਣੇ ਹਿੱਤਾਂ ਦੇ ਅਨੁਕੂਲ ਪਰੰਪਰਾਵਾਂ, ਗੀਤੀ ਰਿਵਾਜ, ਮਰਿਆਦਾ, ਸ਼ਰਾ ਆਦਿ ਨੂੰ ਹੋਂਦ ਵਿਚ ਲੈ ਆਂਦਾ।

ਰਿਸ਼ੀ, ਮੁਨੀ ਦੇਵਤਾ ਤੋਂ ਵਧਦਾ-ਵਧਦਾ ਰਾਜਾ ਬਣ ਬੈਠਾ। ਉਨ੍ਹਾਂ ਗੀਤੀ ਰਿਵਾਜਾਂ, ਪ੍ਰੰਪਰਾਵਾਂ, ਮਰਿਆਦਾ, ਸ਼ਰਾ ਅਦਿ ਦੇ ਨਾਂ ਤੇ ਹੁਕਮ 'ਚ ਹੋਣ ਲੱਗਾ। ਲਾਗੂ ਕਰਵਾਉਣ ਲੱਗਾ। ਹੰਕਾਰ ਵਧ ਗਿਆ, ਅਣਮਨੁੱਖੀ ਤਸੀਹੇ ਕਰਨ ਲੱਗਾ ਤੇ ਐਸ਼ੋ ਇਸ਼ਰਤ ਵਿਚ ਗ੍ਰਿਹਸਤ ਹੋ ਗਿਆ। ਸਿਰਜਣਹਾਰ ਦਾ ਖਿਆਲ ਭੁੱਲ ਗਿਆ-

ਘਰਿ ਘਰਿ ਏਹੋ ਪਾਹੁੰਚਾ, ਸਦੜੇ ਨਿਤ ਪਵੰਨਿ
ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨਿ

ਭੋਲੀ ਭਾਲੀ ਮਨੁੱਖਤਾ ਨਪੀੜੀ ਜਾਣ ਲੱਗੀ, ਮਨੁੱਖ ਬਹਿਬਲ ਹੋ ਉੱਠਿਆ, ਬਹੁੜੀ ਪ੍ਰਮਾਤਮਾ, ਸਿਰਜਣਹਾਰਿਆ, ਜਗਤ ਜਲੰਦੇ ਨੂੰ ਠਾਹਰਣ ਲਈ, ਜ਼ੁਲਮਾਂ ਅੱਤਿਆਚਾਰਾਂ ਤੋਂ ਬਚਾਉਣ ਲਈ, ਨੇਕੀ ਅਤੇ ਈਮਾਨਦਾਰੀ ਤਾਕਤਾਂ ਨੂੰ ਸੁਰਜੀਤ ਕਰਨ ਲਈ ਅਗਿਆਨਤਾ ਦੇ ਹਨੇਰੇ ਵਿਚੋਂ ਕੱਢਣ ਲਈ, ਮਨੁੱਖਤਾ ਨੂੰ ਜੀਵਨ ਦਾਤ ਗਿਆਨ, ਸੱਚੇ ਸੁੱਖ ਦੀ ਆਸ ਜਗਾਉਣ ਲਈ।

ਦੁਨੀਆ ਦੇ ਧਰਮਾਂ ਦੇ ਇਤਿਹਾਸ ਪ੍ਰਤੀ ਧਿਆਨ ਕਰੀਏ ਤਾਂ ਇਹ ਕਹਿ ਸਕਦੇ ਹਾਂ ਕਿ ਜਦੋਂ ਅੱਤ ਹੋ ਚੁੱਕੀ ਉਦੋਂ ਪ੍ਰਗਟ ਹੋਏ।

ਜਿਵੇਂ ਕ੍ਰਿਸ਼ਨ ਜੀ ਨੇ ਗੀਤਾ ਵਿਚ ਕਿਹਾ- 'ਜਦੋਂ ਧਰਮ ਵਿੱਚ ਅੱਤ ਦੀ ਗਿਰਾਵਟ ਪੈਦਾ ਹੋ ਜਾਵੇ ਤਾਂ ਮੈਂ ਦੁਸ਼ਟਾਂ ਦਾ ਨਾਸ਼ ਕਰਨ ਲਈ ਮੈਂ ਪਰਗਟ ਹੁੰਦਾ।'

ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਬਾਰੇ ਲਿਖਿਆ-

ਸੁਣੀ ਪੁਕਾਰਿ ਦਾਤਾਰ ਪ੍ਰਭ, ਗੁਰੂ ਨਾਨਕ ਜਗ ਮਾਹਿ ਪਠਾਇਆ।
ਸਤਿਗੁਰ ਬਾਝੁ ਨ ਬੁਝੀਐ, ਜਿਚਰ ਧਰੇ ਨ ਪ੍ਰਭ ਅਵਤਾਰਾ।
ਚੜ੍ਹੇ ਸੂਰ ਮਿਟਿ ਜਾਇ ਅੰਧਾਰਾ।

ਗੁਰੂ ਨਾਨਕ ਦੇਵ ਜੀ ਦੇ ਇਹਨਾਂ ਸ਼ਬਦਾਂ ਤੋਂ ਇਹ ਪ੍ਰਤੱਖ ਹੁੰਦਾ ਹੈ ਕਿ ਰਾਜ ਧਰਮ ਦਾ ਨਿਘਰਿਆ ਰੂਪ-

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜ ਅਮਾਵਸ ਸੱਚੁ ਚੰਦ੍ਰਮਾ ਦੀਸੈ ਨਾਹੀ ਕਰ ਚੜਿਆ॥

ਕਾਜੀ ਮੁਸਲਮਾਨ ਧਰਮ ਦੇ ਆਗੂ, ਨਿਆਇਕ ਦਾ ਹਾਲ-

ਵਾਰ ਮਾਝ ਕੀ ਅੰਗ 145

ਕਾਜੀ ਹੋਇ ਕੈ ਬਹੈ ਨਿਆਇ॥ ਫੇਰੇ ਤਸਬੀ ਕਰੇ ਖੁਦਾਇ॥
ਵਢੀ ਦੇ ਕੇ ਹਕੁ ਗਵਾਇ। ਜੇ ਕੋ ਪੁਛੈ ਤਾ ਪੜਿ ਸੁਣਾਏ॥

(ਰਾਮ ਕਲੀ ਦੀ ਵਾਰ)

ਇਖਲਾਕ ਦੀ ਗਿਰਾਵਟ ਦੇ ਸੰਕੇਤ–

ਇਸਤਰੀ ਪੁਰਖੈ ਖਟਿਐ ਭਾਉ॥ ਭਾਵੈ ਆਵਉ ਭਾਵੈ ਜਾਉ

ਪੰਜਾਬ ਦੇ ਹਾਲਾਤ ਬਾਰੇ–

ਬਾਝੁ ਗੁਰੂ ਡੁਬਾ ਜਗੁ ਸਾਰਾ– ਭਾਈ ਗੁਰਦਾਸ ਜੀ

ਪੁਰਾਤਨ ਜਨਮ ਸਾਖੀ ਵਿਚ ਲਿਖਿਆ ਕਿ ਪਰਮੇਸ਼ਰ ਦੇ ਸੇਵਕ, ਗੁਰੂ ਨਾਨਕ ਦੇਵ ਜੀ ਨੂੰ ਪ੍ਰਮਾਤਮਾ ਪਾਸ ਲੈ ਗਏ। ਅੰਮ੍ਰਿਤ ਦਾ ਕਟੋਰਾ ਭਰ, ਹੁਕਮ ਹੋਆ, ਇਹ ਅੰਮ੍ਰਿਤ ਨਾਮ ਦਾ ਪਿਆਲਾ ਹੈ ਪੀਉ ਤੇ ਪਲਾਉ। ਤੂੰ ਜਾਕਰ ਨਾਮ ਜਪੁ ਤੇ ਲੋਕਾਂ ਥੀ ਭੀ ਜਪਾਏ, ਨਾਮ, ਦਾਨ, ਇਸ਼ਨਾਨ, ਸੇਵਾ ਸਿਮਰਨ ਵਿਚ ਰਹੋ।

ਭਾਈ ਗੁਰਦਾਸ ਜੀ ਲਿਖਦੇ ਹਨ–

ਸਤਿਗੁਰ ਨਾਨਕੁ ਪ੍ਰਗਟਿਆ, ਮਿਟੀ ਧੁੰਦ ਜਗ ਚਾਨਣ ਹੋਆ
ਜਿਉ ਕਰ ਸੂਰਜ ਨਿਕਲਿਆ, ਤਾਰੇ ਛਪੇ ਅੰਧੇਰੁ ਪਲੋਆ।

ਬਾਲ ਅਵਸਥਾ ਵਿਚ ਗੁਰੂ ਸਾਹਿਬ ਦਾ ਘਰ ਲਟਾਉ ਸੁਭਾ ਸੀ। ਪਿਤਾ ਜੀ ਪੜਨੇ ਲਈ ਗੋਪਾਲ ਪਾਂਧੇ ਕੋਲ ਲੈ ਗਏ, ਪਾਂਧੇ ਨੂੰ ਮਹਾਂ ਪਾਂਧਾ ਮਿਲ ਗਿਆ। ਪਾਂਧਾ ਕਹਿਣ ਲੱਗਾ ਕੁਝ ਲੇਖਾ ਪੱਤਾ ਸਿੱਖ ਲਵੋ, ਤੁਹਾਡੇ ਕੰਮ ਆਵੇਗਾ ਗੁਰੂ ਜੀ ਕਹਿੰਦੇ, ਮੈਂ ਤਾਂ ਉਹ ਲੇਖਾ ਸਿਖਣਾ ਜੋ ਧੁਰ ਦਰਗਾਹੇ ਕੰਮ ਆਵੇਗਾ।

ਫਿਰ ਰਾਏ ਬੁਲਾਰ ਦੀ ਸਲਾਹ ਨਾਲ ਫਾਰਸੀ ਪੜਨ ਲਈ ਮੌਲਵੀ ਕੋਲ ਭੇਜਿਆ, ਮੌਲਵੀ ਨਾਲ ਵੀ ਉਹੋ ਜਿਹਾ ਕੌਤਕ ਵਰਤਿਆ। ਪਸ਼ੂ ਚਰਾਏ, ਜਨੇਊ ਦੀ ਰਸਮ ਨੂੰ ਰੱਦ ਕੀਤਾ, ਮੈਨੂੰ ਤਾਂ ਕੋਈ ਅਜਿਹਾ ਜਨੇਊ ਦਿਓ ਜਿਹੜਾ ਆਤਮਾ ਨਾਲ ਜਾਵੈ–

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ।
ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ।

ਗੁਰੂ ਜੀ ਉਦਾਸ ਰਹਿਣ ਲੱਗੇ, ਕੁਝ ਖਾਣ ਪੀਣ ਨਾ, ਵੈਦ ਬੁਲਾਇਆ।

"ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ।"

ਗੁਰੂ ਜੀ ਗ੍ਰਹਿਸਤ ਜੀਵਨ ਵਿਚ ਵੀ ਸਿਰਜਣਹਾਰ ਪ੍ਰਤੀ ਆਪਣੇ ਫਰਜ਼ ਨਿਭਾਉਂਦੇ ਰਹੇ। ਦੋ ਸੰਤਾਨ ਨੇ ਜਨਮ ਲਿਆ, ਗ੍ਰਹਿਸਤ ਵਿਚ ਸੰਨਿਆਸ ਕਮਾ ਕੇ, ਸੰਸਾਰੀ ਜੀਵਾਂ ਨੂੰ ਸੱਚੇ ਧਰਮ ਦਾ ਉਪਦੇਸ਼ ਦੇਂਦੇ, ਕਿਰਤ ਕਰਦੇ, ਨਾਮ ਜਪਦੇ ਸੁਲਤਾਨਪੁਰ ਲੋਧੀ ਰਹੇ। ਗੁਰੂ ਜੀ ਜਦੋਂ ਉਦਾਸੀ ਤੇ ਗਏ– ਅਰਥਾਤ ਧਰਮ ਪ੍ਰਚਾਰ ਹਿੱਤ ਯਾਤਰਾ ਸਮੇਂ ਬੁੱਧ ਵਾਂਗ ਰਾਤ ਦੇ ਹਨੇਰੇ ਵਿਚ ਨਹੀਂ ਗਏ ਕਿਤੇ ਇਸਤਰੀ ਜਾ ਬੱਚਿਆਂ ਦਾ ਮੋਹ ਨਾ ਜਾਗ ਪਵੇ, ਸਗੋਂ ਸਭ ਨੂੰ ਅਸੀਸਾ ਤੇ ਪਿਆਰ ਦੇਂਦੇ।

ਭਾਈ ਗੁਰਦਾਸ ਜੀ–

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।

ਚੜਿਆ ਸੋਧਣਿ ਧਰਤਿ ਲੁਕਾਈ।

ਪਹਿਲਾ ਪੰਜਾਬ ਦਾ ਦੌਰਾ ਕੀਤਾ, ਗੋਇੰਦਵਾਲ, ਸੈਦਪੁਰ (ਐਮਨਾਬਾਦ) ਭਾਈ ਲਾਲੋ ਦੇ ਘਰ ਟਿਕੇ ਤੇ ਮਲਕ ਭਾਗੋ ਦੇ ਘਰ ਨਹੀਂ ਗਏ। ਉਪਦੇਸ਼ ਦਿੱਤਾ-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰ ਨ ਖਾਇ॥

ਐਮਨਾਬਾਦ ਤੋਂ ਲੋਕਾਂ ਨੂੰ ਕੁਕਰਮਾ ਤੋਂ ਹਟਾਉਂਦੇ, ਛੂਤਛਾਤ, ਊਚ ਨੀਚ ਤੇ ਜਾਤ ਪਾਤ ਨੂੰ ਮਿਟਾਉਂਦੇ, ਹੱਕ ਹਲਾਲ ਦੀ ਕਮਾਈ ਕਰਨ, ਨਾਮ ਜਪਣ, ਵੰਡ ਛਕਣ ਦਾ ਸੰਦੇਸ਼ ਦਿੰਦੇ ਹੋਏ ਸੱਜਣ ਠੱਗ (ਤੁਲੰਘੇ) ਮੁਲਤਾਨ ਲਾਗੇ ਗਏ। ਸੱਜਣ ਆ ਗਿਆ-

ਮਰਦਾਨਿਆ ਛੇੜ ਰਬਾਬ-

ਉਜਲ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।

ਧੋਤਿਆ ਜੂਠਿ ਨਾ ਉਤਰੈ ਜੇ ਸਉ ਧੋਵਾ ਤਿਸੁ॥

ਉਹ ਚਰਨੀ ਪੈ ਗਿਆ। ਪਹਿਲੀ ਉਦਾਸੀ ਪੂਰਬ-1497-1509 ਕੁਰੂਕਸ਼ੇਤਰ, ਹਰਦੁਆਰ ਢਾਕਾ ਤੋਂ ਕਟਕ ਜਗਨਨਾਥ ਪੁਰੀ- ਕੁਦਰਤ ਦੀ ਆਰਤੀ ਕੀਤੀ-

'ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਣੇ ਤਾਰਿਕਾ ਮੰਡਲ ਜਨਕ ਮੋਤੀ'

ਵਾਪਸ ਤੇ ਸੁਲਤਾਨਪੁਰ, ਲਾਹੌਰ ਤੋਂ ਤਲਵੰਡੀ-ਲਾਹੌਰ ਵਿਖੇ ਕ੍ਰੋੜਪਤੀ ਦੁਨੀ ਚੰਦ ਨੇ ਗੁਰੂ ਜੀ ਨੂੰ ਸਰਾਧ ਛਕਣ ਲਈ ਕਿਹਾ, ਤੇ ਸਮਝਾਇਆ ਕਿ ਪ੍ਰਲੋਕ ਵਿਚ ਤਾਂ ਉਹ ਜਾਂਦਾ ਹੈ ਜਿਹੜਾ ਧਰਮ ਦੀ ਕਿਰਤ ਕਰਕੇ, ਲੋੜਵੰਦਾਂ ਨੂੰ ਵੰਡ ਕੇ ਛਕੇ।

ਫਿਰ ਲਾਹੌਰ ਤੋਂ ਰਾਵੀ ਦੇ ਲਹਿੰਦੇ ਹੱਥ ਚੱਲ ਪਏ। ਗੁਰੂ ਜੀ ਸੋਹਣੀ ਰਮਣੀਕ ਥਾਂ ਜਾ ਟਿਕੇ। ਦੂਜੇ ਪਾਰ ਸੋਹਰਾ ਪਿੰਡ ਪੱਖੋ ਕੇ ਸੀ। ਉਹ ਜ਼ਮੀਨ ਲਾਹੌਰ ਦੇ ਕਰੋੜਪਤੀ ਮੁਸਲਮਾਨ ਦੀ ਸੀ, ਪਹਿਲਾਂ ਉਹ ਨਾਂਹ ਕਰਨੀ ਚਾਹੁੰਦਾ ਸੀ, ਫਿਰ ਚਰਨੀ ਪੈ ਗਿਆ- ਨਗਰ ਵਸਾਓ ਕਰਤਾਰਪੁਰ ਨਾਮ ਰੱਖਿਆ, ਉਦਾਸੀ ਵਾਲਾ ਪਹਿਰਾਵਾ ਲਾਹ ਕੇ, ਜੁਗਿਆਸੂ ਵਾਲਾ ਕਰ ਲਿਆ- ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਅਦੁੱਤੀ ਨਮੂਨਾ ਪੇਸ਼ ਕੀਤਾ। ਦੂਜੀ ਉਦਾਸੀ ਦੇਖਣ ਦੀ 1510-15 ਪੈਰੀ ਖੜਾਵਾਂ ਕਾਠ ਦੀਆਂ, ਹੱਥ ਆਸਾ, ਸਿਰ ਬਾਹ ਤੇ ਜੰਘਾ ਉਪਰ ਰੱਸੇ ਲਪੇਟੇ ਮੱਥੇ ਟਿੱਕਾ-

ਦੋ ਸਿੱਖ ਭਾਈ ਸੈਦੋ ਤੇ ਸ਼ੀਹਾ ਆਪਦੇ ਨਾਲ-

ਭਾਈ ਮਰਦਾਨੇ ਨੂੰ ਕਿਹਾ ਕਰਤਾਰਪੁਰ ਸੰਗਤਾਂ ਨੂੰ ਸ਼ਬਦ ਕੀਰਤਨ ਸੁਣਾਇਆ ਕਰੇ। ਕਰਤਾਰਪੁਰ ਤੋਂ ਚਲ ਕੇ ਧਰਮਕੋਟ, ਬਠਿੰਡਾ ਤੇ ਸਰਸਾ ਪੁੱਜੇ ਉੱਥੇ ਮੁਸਲਮਾਨ ਫ਼ਕੀਰ ਜਾਦੂ ਟੂਣਿਆਂ ਰਾਹੀ ਮੁਰਾਦਾਂ ਪੂਰੀਆਂ ਕਰਨ ਦਾ ਢਕਵੰਜ ਰਚਾਉਂਦਾ ਸੀ। ਲੋਕਾਂ ਨੂੰ ਕੁਰਾਹੇ ਪਾਉਂਦਾ ਸੀ। ਗੁਰੂ ਜੀ ਨੇ ਸਮਝਾਇਆ ਕਿ ਲੋੜਵੰਦਾਂ ਦੀ ਸੇਵਾ ਕਰਿਆ ਕਰ ਰੱਬ ਖੁਸ਼ ਹੁੰਦਾ ਹੈ। ਇਹੋ ਜਿਹੀ ਤਪ ਤਪੱਸਿਆ ਨੂੰ ਛੱਡੋ।

ਬੀਕਾਂਨੇਰ ਜਿੱਥੇ ਜੈਨ ਮੱਤ ਦਾ ਬਹੁਤ ਜ਼ੋਰ ਸੀ। ਉਹ ਜੀਵਾਂ ਨੂੰ ਨਾ ਮਾਰਨਾ, ਸਗੋਂ ਰੱਖਿਆ ਕਰਨੀ। ਵਹਿਮ ਇੰਨਾ ਸੀ ਕਿ ਇਸ਼ਨਾਨ ਨਾ ਕਰਦੇ, ਜੂਆਂ ਨਹੀਂ ਸਨ ਮਾਰਦੇ, ਟੱਟੀ ਕਰਨ ਤੋਂ ਬਾਅਦ ਫੋਲ ਕੇ ਖਿਲਾਰ ਦਿੰਦੇ ਕਿ ਕੀੜੇ ਪੈਦਾ ਹੋ ਕੇ ਕਿਤੇ ਕੀੜੇ ਨਾ ਮਰ ਜਾਣ, ਪਾਣੀ ਪੁਣ ਕੇ ਪੀਂਦੇ।

ਉਹਨਾਂ ਨੂੰ ਸਮਝਾਇਆ ਕਿ ਤਨ ਤੇ ਮਨ ਦੀ ਸਫਾਈ ਬਿਨਾਂ ਰੱਬ ਖੁਸ਼ ਨਹੀਂ ਹੋ ਸਕਦਾ, ਤਿਆਗ ਦੀ ਪ੍ਰੇਰਨਾ ਕੀਤੀ, ਵਹਿਮਾਂ ਤੋਂ ਦੂਰ ਰਹੋ।

ਅੱਗੋਂ ਅਜਮੇਰ ਮੁਸਲਮਾਨ ਸੂਫ਼ੀ ਫ਼ਕੀਰਾਂ ਦਾ ਗੜ੍ਹ ਸੀ। ਉਪਦੇਸ਼ ਦਿੱਤਾ ਕਿ ਸੱਚੇ ਮੁਸਲਮਾਨ ਬਣਨ ਲਈ ਹਰ ਜੀਵ ਪ੍ਰਾਣੀ ਨੂੰ ਬਰਾਬਰ ਸਮਝੋ, ਧਰਮ ਦੇ ਨਾਂ ਤੇ ਭੇਦਭਾਵ ਨਾ ਕਰੋ, ਪਿਆਰ ਤੇ ਹਮਦਰਦੀ ਕਰੋ, ਹੱਕ ਹਲਾਲ ਦੀ ਕਮਾਈ ਕਰਨੀ, ਖੁਦਾ ਦਾ ਨਾਮ ਜਪੋ ਜਪਾਉ

ਉਥੋਂ ਆਪ ਮੱਧ ਭਾਰਤ (ਇੰਦੌਰ ਦਾ ਇਲਾਕਾ) ਲੰਘਦੇ ਸਮੇਂ ਪਤਾ ਲੱਗਾ ਕਿ ਇਥੇ ਰਾਖਸ਼ ਕੌਮ ਵਸਦੀ ਹੈ, ਰਾਹੀਆਂ ਨੂੰ ਫੜ ਕੇ ਖਾ ਜਾਂਦੀ, ਡਰੇ ਨਹੀਂ, ਕੌਡੇ ਦੇ ਟਿਕਾਣੇ ਤੇ ਪਹੁੰਚੇ। ਉਹ ਤਲ ਕੇ ਤੇਲ ਵਿਚ ਖਾਣ ਲਈ ਲਲਚਾਇਆ। ਪਰ ਉਨ੍ਹਾਂ ਦਾ ਰੱਬੀ ਨੂਰ, ਆਤਮਕ ਜਲਾਲ ਤੇ ਬਚਨ ਸੁਣ ਕੇ ਦਿਲ ਪਿਘਲ ਗਿਆ-ਪੈਰੀਂ ਪੈ ਗਿਆ। ਭਰਾਵਾਂ ਨੂੰ ਮਾਰ ਕੇ ਖਾਣ ਦੀ ਥਾਂ, ਮਨੁੱਖ ਮਾਤਰ ਦੀ ਸੇਵਾ ਕਰਿਆ ਕਰ, ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਤੇ ਕੌਡੇ ਨੇ ਪ੍ਰਣ ਕੀਤਾ ਕਿ ਰਾਖਸ਼ ਕੌਮ ਨੂੰ ਵੀ ਇਨਸਾਨੀ ਸੇਵਾ ਤੇ ਲਗਾਵਾਂਗਾ।

ਉਥੋਂ ਅੱਗੇ ਹੈਦਰਾਬਾਦ, ਬਿਦਰ (ਨਾਨਕ ਝੀਰਾ) ਗੋਲ ਕੁੰਡਾ, ਮਦਰਾਸ, ਪਾਂਡੀਚਰੀ ਧਰਮ ਦਾ ਪ੍ਰਚਾਰ ਕਰਦੇ ਹੋਏ ਲੰਕਾ ਪੁੱਜੇ, ਉੱਥੇ ਰਾਜਾ ਸ਼ਿਵਨਾਭ ਗੁਰੂ ਜੀ ਦੀ ਸੋਭਾ ਲਾਹੌਰ ਦੇ ਵਪਾਰੀ ਤੋਂ ਸੁਣ ਚੁੱਕਾ ਸੀ। ਦਰਸ਼ਨਾ ਦਾ ਅਭਿਲਾਸ਼ੀ ਸੀ। ਕਈ ਸਾਧੂ ਗੁਰੂ ਨਾਨਕ ਦੱਸ ਕੇ ਆਉਣ ਲੱਗੇ। ਪਰ ਉਸਦੀ ਤਸੱਲੀ ਨਾ ਹੋਈ, ਗੁਰੂ ਜੀ ਨੇ ਉਥੇ ਪਹੁੰਚ ਕੇ, ਉਸਦੇ ਬਾਗ਼ ਵਿਚ ਡੇਰੇ ਲਾ ਲਏ, ਉਸਨੇ ਗੁਰੂ ਜੀ ਨੂੰ ਭਰਮਾਉਣ ਲਈ ਹੀਲਾ ਵਰਤਿਆ, ਗੁਰੂ ਜੀ ਸਮਾਧੀ ਵਿਚ ਲੀਨ ਰਹੇ। ਦਇਆ ਭਰੀ ਆਵਾਜ਼ ਵਿਚ ਕਿਹਾ-

ਗਾਛਹੁ ਪੁਤ੍ਰੀ ਰਾਜ ਕੁਆਰਿ
ਨਾਮੁ ਭਲਕੁ ਸਚ ਦੋਤੁ ਸੁਆਰਿ॥

ਜਿਹੜੀਆਂ ਗੁਰੂ ਜੀ ਨੂੰ ਵੱਸ ਕਰਨ ਆਈਆਂ, ਸਗੋਂ ਗੁਰੂ ਜੀ ਦੇ ਚਰਨੀ ਪੈ ਗਈਆਂ। ਰਾਜਾ ਸੁਣ ਕੇ ਬਹੁਤ ਖੁਸ਼ ਹੋਇਆ। ਦੋਵੇਂ ਜੀਅ ਰਾਜਾ ਰਾਣੀ, ਗੁਰੂ ਜੀ ਦੇ ਸਿੱਖ ਬਣੇ ਪਰਜਾ ਵੀ।

ਉਥੋ ਕਜਲੀਵਾਲ, ਜਿੱਥੇ ਸਿੱਧਾ ਜੋਗੀਆਂ ਦਾ ਡੇਰਾ ਸੀ, ਸਿੱਧਾ ਨੂੰ ਬਹਿਸ ਵਿਚ ਗੁਰੂ ਜੀ ਨੂੰ ਹਰਾਉਣਾ ਚਾਹਿਆ, ਗੁਰੂ ਜੀ ਨੇ ਸਮਝਾਇਆ ਕਿ ਅਸਲ ਜੋਗ ਨਸ਼ੇ ਕਰਕੇ, ਸ਼ਰਾਬਾ ਪੀ ਕੇ ਨਹੀਂ ਸਗੋਂ ਨਾਮ ਨੂੰ ਦਿਲ ਵਿਚ ਵਸਾ ਕੇ ਮੂੰਹ ਤੋਂ

ਉਚਾਰਿਆ ਜਾਵੇ।

'ਮਨ ਕਰਤਾਰ ਵਿਚ ਹੱਥ ਕਾਰ ਵਿਚ'

ਤੀਜੀ ਉਦਾਸੀ 1516-18 ਵੇਲੇ ਪੈਰੀਂ ਚਮੜੇ ਦੀ ਜੁੱਤੀ, ਸਰੀਰ ਉਪਰ ਚਮੜਾ ਵਲੇਟਿਆ, ਕੇਸਰ ਦਾ ਟਿੱਕਾ, ਦੋ ਸਿੱਖ ਭਾਈ ਹਾਸੂ ਲੁਹਾਰ ਤੇ ਭਾਈ ਮੀਹਾ ਛੀਬਾ ਸਨ। ਜਗਤ ਉਧਾਰ ਕਰਦੇ ਹੋਏ ਜੰਮੂ ਤੋਂ ਕਸ਼ਮੀਰ, ਮਟਨ ਮਾਰਤੰਡ ਦੇ ਚਸ਼ਮੇ ਤੇ ਪਹੁੰਚੇ ਉਥੇ ਪੰਡਤ ਬ੍ਰਹਮਦਾਸ ਬਹੁਤ ਵਿਦਵਾਨ ਬ੍ਰਾਹਮਣ ਸੀ, ਗਿਆਨ ਦਾ ਹੰਕਾਰ ਸੀ, ਗੁਰੂ ਜੀ ਨਾਲ ਚਰਚਾ ਆ ਛੇੜੀ ਤੇ ਅਗਿਆਨਤਾ ਤੇ ਹੰਕਾਰ ਦੂਰ ਹੋ ਗਿਆ। ਗੁਰੂ ਜੀ ਦਾ ਸਿੱਖ ਬਣ ਗਿਆ, ਉਨ੍ਹਾਂ ਦੇ ਸਿਧਾਂਤਾਂ ਤੇ ਚੱਲਣ ਦਾ ਪ੍ਰਣ ਲਿਆ, ਸਿੱਖੀ ਦਾ ਪ੍ਰਚਾਰਕ ਬਣ ਗਿਆ।

ਉਥੋਂ ਕਸ਼ਮੀਰ ਤੋਂ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਬਲੇ ਥਲੇ ਕੀਰਤਪੁਰ ਪਹੁੰਚੇ। ਬੁੱਢਣਸ਼ਾਹ ਨੂੰ ਉਪਦੇਸ਼ ਦਿੱਤਾ, ਫਿਰ ਸਿਰਮੌਰ, ਗੜ੍ਹਵਾਲ, ਹੇਮਕੁੰਟ ਹੁੰਦੇ ਹੋਏ ਨਿਪਾਲ-ਤਿੱਬਤ ਤੇ ਕੈਲਾਸ਼ ਪਰਬਤ 'ਮਾਨ ਸਰੋਵਰ' ਜਾ ਪੁੱਜੇ, ਸਿੱਧ ਬਹੁਤ ਹੈਰਾਨ ਹੋਏ ਕਿਹੜੀ ਸ਼ਕਤੀ ਤੁਹਾਨੂੰ ਇਥੇ ਲੈ ਆਈ ਹੈ।

ਬਚਨ ਕੀਤਾ ਕਿ ਸਰਬ ਸ਼ਕਤੀਮਾਨ ਹੀ ਇਥੇ ਲਿਆਏ ਹਨ।

ਤੁਹਾਡਾ ਮਤ ਕੀ ਹੈ 'ਕਰਤਾਰ' ਉਸਦੀ ਉਤਪਤੀ ਨਾਲ ਪਿਆਰ ਕਰਨਾ ਤੇ ਸੱਚੇ ਧਰਮ ਦੀ ਕਿਰਤ ਕਰਨੀ।

ਮਾਤ ਲੋਕ ਬਾਰੇ ਪੁੱਛਿਆ ਤੇ ਜਵਾਬ ਦਿੱਤਾ ਕਿ ਸਾਧਾਰਨ ਲੋਕਾਂ ਵਿਚ ਪਾਪ, ਝੂਠ, ਜਬਰ, ਜ਼ੁਲਮ, ਕਾਮ, ਲੋਭ, ਭਰਮ, ਅਗਿਆਨਤਾ, ਪਖੰਡ, ਬੇਈਮਾਨੀ ਆਦਿ ਹਨ। ਤੁਹਾਡੀ ਅਗਵਾਈ ਕਰਨ ਦੀ ਯੋਗਤਾ ਸੀ, ਤੁਸੀਂ ਪਹਾੜੀਆਂ ਵਿਚ ਆ ਲੁਕੇ, ਤੁਸੀਂ ਧਰਮ ਨੂੰ ਸਮਝਿਆ ਨਹੀਂ, ਵਿਹਲੇ ਰਹਿ ਕੇ, ਪਿਆਲੇ ਪੀ ਕੇ ਮਸਤ ਰਹਿੰਦੇ ਹੋ। ਧਰਮ! ਜਗਤ ਵਿਚ ਰਹਿ ਕੇ ਜ਼ੁੰਮੇਵਾਰੀਆਂ ਨਿਭਾਈਏ, ਮਨੁੱਖਤਾ ਦੀ ਸੇਵਾ ਕਰੀਏ, ਪਰਮਾਤਮਾ ਦੀ ਕਿਰਤ ਕਰੀਏ, ਨਾਮ ਜਪੀਏ।

ਸਿੱਧਾ ਨੇ ਸੋਚਿਆ ਕਿ ਕਿਵੇਂ ਹੋ ਸਕੇ ਇਸ ਨੂੰ ਜੋਗੀ ਬਣਾਇਆ ਜਾਵੇ। ਮਾਇਆ ਦੇ ਜਾਲ ਵਿਚ ਫਸਾਉਣ ਦੀ ਕੋਸ਼ਿਸ਼ ਕੀਤੀ, ਕਰਾਮਾਤਾਂ ਕਰਕੇ ਦਿਖਾਈਆਂ, ਵਿਚਾਰ ਵਟਾਂਦਰਾ ਕੀਤਾ ਮੰਨ ਗਏ ਕਿ ਸਾਡਾ ਰਾਹ ਗਲਤ ਹੈ। ਗੁਰੂ ਜੀ ਦੇ ਅਨੁਯਾਈ ਬਣ ਗਏ। ਜਿਸ ਵਿਚ ਜੋਗੀ ਭਰਥਰੀ ਵੀ ਸੀ ਜੋ ਰਾਜਾ ਸੀ।

ਮਾਨ ਸਰੋਵਰ ਤੋਂ ਨਿਪਾਲ, ਸਿੱਕਮ, ਭੂਟਾਨ, ਫਿਰ ਚੀਨ ਦੇ ਸ਼ਹਿਰ ਤਕ ਫਿਰ ਤਿੱਬਤ ਵਿਚ, ਲੱਦਾਖ, ਸ੍ਰੀਨਗਰ, ਜੰਮੂ, ਸਿਆਲਕੋਟ ਤੋਂ ਪੰਜਾਬ।

ਚੌਥੀ ਉਦਾਸੀ 1518-21 ਮੱਕੇ ਮਦੀਨੇ ਹੱਜ ਕਰਨ ਲਈ, ਹਾਜ਼ੀਆਂ ਵਾਂਗ ਨੀਲੇ ਬਸਤਰ, ਕੱਛ ਵਿਚ ਬਸਤਾ (ਧਾਰਮਿਕ ਪੁਸਤਕ) ਦੂਜੀ ਕੱਛ ਵਿਚ ਮਸੱਲਾ (ਦਰੀ, ਇਕ ਹੱਥ ਵਿਚ ਆਸਾ (ਸੋਟਾ) ਦੂਜੇ ਵਿਚ ਲੋਟਾ, ਭਾਈ ਮਰਦਾਨਾ ਨਾਲ।

ਕਰਤਾਰਪੁਰ ਤੋਂ ਤਲਵੰਡੀ, ਸੁਕਰਪੁਰ, ਰੁਹਤਾਸ ਦਰਾ, ਗਾਜ਼ੀ ਖਾ, ਸਿੰਧ,

ਹਾਜੀਆਂ ਨਾਲ ਰਲ ਕੇ ਮੱਕੇ ਸ਼ਰੀਫ ਪਹੁੰਚੇ।

ਕਾਹਬੇ ਵੱਲ ਪੈਰ ਪਸਾਰ ਕੇ ਸੌਂ ਗਏ। ਹਾਜੀ ਰੌਲਾ ਪਾਉਣ ਲੱਗੇ। ਜੀਵਨ ਨਾਮੀ ਇਕ ਪੰਜਾਬੀ ਹਾਜੀ ਨੇ ਠੁੱਡਾ ਮਾਰਿਆ ਕਿਹਾ ਕਾਫ਼ਰਾ ਤੂੰ ਖੁਦਾ ਦੇ ਘਰ ਵੱਲ ਪੈਰ ਪਸਾਰੇ ਖੁਦਾ ਦੀ ਬੇਅਦਬੀ ਕੀਤੀ। ਸ਼ਾਂਤ ਸੁਭਾਅ ਬੋਲੇ, ਮਿੱਤਰਾ ਮੈਂ ਥੱਕਾ ਹੋਇਆ ਸੀ, ਜਿਧਰ ਰੱਬ ਦਾ ਘਰ ਨਹੀਂ ਪੈਰ ਉਧਰ ਕਰਦੇ।

ਉਹਨੇ ਗੁੱਸੇ ਵਿਚ ਆ ਕੇ ਘਸੀਟਿਆ ਤੇ ਉਤਾਂਹ ਚੁੱਕਿਆ ਤੇ ਤੱਕਿਆ ਕਿ ਜਿੱਧਰ ਪੈਰ ਹੋਣ ਉਧਰ ਹੀ ਕਾਹਬਾ ਖੜਾ।

ਕਿਹਾ ਅੱਲਾ, ਜਿੱਧਰ ਮੂੰਹ ਕਰੋ ਉਧਰ ਹੀ ਹੈ।

ਸਵੇਰੇ ਉੱਠ ਕੇ ਮਖਦੂਨ ਦੀਨ ਦੀ ਅਗਵਾਈ ਵਿਚ ਗੁਰੂ ਜੀ ਦੇ ਦੁਆਲੇ ਇਕੱਠੇ ਹੋ ਗਏ।

ਕਹਿੰਦੇ ਤੁਸੀਂ ਹਿੰਦੂ ਹੋ ਜਾ ਮੁਸਲਮਾਨ–

ਨਾ ਮੈਂ ਹਿੰਦੂ ਨਾ ਮੈਂ ਮੁਸਲਮਾਨ ਮੈਂ ਤਾਂ ਅੱਲਾ ਦਾ ਬਣਾਇਆ ਹੋਇਆ 'ਪੰਜਾਂ ਤੱਤਾਂ ਦਾ ਪੁਤਲਾ'

ਫਿਰ ਪੁੱਛਿਆ ਕਿ ਹਿੰਦੂ ਵੱਡਾ ਕਿ ਮੁਸਲਮਾਨ–

ਸੁਭਿ ਅਮਲਾ ਵਾਝਹੁ ਦੋਨੋ ਰੋਈ

ਪਿਆਰ ਦੀ ਨਿਸ਼ਾਨੀ 'ਖੜਾ' ਮਦਖੂਮ ਹੁਣਾ ਨੂੰ ਦਿੱਤੀ, ਉਹ ਅੱਜ ਤੱਕ ਬਹਾਬਲਪੁਰ ਦੇ ਪੀਰਾ ਪਾਸ ਮੌਜੂਦ ਹੈ।

ਮੱਕੇ ਤੋਂ ਮਦੀਨੇ, ਫਿਰ ਮਿਸਰ, ਸੁਡਾਨ ਤੇ ਤੁਰਕੀ ਪੁੱਜੇ। ਤੁਰਕੀ ਦਾ ਬਾਦਸ਼ਾਹ ਬਹੁਤ ਜ਼ਾਲਮ ਸੀ। ਉਹਨੂੰ ਦਯਾ ਤੇ ਨਿਆਂ ਕਰਨ ਦਾ ਉਪਦੇਸ਼ ਦਿੱਤਾ। ਫਿਰ ਬਗਦਾਦ ਜਿਹੜਾ ਕਿ ਇਸਲਾਮ ਦਾ ਵੱਡਾ ਕੇਂਦਰ ਸੀ ਮੁਸਲਮਾਨ ਨਮਾਜ਼ ਪੜ੍ਹਨ, ਮਸੀਤੇ ਜਾਣ, ਗੁਰੂ ਜੀ ਉੱਚੀ ਅਵਾਜ਼ ਵਿਚ 'ਸਤਿ ਕਰਤਾਰ, ਸਤਿ ਕਰਤਾਰ, ਕਹਿਣ ਲੱਗੇ।

ਮਰਦਾਨਾ ਰਬਾਬ ਵਜਾਉਣ ਲੱਗਾ ਤੇ ਧੁਰ ਕੀ ਬਾਣੀ ਦਾ ਕੀਰਤਨ ਹੋਣ ਲੱਗਾ। ਇਸਲਾਮ ਵਿਚ ਰਾਗ ਦੀ ਮਨਾਹੀ ਹੈ। ਇਸ ਕਰਕੇ ਮੁਸਲਮਾਨਾਂ ਨੂੰ ਬਹੁਤ ਗੁੱਸਾ ਆਇਆ। ਇਸਲਾਮੀ ਸ਼ਰਾਂ ਦੇ ਵਿਰੁੱਧ ਹੈ, ਹਾਕਮ ਨੂੰ ਜਾ ਕੇ ਦੱਸਿਆ। ਉਸਨੇ ਹੁਕਮ ਦਿੱਤਾ ਕੇ ਪੱਥਰ ਮਾਰ–ਮਾਰ ਕੇ ਕਾਫ਼ਰ ਨੂੰ ਮਾਰ ਦਿਓ।

ਲੋਕ ਪੱਥਰ ਮਾਰਨ ਆਏ। ਠਠੰਬਰ ਗਏ, ਹੌਸਲਾ ਨਾ ਕੀਤਾ। ਗੁਰੂ ਜੀ ਦੇ ਪ੍ਰੇਮ ਬਚਨ ਸੁਣਨ ਲੱਗੇ, ਨਿਸ਼ਾ ਹੋ ਗਈ, ਹਾਕਮ ਵੀ ਦਰਸ਼ਨ ਕਰਨ ਆਇਆ।

ਉੱਥੇ ਬਹਿਲੋਲ ਫ਼ਕੀਰ ਮਿਲਿਆ ਜਿੱਥੇ ਅੱਜ ਵੀ ਥੜਾ ਮੌਜੂਦ ਹੈ। ਉੱਪਰ ਹਿਜਰੀ ਸੰਮਤ 1520–21 ਬਿਕ੍ਰਮੀ 1577–78 ਅੰਕਿਤ ਹੈ। ਉਥੋਂ ਵਾਪਸੀ ਈਰਾਨ, ਕੰਧਾਰ, ਅਫਗਾਨਿਸਤਾਨ ਤੇ ਖੈਬਰ ਦਰੇ ਰਾਹੀਂ ਹਸਨ ਅਬਦਾਲ (ਪੰਜਾ ਸਾਹਿਬ) ਜਿਥੇ ਬਲੀ ਕੰਧਾਰੀ ਦਾ ਹੰਕਾਰ ਤੋੜਿਆ। ਉਨ੍ਹਾਂ ਦਿਨਾਂ ਵਿਚ ਬਾਬਰ ਹਿੰਦੋਸਤਾਨ ਵੱਲ ਵਧ ਰਿਹਾ ਸੀ। ਉਹਨਾਂ ਨੂੰ ਖਿਆਲ ਆਇਆ ਕਿ 'ਐਮਨਾਬਾਦ' ਭਾਈ ਲਾਲੋ ਤੇ

ਬਿਪਤਾ ਪੈਣ ਵਾਲੀ ਹੈ। ਬਾਬਰ ਦੀਆਂ ਫ਼ੌਜਾਂ ਮਾਰੋਮਾਰ ਕਰਦੀਆਂ, ਲੁੱਟਮਾਰ ਕਰਦੀਆਂ, ਲੁੱਟ ਦਾ ਮਾਲ ਚੁਕਾ ਕੇ ਡੇਰੇ ਵੱਲ ਭੇਜਦੀਆਂ। ਗੁਰੂ ਜੀ ਨੂੰ ਭਾਰੀ ਪੰਡ ਚੁਕਾ ਦਿੱਤੀ, ਮਰਦਾਨੇ ਨੂੰ ਘੋੜਾ ਫੜਾ ਕਿ ਸੰਭਾਲ ਕੇ ਪਹੁੰਚਾਓ, ਕੈਦ ਕਰ ਲਏ। ਸਮੁੱਚੇ ਹਾਲਤ ਦੇਖ ਮਰਦਾਨੇ ਨੂੰ ਕਿਹਾ ਰਬਾਬ ਛੇੜੀ ਬਾਣੀ ਆਈ–

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨ ਵੇ ਲਾਲੋ।
ਸਰਮੁ ਧਰਮੁ ਦੁਇ ਛਪਿ ਖਲੋਤੇ, ਕੂੜ ਫਿਰੈ ਪਰਧਾਨ ਵੇ ਲਾਲੋ
ਕਾਜੀਆਂ ਬਾਮਣਾ ਕੀ ਗਲ ਥਕੀ, ਅਗਦੁ ਪੜੈ ਸੈਤਾਨ ਵੇ ਲਾਲੋ।

ਕੈਦੀ ਸ਼ਬਦ ਸੁਣ ਕੇ ਧਰਵਾਸ ਕਰਨ ਲੱਗੇ। ਬਾਬਰ ਨੂੰ ਖ਼ਬਰ ਦਿੱਤੀ ਕਿ ਇਹੋ ਜਿਹਾ ਫ਼ਕੀਰ ਹੈ ਉਹ ਠਠੰਬਰ ਗਿਆ। ਮਾਫੀ ਮੰਗੀ ਜੇ ਪਤਾ ਹੁੰਦਾ ਕਿ ਇਹੋ ਜਿਹੇ ਲੋਕ ਹਨ ਲੁੱਟਣ ਨੂੰ ਨਾ ਆਖਦੇ। ਤੁਸੀਂ ਅਜ਼ਾਦ ਹੋ। ਇਹਨਾਂ ਸਭ ਨੂੰ ਛੱਡੋ। ਮਾਲ ਵਾਪਸ ਕਰੋ ਮਨ ਗਿਆ।

ਜਦੋਂ ਭਾਈ ਲਾਲੋ ਨੇ ਵੱਖਰਾ ਚੌਕਾ ਬਣਾ ਕੇ ਪ੍ਰਸ਼ਾਦ ਛਕਣ ਲਈ ਬੇਨਤੀ ਕੀਤੀ ਉਥੇ ਕਿਹਾ ਲਾਲੋ, ਸਾਰੀ ਧਰਤੀ ਮੇਰਾ ਚੌਂਕਾ ਹੈ।

ਕਰਤਾਰਪੁਰ ਵਿਚ ਕਰਤਾਰ ਨੂੰ ਮਿਲਣ ਵਾਲਿਆਂ ਦਾ ਕੇਂਦਰ ਬਣ ਗਿਆ। ਉਥੇ ਸਾਦਗੀ, ਮਰਦਾਨਗੀ, ਸਵੈਮਾਣ ਅਤੇ ਸਰਬ ਸਾਂਝੇ ਵਿਚਾਰ ਰੱਖਣ ਵਾਲੇ ਇਕੱਠੇ ਹੁੰਦੇ। ਉਥੇ ਗੁਰੂ ਨਾਨਕ ਦੇਵ ਜੀ ਪਿਆਰ ਭਰੇ ਸ਼ਬਦ ਬੋਲਦੇ ਸਨ। ਲੋਕਾਂ ਦੇ ਹਿਰਦੇ ਬਿੰਨ ਜਾਂਦੇ ਸਨ।

ਉਹ ਜਾਣਦੇ ਸਨ ਕਿ ਧਰਮ ਉਹ ਹੀ ਹੁੰਦਾ ਹੈ ਕਿ ਜੋ ਵਰਤੋ ਸਿਖਾਵੇ, ਵਿਹਾਰ ਸਿਖਾਵੇ। ਗੁਰੂ ਨਾਨਕ ਦੇਵ ਜੀ ਨੇ ਇਹ ਗੱਲ ਦਰਸਾ ਦਿੱਤੀ ਸੀ ਕਿ ਇਬਾਦਤ ਹੀ ਸਾਰੀਆਂ ਸ਼ਕਤੀਆਂ ਨੂੰ ਜਗਾਉਂਦੀ ਹੈ।

ਕਰ ਇਬਾਦਤ ਸ਼ੁਭ ਘੜੀ ਆਤੀ ਰਹੇ
ਵਿਚ ਇਬਾਦਤਾਂ ਸ਼ਕਤੀਆਂ ਨੇ ਵਹਿੰਦੀਆਂ।

1522 ਵਿਚ ਅਖੀਰਲੀ ਉਦਾਸੀ ਤੋਂ ਬਾਦ ਕਰਤਾਰਪੁਰ ਆ ਗਏ। ਸਾਧੂਆਂ ਵਾਲਾ ਬਾਣਾ ਲਾਹ ਦਿੱਤਾ। ਉਹ ਵੀ ਇਨਕਲਾਬੀ ਕਦਮ ਸੀ ਕਿਉਂਕਿ ਉਸ ਸਮੇਂ ਕੋਈ ਵੀ ਇਕ ਵਾਰ ਸਾਧੂ ਬਣ ਜਾਵੇ ਤਾਂ ਗ੍ਰਹਿਸਤੀ ਲਿਬਾਸ ਵਿਚ ਨਹੀਂ ਸੀ ਆ ਸਕਦਾ।

'ਫਿਰਿ ਬਾਬਾ ਆਇਆ ਕਰਤਾਰਪੁਰ ਭੇਖੁ ਉਦਾਸੀ ਸਗਲ ਉਤਾਰਾ'

ਵਾਰ ਪਹਿਲੀ ਭਾਈ ਗੁਰਦਾਸ

ਉਨ੍ਹਾਂ ਦਾ ਉਦੇਸ਼ ਸੀ ਕਿ ਕਿਰਤ ਕਰੋ, ਨਾਮ ਜਪੋ, ਵੰਡ ਛਕੋ, ਹੱਥ ਕਾਰ ਵੱਲ ਅਤੇ ਦਿਲ ਕਰਤਾਰ ਵੱਲ ਲਾਈ ਰੱਖੋ। ਬੰਦਾ ਗ੍ਰਿਸਤੀ ਹੁੰਦਾ ਹੋਇਆ ਵੀ ਤਿਆਗੀ ਅਤੇ ਸੰਨਿਆਸੀ ਰਹੇ। ਸਮਾਜਕ ਫਰਜ਼ਾਂ ਨੂੰ ਨਿਭਾਵੇ, ਖੇਤੀ ਕਰਦੇ, ਪਸ਼ੂ ਚਾਰਦੇ, ਪੱਠਾ

ਦੱਥਾ ਪਾਉਂਦੇ। ਨਾਲ ਈਸ਼ਵਰ ਗਿਆਨ, ਭਗਤੀ ਅਤੇ ਧੁਰ ਕੀ ਬਾਣੀ ਦਾ ਕੀਰਤਨ ਕਰਦੇ, ਧਾਰਮਿਕ ਵਿਆਖਿਆ ਕਰਦੇ, ਸ਼ੰਕਿਆ ਨੂੰ ਨਿਵਰਤ ਕਰਦੇ।

1529 ਵਿਚ ਸ਼ਿਵਰਾਤਰੀ ਦੇ ਮੇਲੇ ਉੱਪਰ (ਅਚੱਲ ਬਟਾਲੇ) ਗੁਰਦਾਸਪੁਰ ਜੋਗੀਆਂ ਦੇ ਇਕੱਠ ਸਮੇਂ, ਜੋਗੀਆਂ ਨੂੰ ਚੈਲੰਜ ਕਰਨ ਦੇ ਇਰਾਦੇ ਨਾਲ, ਭੀੜ ਤੋਂ ਹਟ ਕੇ, ਮਰਦਾਨਾ ਰਬਾਬ ਵਜਾਉਣ ਲੱਗਾ, ਧੁਰ ਕੀ ਬਾਣੀ ਦਾ ਪਰਵਾਹ ਚੱਲ ਪਿਆ। ਲੋਕ ਉਨ੍ਹਾਂ ਦੇ ਦੁਆਲੇ ਇਕੱਠੇ ਹੋ ਗਏ। ਜੋਗੀਆਂ ਨੂੰ ਗੁੱਸਾ ਆ ਗਿਆ। ਮੁਖੀ ਭੰਗਰ ਨਾਥ ਜੋਗੀ ਨੇ ਸਵਾਲ ਕੀਤਾ ਕਿ ਤੁਸੀਂ ਉਦਾਸੀ ਬਾਣਾ ਲਾਹ ਕੇ, ਗ੍ਰਿਹਸਤੀ ਵਾਲਾ ਪਹਿਨ ਲਿਆ ਕਿਉਂ, ਪਹਿਲਾ ਕਿਉਂ ਪਹਿਨਿਆ। ਜੋਗੀ ਜੀ ਤੁਸੀਂ ਗ੍ਰਿਹਸਤੀ ਨੂੰ ਮਾੜਾ ਗਿਣਦੇ ਹੋ, ਉਨ੍ਹਾਂ ਦੇ ਦਰ ਤੇ ਮੰਗਦੇ ਹੋ, ਅੰਨ ਬਸਤਰ ਮੰਗਦੇ ਹੋ, ਵਿਹਲੇ ਐਸ਼ ਕਰਦੇ ਹੋ। ਉਹ ਲਹੂ ਪਾਣੀ ਇਕ ਕਰਕੇ ਕਮਾਈ ਕਰਦੇ ਹਨ। ਆਪਣੀਆਂ ਲੋੜਾਂ ਨੂੰ ਰੋਕ ਕੇ ਭੀਖ ਪਾਉਂਦੇ ਹਨ।

ਜੰਗਲਾਂ ਪਹਾੜਾਂ ਨੂੰ ਛੱਡੋ, ਮਰਦਾਂ ਵਾਂਗ ਰੱਬ ਦੀ ਟੇਕ ਲੈ ਕੇ ਦੁਨਿਆਵੀ ਜੀਵਨ ਵਿਚ ਵਿਚਰੋ। ਕਿਉਂ ਕੁਰਾਹੇ ਪੈ ਕੇ ਆਪਣਾ ਜੀਵਨ ਗਵਾ ਰਹੇ ਹੋ। ਜੋਗੀ ਚੁੱਪ ਹੋ ਗਏ।

ਫਿਰ ਕਈ ਤਰ੍ਹਾਂ ਦੀਆਂ ਕਰਾਮਾਤਾਂ ਨਾਲ ਭਰਮਾਉਣ ਲੱਗੇ। ਉਹ ਅਡੋਲ ਜੋਗੀਆਂ ਦਾ ਤਮਾਸ਼ਾ ਦੇਖਦੇ ਰਹੇ।

'ਬਾਝੋਂ ਸੱਚੇ ਨਾਮ ਦੇ ਹੋਰ ਕਰਾਮਾਤਿਆਂ ਨਾਹੀ'

ਜਦੋਂ ਮੁਲਤਾਨ ਗਏ ਤਾਂ ਉਥੇ ਵੀ ਸ਼ਹਿਰੋ ਬਾਹਰ ਡੇਰਾ ਲਾ ਲਿਆ। ਜੋਗੀਆਂ ਨੇ ਸੰਕੇਤ ਵਜੋਂ ਭਰਿਆ ਕਟੋਰਾ ਦੁੱਧ ਦਾ ਪੇਸ਼ ਕੀਤਾ ਕਿ ਇਥੇ ਤਾਂ ਪਹਿਲਾਂ ਹੀ ਪੀਰਾਂ ਫਕੀਰਾਂ ਦੀ ਭੀੜ ਹੈ।

ਕਰਤਾਰਪੁਰ ਆ ਕੇ ਰੱਬ ਦੀ ਭਗਤੀ, ਰੱਬ ਦੇ ਬੰਦਿਆਂ ਦੀ ਸੇਵਾ, ਆਪਦੇ ਦਰਬਾਰ ਵਿਚ ਲੰਗਰ ਸੰਗਤ ਪੰਗਤ ਵਿਚ ਕੋਈ ਛੂਤਛਾਤ, ਊਚ-ਨੀਚ, ਭੇਦਭਾਵ, ਅਮੀਰ-ਗਰੀਬ, ਹਿੰਦੂ, ਮੁਸਲਮਾਨ ਦਾ ਕੋਈ ਵਿਤਕਰਾ ਨਹੀਂ ਸੀ। ਭਾਈ ਲਹਿਣਾ ਜੀ ਇਥੇ ਆਗਿਆਕਾਰ ਬਣ ਕੇ ਸੇਵਾ ਕਰਦੇ। ਉਹਨਾਂ ਦਾ ਭਰੋਸਾ, ਸਿੱਖੀ, ਸਿਦਕ, ਯੋਗਤਾ, ਹੁਕਮ ਅਦੂਲੀ ਅਤੇ ਸਿੱਖੀ ਸ਼ਰਧਾ ਦੇਖ ਕੇ ਬਹੁਤ ਖੁਸ਼ ਹੋਏ, ਗੁਰੂ ਗੱਦੀ ਸੰਭਾਲਣ ਲਈ ਪੂਰੀ ਤਰ੍ਹਾਂ ਯੋਗ ਸਮਝਿਆ ਇਥੇ ਗੁਰੂ ਨਾਨਕ ਦੇਵ ਜੀ ਨੇ ਗੁਰਗੱਦੀ ਦੀ ਜ਼ੁੰਮੇਵਾਰੀ ਭਾਈ ਲਹਿਣਾ ਜੀ ਨੂੰ ਦੇ ਕੇ ਇਕ ਇਨਕਲਾਬ ਕਰ ਦਿੱਤਾ। ਪੁੱਤਰ ਦਾ ਹੱਕ, ਵੱਡੇ ਦਾ ਹੱਕ ਦੀ ਥਾਂ ਸੇਵਾ ਭਗਤੀ ਦੀ ਯੋਗਤਾ ਨੂੰ ਗੁਰੂ ਪਦਵੀ ਸੌਂਪੀ। ਗੁਰੂ ਨੇ ਚੇਲੇ ਦੀ ਰਹਿਰਾਸ ਕਰਕੇ ਆਪੇ ਗੁਰੂ ਚੇਲੇ ਦੀ ਨੀਂਹ ਰੱਖੀ।

ਗੁਰੂ ਚੇਲੇ ਰਹਿਰਾਸ ਕੀ ਈ
ਨਾਨਕ ਸਲਾਮਤ ਜੀਵਦੇ
ਸਹਿ ਟਿੱਕਾ ਚਿਤੋਨ ਜੀਵਦੇ (ਸਤਾ ਤੇ ਬਲਵੰਡ ਦੀ ਵਾਰ)

ਭਾਈ ਗੁਰਦਾਸ ਸਿੰਘ ਨੇ-

ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ

ਉਹਨਾਂ ਦਾ ਉਦਾਸੀਆਂ (ਧਰਮ ਪ੍ਰਚਾਰ) ਦਾ ਕੰਮ ਬਹੁਤ ਦਲੇਰੀ, ਸੱਚੀ ਲਗਨ ਤੇ ਸਾਹਸ ਭਰਿਆ ਸੀ। ਉਹਨਾਂ ਦੀ ਇਸ ਮਿਹਨਤ ਸਦਕਾ ਜਿਉਂਦੇ ਜੀ ਸਿੱਖ ਧਰਮ ਇਕ ਤਕੜੀ ਸੰਸਥਾ ਦਾ ਰੂਪ ਧਾਰਨ ਕਰ ਚੁੱਕਾ ਸੀ। ਦੂਰ-ਦੂਰ ਤੱਕ ਜਾ ਕੇ ਭੋਲੇ ਭਾਲੇ ਲੋਕਾਂ ਦੇ ਵਹਿਮ, ਅੰਧ ਵਿਸ਼ਵਾਸ, ਅਡੰਬਰਾਂ ਤੇ ਝੂਠੇ ਰੀਤੀ ਰਿਵਾਜ਼ ਤੇ ਪਾਖੰਡ ਨੂੰ ਖਤਮ ਕੀਤਾ ਤੇ ਸੱਚੇ ਮਾਰਗ ਤੇ ਚੱਲਣ ਦਾ ਉਪਦੇਸ਼ ਦਿੱਤਾ।

'ਅੰਜਨ ਮਾਹਿ ਨਿਰੰਜਨ ਰਹੀਐ'

ਅੱਜ ਦੇ ਸਮੇਂ ਵਿਚ ਮਾਰਕਸਵਾਦ, ਸਮਾਜਵਾਦ, ਸਾਮਵਾਦ ਸਭ ਤੋਂ ਅਕਰਸ਼ਕ ਰਾਜਨੀਤਕ ਵਿਚਾਰਧਾਰਾ ਮੰਨੀ ਜਾਂਦੀ ਹੈ, ਜਿਸ ਦੁਆਰਾ ਸ਼ੋਸ਼ਣ ਲੁੱਟ ਖਸੁੱਟ ਦਾ ਖਾਤਮਾ ਕੀਤਾ ਜਾ ਸਕਦਾ ਹੈ। ਸਮਾਨਤਾ, ਸੁਤੰਤਰਤਾ, ਨਿਆਂ ਦੀ ਸਥਾਪਤੀ ਹੋ ਸਕਦੀ ਹੈ। ਉਸ ਲਈ ਕਰਾਂਤੀਕਾਰੀ ਢੰਗ ਤੇ ਸੰਗਠਨ ਤੇ ਜ਼ੋਰ ਦਿੱਤਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸ਼ਾਂਤਮਈ ਢੰਗ ਨਾਲ ਕੁਰੀਤੀਆਂ, ਸਮਾਜਕ ਅਨਿਆ, ਛੂਤ ਛਾਤ, ਜਾਤ ਪਾਤ, ਵਹਿਮਾਂ ਭਰਮਾਂ ਦੇ ਵਿਰੁੱਧ ਅਵਾਜ਼ ਉਠਾਈ ਤੇ ਨਾਲ ਹੀ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਤੇ ਜ਼ੋਰ ਦਿੱਤਾ। 'ਆਪ ਜੀਉ ਅਤੇ ਦੂਜਿਆਂ ਨੂੰ ਜਿਊਣ ਦਿਓ।' ਆਪਣੇ ਵਿਚ ਵਿਗਿਆਨਕ ਸੁਭਾ ਵਿਕਸਤ ਕਰੋ, ਵਹਿਮ, ਭਰਮ, ਜਾਦੂ ਟੂਣੇ, ਜੰਤਰ ਮੰਤਰ ਕਮਜ਼ੋਰ ਮਾਨਸਿਕਤਾ ਦੀਆਂ ਨਿਸ਼ਾਨੀਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਭਗਤ ਰਵਿਦਾਸ ਜੀ ਦੀ ਵਿਚਾਰਧਾਰਾ ਦਾ ਰਾਜ ਸਮਾਜ ਸਿਰਜਣਾ ਚਾਹੁੰਦੇ ਸਨ-

ਬੇਗਮਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥

ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾਂ ਖੈਰਿ ਸਦਾ ਮੇਰੇ ਭਾਈ॥ ਰਹਾਉ॥

ਰਾਗ ਗਉੜੀ ਰਵਿਦਾਸ ਜੀ ਕੀ- ਪੰਨਾ 343

ਅਸਚਰਤਾ ਦੀ ਗੱਲ ਹੈ ਜਦੋਂ 14ਵੀਂ-15ਵੀਂ ਸਦੀ ਵਿਚ ਵਾਸਕੋਡੀਗਾਮਾ ਤੇ ਕੋਲੰਬਸ ਵਰਗੇ ਦੌਲਤ ਦੇ ਲਾਲਚ ਵਿਚ ਦਰ-ਦਰ ਭਟਕ ਰਹੇ ਸਨ, ਗੁਰੂ ਨਾਨਕ ਦੇਵ ਜੀ ਨੇ ਦੌਲਤ ਖਾਨ ਲੋਧੀ ਦੀ ਨੌਕਰੀ ਨੂੰ ਲੱਤ ਮਾਰੀ। ਗੁਰੂ ਨਾਨਕ ਦੇਵ ਜੀ ਨੂੰ ਦੌਲਤ ਖਾਨ ਲੋਧੀ ਨੇ ਪੁੱਛਿਆ ਕਿ ਤੇਰਾ ਤੇਰਾ ਦਾ ਕੀ ਭਾਵ ਹੈ, ਜੋ ਤੇਰਾ ਕਹਿਣਗੇ ਉਹ ਦਰਗਾਹ ਵਿਚ ਮਾਣ ਪਾਉਣਗੇ, ਜੋ ਮੇਰਾ ਕਹਿਣਗੇ ਉਨ੍ਹਾਂ ਨੂੰ ਫਿਟਕਾਰਾ

ਮਿਲਣਗੀਆਂ।

ਗੁਰੂ ਜੀ ਨੇ ਤਲਵੰਡੀ ਰਹਿ ਕੇ ਸਭ ਤੋਂ ਪਹਿਲਾਂ ਕਿਰਤ ਦੀ ਸਾਂਝ ਦਰਸਾਈ, ਪਸ਼ੂ ਚਾਰੇ, ਕਰਤਾਰਪੁਰ ਰਹਿ ਕੇ ਵਾਹੀ ਕੀਤੀ, ਸਿਫ਼ਤ ਸਲਾਹ ਨਾਲ ਜੁੜਨ ਦੀ ਸਾਂਝ ਪਾਈ।

'ਫੇਰਿ ਆਣ ਵਿਸਾਹਾ ਖਡੂਰ'- ਗੁਰੂ ਨਾਨਕ ਦੇਵ ਜੀ ਇਕ ਨਵੀਂ ਕੌਮ ਸਿਰਜਣੀ ਚਾਹੁੰਦੇ ਸਨ। ਇਸੇ ਕਰਕੇ ਗੁਰੂ ਗੱਦੀ ਸੰਭਾਲਣ ਦੀ ਚੋਣ ਬਹੁਤ ਗੌਰ ਨਾਲ ਕੀਤੀ। ਖਡੂਰ ਪਹੁੰਚ ਕੇ ਗੁਪਤਵਾਸ ਟਿਕਾਣਾ ਬਣਾਇਆ। ਬਾਬਾ ਬੁੱਢਾ ਜੀ ਨੂੰ ਬੇਨਤੀ ਤੇ ਗੁਪਤਵਾਸ ਤਿਆਗ ਕੇ ਗੁਰਗੱਦੀ ਦੀ ਜ਼ੁੰਮੇਵਾਰੀ ਸੰਭਾਲੀ। ਗੁਰੂ ਨਾਨਕ ਜੀ ਦੀ ਬਾਣੀ ਇਕੱਤਰ ਕਰਕੇ ਗੁਰਮੁਖੀ ਅੱਖਰਾਂ ਵਿਚ ਲਿਖਵਾਇਆ ਨਾਲ ਹੀ ਗੁਰਮੁਖੀ ਅੱਖਰਾਂ ਦਾ ਪ੍ਰਚਾਰ, ਬਾਲ ਬੋਧ ਲਿਖ ਕੇ ਕੀਤਾ। ਇਤਿਹਾਸ ਦੀ ਸੰਭਾਲ ਕੀਤੀ। 1540 ਈ: ਵਿਚ ਹੰਮਾਯੂ ਲਾਹੌਰ ਵੱਲ ਜਾਂਦਾ ਹੋਇਆ, ਗੁਰੂ ਜੀ ਦੀ ਅਸੀਸ ਲੈਣ ਲਈ ਰੁਕਿਆ। ਗੁਰੂ ਜੀ ਬਾਲਕਾਂ ਦੀਆਂ ਖੇਡਾਂ ਕਰਵਾ ਰਹੇ ਸਨ, ਧਿਆਨ ਨਾ ਦਿੱਤਾ, ਹਮਾਯੂ ਨੇ ਗੁੱਸੇ ਨਾਲ ਤਲਵਾਰ ਕੱਢ ਲਈ, ਆਖਿਆ ਕਿ ਇਹ ਤਲਵਾਰ ਸ਼ੇਰ ਸ਼ਾਹ ਸੂਰੀ ਵੇਲੇ ਕਿੱਥੇ ਸੀ, ਬਹੁਤ ਸ਼ਰਮਿੰਦਾ ਹੋਇਆ ਤਾਂ ਘੋੜੇ ਤੋਂ ਉਤਰਿਆ ਤੇ ਅਸ਼ੀਰਵਾਦ ਦੇ ਕੇ ਵਿਦਾ ਕੀਤਾ। ਸੱਚ ਅਤੇ ਧਰਮ ਦਾ ਉਪਦੇਸ਼ ਦਿੱਤਾ। ਗੁਰੂ ਜੀ ਸਿਹਤਮੰਦ ਸਮਾਜ ਰਚਨਾ ਚਾਹੁੰਦੇ ਸਨ- Sound mind in a sound body ਧਰਮ ਦੀ ਸਿਖਿਆ ਨਾਲ ਮੱਲ ਅਖਾੜਾ ਸਥਾਪਿਤ ਕੀਤਾ।

1552 ਵਿਚ ਗੁਰੂ ਅੰਗਦ ਦੇਵ ਜੀ ਨੇ ਆਗਿਆਕਾਰੀ, ਸਦਭਾਵਨਾ, ਤਿਆਗ ਆਦਿ ਗੁਣਾ ਨੂੰ ਦੇਖਦੇ ਹੋਏ ਅਮਰਦਾਸ ਜੀ ਨੂੰ ਗੁਰਗੱਦੀ ਦੀ ਜ਼ੁੰਮੇਵਾਰੀ ਸੌਂਪੀ। ਨਾਲ ਸੰਕੇਤ ਦਿੱਤਾ ਕਿ ਗੁਰਗੱਦੀ ਵਿਰਾਸਤ ਨਹੀਂ ਇਹ ਤਾਂ ਕਰਤਾਰ ਦੀ ਬਖਸ਼ਿਸ਼ ਹੈ। ਭਾਈ ਦਾਤੂ ਛੋਟੇ ਪੁੱਤਰ ਗੁਰੂ ਅੰਗਦ ਦੇਵ ਜੀ ਨੇ ਗੁੱਸੇ ਵਿਚ ਆ ਕੇ ਗੁਰੂ ਅਮਰਦਾਸ ਜੀ ਨੂੰ ਲੱਤ ਮਾਰੀ, ਅੱਗੋ ਆਖਿਆ ਕਿ ਮੈਂ ਬਿਰਧ ਹੋਣ ਕਰਕੇ ਮੇਰੇ ਹੱਡ ਕਰੜੇ ਹਨ, ਕਿਤੇ ਸੱਟ ਤਾਂ ਨਹੀਂ ਲੱਗੀ। ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਸੱਚ ਦੀ ਰਹਿਨੁਮਾਈ ਕੀਤੀ। ਗੁਰੂ ਨੇ ਵਹਿਮਾਂ ਭਰਮਾਂ, ਜਾਤ ਪਾਤ, ਛੂਤਛਾਤ, ਸਤੀ ਪ੍ਰਥਾ ਦਾ ਖਾਤਮਾ ਕਰਨ ਵੱਲ ਧਿਆਨ ਦਿੱਤਾ।

ਸੰਗਤ ਦੇ ਨਾਲ ਪੰਗਤ ਨੂੰ ਜ਼ਰੂਰੀ ਬਣਾ ਦਿੱਤਾ। ਇਹ ਭਿਣ-ਭਿਣ, ਬੂ-ਬੂ, ਦੁਰੇ-ਦੁਰੇ, ਹਿੰਦੋਸਤਾਨ ਵਿਚ ਭਰਾਤਰੀ ਭਾਵ ਪੈਦਾ ਨਹੀਂ ਸੀ ਹੋਣ ਦਿੰਦੀ। ਬਾਉਲੀ ਖੁਦਵਾ ਕੇ ਇਕ ਥਾਂ ਪਾਣੀ ਪਿਲਾ ਦਿੱਤਾ, ਇਸ਼ਨਾਨ ਕਰਵਾ ਦਿੱਤਾ। ਇਕ ਪਉੜੀ ਤੇ ਪੈਰ ਰਖਵਾ ਕੇ ਚੁਰਾਸੀ ਕਟਵਾ ਦਿੱਤੀ। ਬਾਉਲੀ ਦਾ ਕੜ ਵਿਸਾਖੀ ਵਾਲੇ ਦਿਨ ਟੁੱਟਾ ਸੀ। ਰੱਜ ਕੇ ਇਸ਼ਨਾਨ ਕੀਤੇ, ਜਲ ਛਕੇ। ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਤੇ ਹੀ ਇਕ ਬਾਟੇ ਵਿਚੋਂ ਅੰਮ੍ਰਿਤ ਛਕਾ ਕੇ ਖਾਲਸਾ ਸਿਰਜਿਆ ਸੀ। ਗੁਰੂ ਅਮਰਦਾਸ ਜੀ ਨੇ ਸਹਿਜ ਤੇ ਅਨੰਦ ਦੀ ਐਸੀ ਮਤ ਦਿੱਤੀ ਕਿ ਬੰਦ-ਬੰਦ ਕਟਵਾ ਕੇ ਵੀ ਸੀ ਨਾ ਕੀਤੀ।

'ਤੇਰਾ ਭਾਣਾ ਮੀਠਾ ਲਾਗੇ' ਉਹਨਾਂ ਦੀ ਪੁੱਤਰੀ ਬੀਬੀ ਭਾਨੀ ਨੇ ਵੀ ਐਸਾ ਕਰ ਵਿਖਾਇਆ।

ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ ਲਈ ਇਲਾਕੇ ਨੂੰ 22 ਹਿੱਸਿਆਂ ਵਿੱਚ ਵੰਡ ਕੀਤੀ। 22 ਮੰਜੀਆਂ ਦਾ ਨਾਂ ਦਿੱਤਾ ਹਰ ਜਾਤ ਵਰਗ ਵਿਚੋਂ ਗੁਰਸਿੱਖ ਮੁਖੀ ਬਣਾਏ। ਅੱਲਾ ਯਾਰ ਪਠਾਣ ਸੀ। ਗੁਰੂ ਜੀ ਨੇ ਇਸਤਰੀਆਂ ਨੂੰ ਪ੍ਰਚਾਰ ਵਾਸਤੇ 52 ਪੀਹੜੇ ਬਖਸ਼ੇ। ਆਪ ਪ੍ਰਚਾਰ ਲਈ ਕੁਰਕੁਸ਼ੇਤਰ, ਹਰਦੁਆਰ ਆਦਿ ਹਿੰਦੂ ਤੀਰਥਾਂ ਤੇ ਗਏ।

ਗੁਰੂ ਸਾਹਿਬ ਸਮਝ ਗਏ ਸਨ ਕਿ ਪੁੱਤਰਾਂ ਬਾਬਾ ਮੋਹਨ ਅਤੇ ਬਾਬਾ ਮੋਹਰੀ ਵਿਚੋਂ ਗੁਰਗੱਦੀ ਦੀਆਂ ਜ਼ੁੰਮੇਵਾਰੀਆਂ ਸੰਭਾਲਣ ਜੋਗੇ ਨਹੀਂ। ਹਰ ਪ੍ਰੀਖਿਆ ਵਿਚ ਸ੍ਰੀ ਗੁਰੂ ਰਾਮਦਾਸ ਜੀ ਯੋਗ ਸਾਬਤ ਹੋਏ। ਸੱਚਖੰਡ ਵਾਪਸੀ ਦਾ ਸਮਾਂ ਆ ਗਿਆ। ਰਾਮਦਾਸ ਜੀ ਅੱਗੇ ਪੰਜ ਪੈਸੇ, ਨਰੇਲ ਰੱਖ ਕੇ ਮੱਥਾ ਟੇਕਿਆ ਤੇ ਬਾਬਾ ਬੁੱਢਾ ਜੀ ਨੇ ਤਿਲਕ ਲਾ ਦਿੱਤਾ ਤੇ ਜਗਾ ਬਦਲਣ ਦਾ ਸੰਕੇਤ ਦਿੱਤਾ। ਪਹਿਲਾਂ ਗੁਰੂ ਅਮਰਦਾਸ ਜੀ ਦੇ ਸੰਕੇਤ ਤੇ ਹੀ 1570 ਵਿਚ ਸੰਤੋਖਸਰ ਗੁਰੂ ਦਾ ਚੱਕ ਦੀ ਮੋਹੜੀ ਗੱਡੀ ਸੀ।

ਤੂੰ ਗੁਰੁ ਪਿਤਾ ਤੂੰ ਹੈ ਗੁਰੁ ਮਾਤਾ॥
ਤੂੰ ਗੁਰੁ ਬੰਧਨ ਮੇਰਾ ਸਖਾ ਸਖਾਇ॥
ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ।
ਨ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨਾ ਪੂਛਤਾ॥
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ
ਜਿਤੁ ਮਿਲੀਐ ਚੂਕੇ ਸਭਿ ਸੋਗਿ ਸੰਤਾਪੇ॥

ਗਾਊੜੀ ਬੈਰਾਗਿਣ ਮਹਲਾ 4

ਪਿਛਲੀ ਰਾਤ ਰਹਿੰਦਿਆ ਹੀ ਸੰਗਤ ਸਮੇਤ ਗੁਰੂ ਕੇ ਚੱਕ ਨੂੰ ਚਾਲੇ ਪਾ ਲਏ। ਭੂਗੋਲਿਕ ਪੱਖ ਤੋਂ ਵੀ ਅਧਿਅਨ ਕਰੀਏ ਤਾਂ ਖਡੂਰ ਸਾਹਿਬ ਅਤੇ ਲਾਹੌਰ ਪਹਿਲਾਂ ਹੀ ਵਸੇ ਹੋਏ ਸਨ ਅਤੇ ਹੋਰ ਵਿਕਸਤ ਹੋ ਰਹੇ ਸਨ। ਇਥੇ ਹੀ ਕੇਂਦਰ ਵਿਚ ਮਹਾਨ ਸਥਾਨ ਦੀ ਜ਼ਰੂਰਤ ਸੀ। ਇਥੇ ਪਹੁੰਚ ਕੇ ਬੜੇ ਅਨੰਦ ਆਇਆ ਤੇ ਪੱਕੇ ਤੌਰ 'ਤੇ ਵਸਣ ਦਾ ਮਨ ਬਣਾ ਲਿਆ। 1578 ਵਿਚ ਤੁੰਗ ਪਿੰਡ ਦੇ ਜ਼ਿਮੀਦਾਰ ਨੂੰ 700 ਅਕਬਰੀ ਰੁਪਏ ਦੇ ਕੇ ਪੰਜ ਸੌ ਥਿੱਘੇ ਦਾ ਪਟਾ ਪ੍ਰਾਪਤ ਕਰਾ ਲਿਆ ਤੇ ਅੰਮ੍ਰਿਤ ਸਰੋਵਰ ਦੀ ਖੁਦਾਈ ਅਰੰਭ ਕਰਵਾ ਦਿੱਤੀ ਤੇ ਇਕ ਕੇਦਰ, ਇਕ ਗੁਰੂ ਇਕ ਸ਼ਬਦ ਤੇ ਜ਼ੋਰ ਦਿੱਤਾ। ਸਿੱਖੀ ਮਾਰਗ ਨੂੰ ਖਿਲਰ ਜਾਣ ਤੋਂ ਬਚਾਇਆ।

'ਬੈਠਾ ਸੋਢੀ ਪਾਤਸ਼ਾਹ ਰਾਮਦਾਸ ਸਤਿਗੁਰ ਕਹਾਵੈ॥'

ਬਾਬਾ ਸ੍ਰੀ ਚੰਦ ਜੀ ਜਦੋਂ ਉਥੇ ਆਏ ਤਾਂ ਮੁਲਾਕਾਤ ਸਮੇਂ ਨਿਮਰਤਾ ਸਹਿਤ

ਆਪਦਾ ਮਾਣ ਕੀਤਾ, ਸ੍ਰੀ ਚੰਦ ਜੀ ਸਿੱਖੀ ਵੱਲ ਨੂੰ ਖਿੱਚੇ ਗਏ, ਸਿੱਖੀ ਮਹਿਮਾ ਗਾਉਣੀ ਆਰੰਭ ਕੀਤੀ। ਗੁਰੂ ਰਾਮਦਾਸ ਜੀ ਗ੍ਰਿਹਸਤ ਵਿਚ ਰਹਿ ਕੇ ਧਰਮ ਨਿਭਾਉਣ ਦੇ ਗੁਰ ਦੱਸੇ। ਸਿੱਖੀ ਵਿਚ 'ਗ੍ਰਿਹਿ ਉਦਾਸੀ' ਦੀ ਮੂਰਤ ਬਣ ਗਏ।

'ਵਿਚੇ ਗ੍ਰਿਹ ਸਦਾ ਰਹੇ ਉਦਾਸੀ ਜਿਉ ਕਮਲ ਰਹੇ ਸੰਗ ਪਾਣੀ ਹੈ'

ਗੁਰੂ ਅਮਰਦਾਸ ਜੀ ਹੁਕਮ ਕਰ ਗਏ ਸਨ, ਅਗਾਂਹ ਜ਼ੁੰਮੇਵਾਰੀਆਂ ਵੀ ਰਾਮਦਾਸ ਜੀ ਦੀ ਬੰਸ ਜਾ ਅੰਸ ਹੀ ਨਿਭਾਉਣਗੇ। ਗੁਰੂ ਰਾਮਦਾਸ ਜੀ ਨੇ ਸਭ ਗੁਣਾਂ ਨੂੰ ਵਿਚਾਰ ਕੇ ਤੇ ਸਨਮੁਖ ਸਿੱਖਾਂ ਦੀ ਸਲਾਹ ਨਾਲ ਗੁਰੂ ਗੱਦੀ ਦੀ ਜ਼ੁੰਮੇਵਾਰੀ ਅਰਜਨ ਦੇਵ ਜੀ ਨਿਭਾਉਣਗੇ। ਬਚਪਨ ਵਿਚ ਹੀ ਗੁਰੂ ਅਮਰਦਾਸ ਜੀ ਨੇ ਕਿਹਾ ਸੀ। 'ਦੋਹਿਤਾ ਬਾਣੀ ਦਾ ਬੋਹਿਥਾ' ਪ੍ਰਿਥੀ ਬਹੁਤ ਨਰਾਜ਼ ਹੋਇਆ–

ਕਾਹੇ ਪੂਤਰ ਝਗਰਤ ਹਉ ਸੰਗਿ ਬਾਪ।
ਜਿਨ ਕੇ ਜਣੇ ਬਡੀਕੇ ਤੁਮ ਹਉ ਤਿਨ ਸਿਉ ਝਗਰਤ ਪਾਪ॥ ਰਹਾਉ॥
ਜਿਸ ਧਨ ਕਾ ਤੁਮ ਗਰਬੁ ਕਰਤ ਹਉ ਸੋਧਨ ਕਿਸਹਿਨ ਆਪ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੇ ਪਛੁਤਾਪ॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰ ਤਿਨ ਕੋ ਜਾਪਹੁ ਕੁ ਜਾਪ॥
ਉਪਦੇਸ ਕਰਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ॥

ਗੁਰੂ ਅਰਜਨ ਦੇਵ ਜੀ ਨੇ ਕੌਮ ਦੀ ਉਸਾਰੀ ਦੇ ਮਹਲ ਵਿਚ ਜ਼ਰੂਰੀ ਤੇ ਢੁਕਵੀਆਂ ਇੱਟਾਂ ਲਗਾਈਆਂ। ਸ੍ਰੀ ਹਰਮੰਦਰ ਸਾਹਿਬ ਤੇ ਦਰਬਾਰ ਸਾਹਿਬ ਤਰਨਤਾਰਨ ਸਾਹਿਬ ਦੇ ਉਸਰ ਜਾਣ ਨਾਲ ਸਿੱਖੀ ਦੀ ਰੀੜ੍ਹ ਦੀ ਹੱਡੀ ਮਜਬੂਤ ਹੋਈ। ਮਾਝਾ, ਮਾਲਵਾ, ਦੁਆਬਾ ਤਿੰਨੇ ਖਿੱਤੇ ਹਰਮੰਦਰ ਸਾਹਿਬ ਵੱਲ ਖਿੱਚੇ ਗਏ। ਗੁਰੂ ਗਰੰਥ ਸਾਹਿਬ ਦੀ ਬੀੜ ਬੰਨਣ ਨਾਲ 'ਸਰਬ ਸਾਂਝੀ ਕੋ' ਹਰ ਹਿਰਦੇ, ਦਿਲ ਸੋਚ ਵਿਚ ਪਰਵੇਸ਼ ਕਰ ਗਈ। ਸਿੱਖੀ ਪਾਸ ਸਤ ਸਦੀਆਂ ਦੇ ਭਗਤਾਂ ਦਾ ਤਜ਼ਰਬਾ ਆ ਗਿਆ, ਸਿੱਖਾਂ ਦਾ ਜੀਵਨ ਸੰਜਮੀ ਹੋ ਗਿਆ, ਮਰਿਯਾਦਾ ਦੇ ਧਾਰਨੀ ਹੋ ਗਏ। ਮੰਜੀਆਂ ਤੇ ਪੀਹੜਿਆਂ ਨੇ ਗੁਰੂ ਆਸ਼ੇ ਨੂੰ ਘਰ ਘਰ ਤਕ ਪਹੁੰਚਾਇਆ, ਮਸੰਦ ਭੇਂਟਾ ਇਕੱਠੀਆਂ ਕਰਕੇ ਗੁਰੂ ਕੋਲ ਪਹੁੰਚਾਉਂਦੇ, ਗੁਰੂ ਘਰ ਦੀ ਵਡਿਆਈ ਹਿੰਦੋਸਤਾਨ ਦੇ ਹਰ ਸ਼ਹਿਰ ਵਿਚ ਪਰਤੱਖ ਦਿਸਣ ਲੱਗੀ। ਲੋਕਾਂ ਦਾ ਇਕੱਠ ਦੇਖ, ਇਕ ਥਾਂ ਇਕੱਠਾ ਹੋਣ ਤੇ ਨਿਜ਼ਾਮ ਘਬਰਾ ਗਿਆ। ਮੁਸਲਮਾਨ ਵੀ ਗੁਰੂ ਘਰ ਦੇ ਸ਼ਰਧਾਲੂ ਬਣਦੇ ਜਾ ਰਹੇ ਸਨ। ਮੁਸਲਮਾਨ ਕੱਟੜਪੰਥੀਆਂ ਨੂੰ ਇਹ ਗੱਲ ਚੁੰਭਦੀ ਸੀ। ਤਿੰਨ ਚਾਰ ਪੀੜੀਆਂ ਤੋਂ ਭੋਲੇ ਭਾਲੇ ਹਿੰਦੂ, ਮੁਸਲਮਾਨ ਇਹਨਾਂ ਦੀ ਰਹਿਣੀ-ਬਹਿਣੀ ਤੋਂ ਪ੍ਰਭਾਵਿਤ ਹੋ ਕੇ ਗੁਰੂ ਕਹਿੰਦੇ ਸਨ। ਆਪਦੀ ਆਸਥਾ, ਸ਼ਰਧਾ ਵਿਚ ਵਿਸ਼ਵਾਸ ਪ੍ਰਗਟ ਕਰਦੇ ਸਨ।

ਉਸ ਸਮੇਂ ਦੇ ਕੱਟੜ ਮੁਸਲਮਾਨ ਆਗੂ ਦੋ ਸਨ–

ਸ਼ੇਖ ਅਹਿਮਦੀ ਸਰਹੱਦੀ (ਸਰਹੰਦ ਵਾਲੇ) ਇਸਲਾਮ ਦੇ ਰਖਵਾਲੇ।

ਸ਼ੇਖ ਅਹਿਮਦ ਬੁਖਾਰੀ (ਬੁਖਾਰ ਵਾਲੇ)

ਉਹ ਅਕਬਰ ਦੀ ਦੀਨ ਇਲਾਹੀ (Religious liberalism) ਦੀ ਨੀਤੀ ਦੇ ਕੱਟੜ ਵਿਰੋਧੀ ਸਨ। ਉਹ ਰਾਜਨੀਤਕ ਸਤਾ ਇਹੋ ਜਿਹੇ ਕੱਟੜ ਮੁਸਲਮਾਨ ਨੂੰ ਦਿਵਾਉਣਾ ਚਾਹੁੰਦੇ ਸਨ ਜੋ ਇਸਲਾਮ ਬਾਰੇ ਕੱਟੜ ਨੀਤੀ ਅਪਣਾਏ। ਉਧਰ ਜਹਾਗੀਰ ਨੇ ਆਪਣੇ ਬਾਪ ਅਕਬਰ ਦੇ ਵਿਰੁੱਧ ਬਗਾਵਤ ਕਰ ਦਿੱਤੀ ਸੀ। ਕਿਉਂਕਿ ਅਕਬਰ ਦਾ ਰੁਝਾਨ ਆਪਣੇ ਪੋਤਰੇ ਖੁਸਰੋ ਵੱਲ ਸੀ। ਉਹ ਅਕਬਰ ਦੀਆਂ ਨਜ਼ਰਾਂ ਵਿਚ ਉਸਦਾ ਵਾਰਸ ਹੋ ਸਕਦਾ। ਉਹ ਇਨ੍ਹਾਂ ਦਿਨਾਂ ਵਿਚ ਅੰਮ੍ਰਿਤਸਰ ਵੱਲ ਦੀ ਲੰਘਿਆ ਤੇ ਗੁਰੂ ਸਾਹਿਬ ਨੇ ਅਸ਼ੀਰਬਾਦ ਦਿੱਤਾ ਸੀ।

ਜਹਾਗੀਰ 'ਸਲੀਮ' ਇਕ ਅਯਾਸ਼ੀ ਬੰਦਾ ਸੀ। ਸ਼ਰਾਬ ਅਤੇ ਵੇਸਵਾਗਿਰੀ ਦਾ ਸ਼ੌਕੀਨ ਸੀ। ਇਥੋਂ ਤਕ ਆਪਣੀ ਪੁਰਾਣੀ ਪ੍ਰੇਮਿਕਾ ਨੂਰਜਹਾਂ ਨੂੰ ਪ੍ਰਾਪਤ ਕਰਨ ਲਈ ਉਸਦੇ ਪਤੀ ਸ਼ੇਰਖਾਨ ਦੀ ਹੱਤਿਆ ਕਰਵਾ ਦਿੱਤੀ ਸੀ। ਭਾਵੇਂ ਆਪ ਕੱਟੜ ਨਹੀਂ ਸੀ ਪਰ ਸਤਾ ਪ੍ਰਾਪਤ ਕਰਨ ਲਈ ਉਸਨੂੰ ਕੱਟੜ ਮੁਸਲਮਾਨਾਂ ਦੀ ਹਿਮਾਇਤ ਦੀ ਲੋੜ ਸੀ ਤਾਂ ਕਿ ਅਕਬਰ ਵਿਰੁੱਧ ਕੀਤੀ ਹੋਈ ਬਗਾਵਤ ਨੂੰ ਠੀਕ ਸਿੱਧ ਕਰੇ।

1591 ਵਿਚ ਉਸ ਨੇ ਅਕਬਰ ਨੂੰ ਜ਼ਹਿਰ ਦੇ ਕੇ ਮਾਰਨ ਦੀ ਕੋਸ਼ਿਸ਼ ਕੀਤੀ। ਅਕਬਰ ਬਚ ਗਿਆ ਪਰ 1602 ਵਿਚ ਅਬੁਲ ਫਾਜਲ ਜਿਹੜਾ ਕਿ ਅਕਬਰ ਦਾ ਭਰੋਸੇਮੰਦ ਮੰਤਰੀ ਸੀ ਮਰਵਾ ਦਿੱਤਾ ਗਿਆ। ਜਿਹੜਾ ਕਿ ਉਸਦੀ ਉਦਾਰਵਾਦੀ ਧਾਰਮਕ ਨੀਤੀ (ਦੀਨ ਇਲਾਹੀ) ਦਾ ਸਮਰਥਕ ਸੀ।

ਆਖਰਕਾਰ ਅਕਬਰ ਤੋਂ ਬਾਦ ਜਹਾਗੀਰ ਰਾਜਾ ਬਣ ਗਿਆ। ਜਹਾਗੀਰ ਨੇ ਮੁਰਤਾਜਾ ਖਾਨ ਗਵਰਨਰ ਲਾਹੌਰ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਗ੍ਰਿਫ਼ਤਾਰ ਕਰੋ। ਉਸਦੀ ਜਾਇਦਾਦ ਜਬਤ ਕਰੋ, ਤਸੀਹੇ ਦੇ ਕੇ ਮਾਰੋ, ਇਹ ਕੂੜ ਦੀ ਦੁਕਾਨ ਨੂੰ ਬੰਦ ਕਰੋ।

ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਸ਼ਹਾਦਤ ਨਾਲ ਹਿਰਦਾ ਵਲੂੰਧਰਿਆ ਗਿਆ, ਕੌਮ ਨੇ ਕਮਰ ਕਸਾ ਕਰ ਲਿਆ। ਹਰਗੋਬਿੰਦ ਜੀ ਦੇ ਰੂਪ ਵਿਚ ਤਲਵਾਰ ਆ ਗਈ ਸ਼ਬਦ ਦੀ ਪ੍ਰੀਤ ਕਰ ਪੀਰ ਦੀ ਪੀਰੀ ਖਿਚ ਲਈ, ਸ਼ਸਤਰਾਂ ਦੀ ਭਗਤੀ ਕਰ ਮੀਰ ਦੀ ਮੀਰੀ-

ਸ਼ਹਾਦਤ ਦੇ ਕੇ ਗੁਰੂ ਜੀ ਨੇ ਸੰਗਤ, ਪੰਗਤ ਤੇ ਬਾਣੀ ਨੂੰ ਕੋਈ ਆਂਚ ਨਾ ਆਉਣ ਦਿੱਤੀ, ਤੱਤੀਆਂ ਤਵੀਆਂ, ਦੇਗਾਂ ਵਿਚ ਉਬਾਲਿਆ, ਗਰਮ ਰੇਤਾ ਨਾਲ ਸਿੱਖੀ ਸੜਕੇ ਨਹੀਂ ਸਗੋਂ ਪੱਕ ਕੇ ਬਾਹਰ ਆਈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਚਾਰ ਨੂੰ ਪ੍ਰਤੱਖ ਕਰ ਦਿਖਾਇਆ।

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰ ਧਰ ਤਲੀ ਗਲੀ ਮੇਰੀ ਆਉ।

ਇਤ ਮਾਰਗਿ ਪੈਰੁ ਧਰੀਜੈ,
ਸਿਰ ਦੀਜੈ ਕਾਣਿ ਨ ਕੀਜੈ।

(ਸ੍ਰੀ ਗੁਰੂ ਗਰੰਥ ਸਾਹਿਬ ਜੀ, ਅੰਗ 1412)

ਗੁਰੂ ਹਰਗੋਬਿੰਦ ਜੀ ਨੇ ਤਖ਼ਤ 'ਤੇ ਬੈਠਦਿਆਂ ਹੀ ਦੋ ਤਲਵਾਰਾਂ ਪਹਿਨੀਆਂ ਤੇ ਆਖਿਆ, ਅੱਜ ਤੋਂ ਮੇਰੀ ਭੇਟਾ ਚੰਗਾ ਸ਼ਾਸ਼ਤਰ ਤੇ ਚੰਗੀ ਜੁਆਨੀ ਹੈ। ਮੇਰੀ ਖੁਸ਼ੀ ਲੈਣੀ ਹੈ ਤਾਂ ਕਸਰਤਾਂ ਕਰੋ, ਕੰਮਜ਼ੋਰੀ ਇਕ ਕੌਮੀ ਗੁਨਾਹ ਹੈ।

ਲੋਕਾਂ ਜੁਆਨੀਆਂ ਭੇਂਟ ਕੀਤੀਆਂ, ਸ਼ਸਤਰ ਧਾਰੀ ਖਾਲਸਾ ਜਥੇਬੰਦ ਹੋ ਗਿਆ। ਮਰਜੀਵੜਿਆਂ ਦੀ ਫ਼ੌਜ ਬਣ ਗਈ, ਝੰਡੇ, ਕਿਲੇ ਤੇ ਤਖ਼ਤ ਨੇ ਕੌਮ ਦਾ ਉਤਸ਼ਾਹ ਭਰ ਦਿੱਤਾ। ਅਕਾਲ ਤਖ਼ਤ ਬਣਾਉਣ ਵੇਲੇ ਗੁਰੂ ਹਰਗੋਬਿੰਦ ਜੀ ਇੰਨਾ ਧਿਆਨ ਦਿੱਤਾ ਕਿ ਕਿਸੇ ਮਿਸਤਰੀ ਦਾ ਹੱਥ ਨਾ ਲੱਗੇ, ਉਹ ਆਪ ਗਾਰਾ ਲਿਆਉਂਦੇ, ਭਾਈ ਗੁਰਦਾਸ ਇੱਟਾਂ ਫੜਾਉਂਦੇ, ਬਾਬਾ ਬੁੱਢਾ ਜੀ ਉਸਾਰੀ ਕਰਦੇ

ਕਿਸੀ ਰਾਜ ਨਹਿ ਹਾਥ ਲਗਾਇਓ
ਬੁਢਾ ਔ ਗੁਰਦਾਸ ਬਣਾਇਓ

ਮੀਰੀ ਪੀਰੀ ਦੇ ਮਾਲਕ ਗੁਰੂ ਹਰਗੋਬਿੰਦ ਜੀ ਨੇ ਕੋਈ ਜੰਗ ਜਰ, ਜੋਰੂ ਜਾਂ ਜ਼ਮੀਨ ਲਈ ਨਹੀਂ ਲੜੀ, ਕੋਈ ਮਲ ਨਹੀਂ ਮਾਰੀ। ਲੋਕਾਂ ਵਿਚ ਅਣਖ, ਗੈਰਤ ਦੀ ਭਾਵਨਾ ਪੈਦਾ ਹੋਈ। ਜਦੋਂ ਕਰਤਾਰਪੁਰ ਦੀ ਜੰਗ ਵਿਚ ਤਿਆਗ ਮੱਲ ਨੇ ਤੇਗ ਵਹਾਈ ਤਾਂ ਤੇਗ ਬਹਾਦਰ ਬਣ ਗਿਆ। ਜੰਗ ਜਿੱਤ ਕੇ (ਪੈਂਦੇ ਥਾਂ) ਚਰਨੀ ਪੈ ਗਿਆ ਜਦੋਂ ਫਗਵਾੜ ਪਹੁੰਚੇ ਤਾਂ ਮੁਗਲ ਹਕੂਮਤ ਦਾ ਇੰਨਾ ਡਰ ਸੀ ਕਿ ਕੋਈ ਬਿਠਾਉਣ ਦਾ ਹੌਸਲਾ ਨਹੀਂ ਸੀ ਕਰਦਾ। ਉੱਪਰੋਂ ਉੱਪਰੀ ਹੀ ਕਹੀ ਜਾਂਦੇ ਸਨ। (ਫਗੂ ਦਾ ਵਾੜਾ) 'ਫਗਵਾੜਾ ਉਪਰੋਂ ਮਿੱਠਾ ਵਿਚੋਂ ਖਾਰਾ' ਬਾਹਰ ਇਕਾਂਤ ਵਿਚ ਜਾ ਕੇ ਸੁਖਚੈਨ ਲਿਆ। ਸਿੱਖੀ ਪਰਚਾਰ ਦੇ ਕੰਮ ਨੂੰ ਵੀ ਢਿੱਲਾ ਨਹੀਂ ਪੈਣ ਦਿੱਤਾ। ਆਪਣੇ ਵੱਡੇ ਪੁੱਤਰ ਬਾਬਾ ਗੁਰਦਿਤਾ ਨੂੰ ਉਚੇਚੇ ਤੌਰ 'ਤੇ ਇਸ ਪਾਸੇ ਪਾਇਆ ਉਨ੍ਹਾਂ ਚਾਰ ਧੂਣੀਆਂ ਕਾਇਮ ਕੀਤੀਆਂ ਜਿਸ ਸਦਕਾ ਸਿੱਖੀ ਕਸ਼ਮੀਰ ਤੋਂ ਕੇਰਲ, ਦੁਆਰਕਾ, ਅਸਾਮ ਤਕ ਧੂਣੀ ਧੁਖਦੀ, ਜੋਤ ਜਗਦੀ ਰਹੀ। ਢਾਕਾ 'ਗੁਰੂ ਕ੍ਰਾ ਕੋਠਾ' ਤਾਂ ਪਟਨਾ 'ਗੁਰੂ ਕਾ ਘਰ'

ਗੁਰੂ ਹਰਿ ਰਾਇ ਜੀ ਨੇ ਸਿੱਖੀ ਦੇ ਬੂਟੇ ਦੀ ਰੱਖਿਆ ਬੜੀ ਸੰਭਾਲ ਕੇ ਕੀਤੀ। ਔਰੰਗਜ਼ੇਬ ਦੀ ਚੜ੍ਹਤ ਸਮੇਂ, ਸਿੱਖੀ ਦੇ ਜਹਾਜ਼ ਨੂੰ ਰੁੜਨ ਤੋਂ ਬੜੀ ਦ੍ਰਿੜ੍ਹਤਾ ਨਾਲ ਬਚਾ ਲਿਆ। ਸਿੱਖੀ ਦੇ ਮੁਢਲੇ ਅਸੂਲਾਂ ਲਈ ਪੂਰਨੇ ਪਾਏ 2200 ਘੋੜਸਵਾਰ ਸਦਾ ਤਿਆਰ ਬਰ ਤਿਆਰ ਕਹਿੰਦੇ। ਦਾਰਾ ਸਿਕੋਹ ਸ਼ਰਨ ਵਿਚ ਆਇਆ ਤਾਂ ਮਦਦ ਕੀਤੀ। ਗੁਰੂ ਨਾਨਕ ਦੇ ਘਰ ਦਾ ਪਹਿਲਾ ਨਿਯਮ ਸੀ। ਉਨ੍ਹਾਂ ਦੀ ਬਖਸ਼ਿਸ਼ ਨਾਲ ਮਾਲਵੇ (ਲੱਖੀ ਜੰਗਲ) ਦੇ ਇਲਾਕੇ ਵਿਚ ਸਿੱਖੀ ਮਜ਼ਬੂਤ ਹੋਈ। ਗੁਰੂ ਗੋਬਿੰਦ ਸਿੰਘ ਜੀ ਦਾ ਲੱਖੀ ਜੰਗਲ ਦੇ ਇਲਾਕੇ ਦੇ ਮਾਣ, ਗੁਰੂ ਹਰਿ ਰਾਇ ਜੀ ਦੀ ਦੇਣ ਸੀ।

ਔਰੰਗਜ਼ੇਬ ਕੱਟੜ ਸੁਰਈ ਮੁਸਲਮਾਨ ਸੀ। ਸਭ ਨੂੰ ਮੁਸਲਮਾਨ ਬਣਾਉਣਾ

ਚਾਹੁੰਦਾ ਸੀ। ਗੁਰੂ ਰਾਇ ਜੀ ਨੂੰ ਲਿਖ ਕੇ ਭੇਜਿਆ ਕਿ ਆਪਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਨਾਂਹ ਕਰ ਦਿੱਤੀ, ਮੁਖੀ ਸਿੱਖਾਂ ਨਾਲ ਸਲਾਹ ਕਰਕੇ ਵੱਡੇ ਪੁੱਤਰ ਰਾਮ ਰਾਇ ਨੂੰ ਆਖਿਆ ਕਿ ਗੁਰੂ ਨਾਨਕ ਦੇਵ ਜੀ ਆਸ਼ੇ ਉਪਦੇਸ਼ ਦੇ ਉਲਟ ਕੁਝ ਨਾ ਕਰਨ। ਰਾਮ ਰਾਇ ਜੀ ਦੀ ਬੜੀ ਸੇਵਾ ਕੀਤੀ ਤੇ ਵਿਸ਼ਵਾਸ਼ ਵਿਚ ਲੈ ਕੇ ਪੁੱਛਿਆ। ਤੁਹਾਡੇ ਗ੍ਰੰਥ ਵਿੱਚ ਇਹ ਕਿਉਂ ਲਿਖਿਆ।

ਮਿਟੀ ਮੁਸਲਮਾਨ ਕੀ ਪੇੜੈ ਪੋਈ ਕੁਮਿਆਰ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥

ਰਾਮ ਰਾਇ ਰੋਹਬ ਵਿਚ ਆ ਗਿਆ ਤੇ ਥਿੜਕ ਗਿਆ। ਗੁਰੂ ਹਰਿ ਰਾਇ ਜੀ ਨੂੰ ਪਤਾ ਲੱਗਾ ਤੇ ਕਹਿ ਦਿੱਤਾ ਮੱਥੇ ਨਾ ਲੱਗੇ, ਕਹਿਣੀ ਤੇ ਕਥਨੀ ਵਿਚ ਇਕ ਸੀ।

ਫਿਰ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰ ਗੱਦੀ ਬਖਸ਼ ਕੇ ਗੁਰੂ ਹਰਿ ਰਾਏ ਜੀ ਨੇ ਇਹ ਵੀ ਪਰਗਟ ਕਰ ਦਿੱਤਾ ਕਿ ਕਿਸੇ ਖੁਸ਼ਾਮਈ ਡਰਪੋਕ ਦੀ ਸਿੱਖ ਦੇ ਘਰ ਵਿਚ ਥਾਂ ਨਹੀਂ। ਮੇਰੇ ਗੁਰੂ ਹਰਿਕ੍ਰਿਸ਼ਨ ਜੀ ਨੇ ਦ੍ਰਿੜਤਾ ਦੀ ਹੱਦ ਦੱਸੀ। ਔਰੰਗਜ਼ੇਬ ਦੇ ਸਾਹਮਣੇ ਦਿੱਲੀ ਵਿਚ ਦਰਬਾਰ ਲਗਾ ਕੇ ਸਿੱਖਾਂ ਨੂੰ ਵਿਸ਼ਵਾਸ਼ ਕਰਾ ਦਿੱਤਾ ਕਿ ਜੋਤ ਵਿਚ ਹੀ ਸਾਰੀ ਸ਼ਕਤੀ ਹੈ, ਸਰੀਰ ਜਾਂ ਭੌਤਿਕ ਬਲ ਦੀ ਨਹੀਂ, ਉਹ ਜੋਤ 6 ਸਾਲ ਦੇ ਗੁਰੂ ਵਿਚ ਆ ਕੇ ਅਟੱਲ ਤੇ ਅਡੋਲ ਰਹਿੰਦੀ ਹੈ। ਦਿੱਲੀ ਜਾਂਦੇ ਰਾਹ ਵਿਚ ਹੰਕਾਰਿਆ ਬ੍ਰਾਹਮਣ ਲਾਲ ਚੰਦ ਮਿਲਿਆ ਤੇ ਆਖਿਆ ਗੀਤਾ ਜੀ ਦੇ ਅਰਥ ਕਰਕੇ ਦਿਖਾਉ ਅਸੀਂ ਤਾਂ ਰੱਬ ਦੇ ਸੇਵਕ ਹਾਂ। ਹੋਰ ਕਈ ਪ੍ਰਾਣੀ ਅਰਥ ਕਰ ਸਕਦਾ ਹੈ। ਛੱਜੂ ਮੂਰਖ ਦੇ ਸਿਰ ਤੇ ਸੋਟੀ ਰੱਖ ਦਿੱਤੀ ਤੇ ਆਖਿਆ ਤੂੰ ਹੁਣ ਧਾਰਮਿਕ ਵਿਦਵਾਨ ਬਣ ਗਿਆ। ਸ਼ਾਸ਼ਤਰਾਂ ਦੇ ਅਰਥ ਕਰ- ਉਹ ਅਰਥ ਕਰੀ ਗਿਆ, ਲਾਲ ਚੰਦ ਦਾ ਹੰਕਾਰ ਟੁੱਟ ਗਿਆ, ਚਰਨੀ ਪੈ ਗਿਆ।

ਔਰੰਗਜ਼ੇਬ ਨੇ ਕਈ ਪੱਖਾਂ ਤੋਂ ਪਰਖ ਕਰਨ ਤੋਂ ਬਾਅਦ ਰਾਮ ਰਾਇ ਨੂੰ ਆਖਿਆ ਕਿ ਹਕੂਮਤ ਕਿਸੇ ਨੂੰ ਗੁਰਆਈ ਨਹੀਂ ਦਿਵਾ ਸਕਦੀ, ਬਦਲਣਾ ਸਾਡੇ ਵੱਸ ਦੀ ਗੱਲ ਨਹੀਂ। 30 ਮਾਰਚ, 1664 ਗੁਰੂ ਹਰਿ ਕ੍ਰਿਸ਼ਨ ਜੀ ਜਦੋਂ ਸਖ਼ਤ ਬਿਮਾਰ ਹੋ ਗਏ ਤਾਂ ਆਖਿਆ ਵਾਹਿਗੁਰੂ ਦਾ ਭਾਣਾ ਸੱਤ ਕਰਕੇ ਮੰਨਣਾ ਸਿੱਖੀ ਦਾ ਬੂਟਾ ਸਦਾ ਹਰਾ ਰਹੇਗਾ ਸਹਿ ਸੁਭਾ ਬੋਲੇ 'ਬਾਬੇ ਬਕਾਲੇ' ਸਿਰ ਝੁਕਾ ਦਿੱਤਾ।

ਦੰਭੀਆਂ ਨੇ 'ਬਾਬਾ ਬਕਾਲਾ' ਸ਼ਬਦ ਦਾ ਲਾਭ ਉਠਾਉਂਦੇ ਹੋਏ ਕਈ ਦਾਅਵੇਦਾਰ ਬਣ ਗਏ। 22 ਮੰਜੀਆਂ ਲੱਗ ਗਈ, ਕਰਤਾਰਪੁਰ ਧੀਰਮਲ ਕੋਲ ਆਦਿ ਗ੍ਰੰਥ ਸੀ ਧੀਰਮਲ ਕਿਹਾ ਗੁਰਿਆਈ ਹੈ ਅਸਾਡੀ।

ਹਰਕ੍ਰਿਸ਼ਨ ਜੋ ਕਿਹਾ, ਬਾਬੇ ਬਕਾਲੇ।
ਅਸੀਂ ਬਾਬੇ ਹਾਂ ਆਦੀ ਬਾਬੇ ਗੁਰਦਿੱਤੇ ਦੀ ਔਲਾਦ।
ਤੇਗ ਬਹਾਦਰ ਪੰਜਵੀਂ ਜਗਾ, ਅਸੀਂ ਬਾਬੇ ਹਾਂ ਆਦੀ।

ਮੱਖਣ ਸ਼ਾਹ ਲੁਬਾਣਾ ਦੇ ਪੁੱਜਣ ਨਾਲ ਦੁਬਿਧਾ ਦੂਰ ਹੋ ਗਈ, ਜਦੋਂ ਮੱਖਣ ਸ਼ਾਹ

ਨੇ ਬਾਕੀਆਂ ਮੰਜੀਆਂ ਵਾਂਗ ਦੋ ਮੋਹਰਾਂ ਰੱਖੀਆਂ ਤਾਂ ਨੌਵੇਂ ਪਾਤਸ਼ਾਹ ਬੋਲੇ-

'ਕਿਓਂ ਨਹਿ ਦੇਤ ਸੁ ਕਿਆ ਮਨ ਹੇਰੀ'

ਮੱਖਣ ਸ਼ਾਹ ਪਲੂ ਫੇਰ ਕੇ ਕਿਹਾ 'ਗੁਰ ਲਾਧੋ ਰੇ, ਗੁਰੂ ਲਾਧੋ ਰੇ' ਧੀਰਮਲ ਨੂੰ ਇਤਨਾ ਗੁੱਸਾ ਆਇਆ ਤੇ ਸ਼ੀਰੇ ਮਸੰਦ ਕੋਲੋਂ ਬੰਦੂਕ ਖੋਹ ਕੇ ਗੋਲੀ ਦਾ ਵਾਰ ਕਰ ਦਿੱਤਾ, ਸਿੱਖਾਂ ਨੂੰ ਜਦ ਪਤਾ ਲੱਗਾ ਤਾਂ ਉਨ੍ਹਾਂ ਨੇ ਧੀਰਮਲ ਦਾ ਸਾਰਾ ਸਮਾਨ ਆਦਿ ਗ੍ਰੰਥ ਦੀ ਬੀੜ ਆਪਣੇ ਕਬਜ਼ੇ ਵਿਚ ਕਰ ਲਈ।

ਗੁਰੂ ਤੇਗ ਬਹਾਦਰ ਜੀ ਨੂੰ ਜਦੋਂ ਪਤਾ ਲੱਗਾ ਮਾਲ ਮੱਤਾ ਤੇ ਬੀੜ ਮੋੜਨ ਲਈ ਕਿਹਾ। ਅੰਮ੍ਰਿਤਸਰ ਸਾਹਿਬ ਪੁੱਜੇ ਤਾਂ ਹਰਮੰਦਰ ਦੇ ਪ੍ਰਬੰਧਕਾਂ ਨੂੰ ਤ੍ਰਿਸ਼ਨਾ ਵਿਚ ਸੜਦੇ ਦੇਖ ਬਾਹਰੋ ਹੀ (ਥੜਾ ਸਾਹਿਬ) ਤੋਂ ਨਮਸਕਾਰ ਕਰਕੇ ਬੱਲਾ ਪਿੰਡ ਚਲੇ ਗਏ। ਜਦੋਂ ਕੀਰਤਪੁਰ ਪੁੱਜੇ ਤੇ ਵੱਡਾ ਭਰਾ ਸੂਰਜਮੱਲ ਦੀ ਤਪਸ਼ ਅਤੇ ਈਰਖਾ ਦੇਖ ਕੇ ਨਿਵੇਕਲੀ ਥਾਂ ਮਾਖੋਵਾਲ ਦੀਆਂ ਪਹਾੜੀਆਂ ਵਿਚ ਚੱਕ ਨਾਨਕੀ 1665 ਵਿਚ ਵਸਾਇਆ। ਲੋਕਾਂ ਦਾ ਦਰਦ ਵੰਡਾਉਣ ਲਈ ਮਾਤਾ ਗੁਜਰੀ ਸਮੇਤ ਪੂਰਬ ਵੱਲ ਚਲੇ ਗਏ। ਔਰੰਗਜ਼ੇਬ ਇਧਰ ਕੁਹਰਾਮ ਮਚਾਇਆ ਹੋਇਆ ਸੀ।

ਅਲਾਹਾਬਾਦ ਪੁੱਜੇ ਤਾਂ ਆਪਣੀ ਸ਼ਾਦੀ ਨੂੰ 27 ਸਾਲ ਹੋ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਬਚਿੱਤਰ ਨਾਟਕ ਵਿਚ ਲਿਖਿਆ ਕਿ ਮਾਤਾ ਪਿਤਾ ਨੇ ਇਕ ਪ੍ਰਭੂ ਨੂੰ ਯਾਦ ਕੀਤਾ। ਵਾਹਿਗੁਰੂ ਨੇ ਪ੍ਰਸੰਨ ਹੋ ਕੇ ਮੈਨੂੰ ਹੁਕਮ ਹੈ ਕਿ ਉਨ੍ਹਾਂ ਨੇ ਗ੍ਰਹਿ ਪ੍ਰਕਾਸ਼ ਲਵਾ ਈ. 1666

ਤਹੀ ਪ੍ਰਕਾਸ਼ ਹਮਾਰਾ ਭਯੋ
ਪਟਨਾ ਸ਼ਹਿਰ ਬਿਖੈ ਭਵ ਲਯੋ

ਅਲਾਹਾਬਾਦ ਤੋਂ ਪਟਨਾ, ਭਾਗਲਪੁਰ, ਸਾਹਿਬ ਗੰਜ ਗੋਪਾਲਪੁਰ ਢਾਕਾ ਪੁੱਜੇ। ਢਾਕੇ ਤੋਂ ਕਲਕਤਾ, ਕਟਕ ਤੇ ਪੁਰੀ ਹੁੰਦੇ ਹੋਏ ਪੰਜਾਬ ਪੁੱਜੇ ਕਿਉਂਕਿ ਔਰੰਗਜੇਬ ਆਗਰੇ ਤੋਂ ਲਾਹੌਰ ਆ ਗਿਆ ਸੀ ਤਾਂ ਕੇ ਲੋਕਾਂ ਨੂੰ ਧਰਵਾਸ ਹੋ ਜਾਵੇ ਅਤੇ ਅਨੰਦਪੁਰ ਦੀ ਉਸਾਰੀ ਆਰੰਭ ਕਰਵਾ ਦਿੱਤੀ। ਸਾਰੇ ਪੰਜਾਬ ਵਿਚ ਲੋਕਾਂ ਵਿਚ ਨਵਾਂ ਸਾਹਸ ਭਰ ਦਿੱਤਾ।

ਇਸ ਤਰ੍ਹਾਂ ਛੇ ਸਾਲ ਗੁਜ਼ਰ ਗਏ, ਪੰਜਾਬ ਦੇ ਹਾਲਾਤ ਵਿਗੜਦੇ ਦੇਖ, ਬਾਲਕ ਗੁਰੂ ਨੂੰ ਪਾਸ ਬਲਾਉਣ ਲਈ, ਸੰਦੇਸ਼ ਭੇਜਿਆ।

ਅੱਖਰੀ ਵਿਦਿਆ ਦੇ ਨਾਲ ਗੁਰੂ ਤੇਗ ਬਹਾਦਰ ਜੀ ਨੇ ਸ਼ਾਸ਼ਤਰ ਵਿਦਿਆ ਦਾ ਖਾਸ ਪ੍ਰਬੰਧ ਕੀਤਾ। 9 ਸਾਲ ਦੀ ਉਮਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰੀ ਵਿਹਾਰੀ ਤੇ ਜੰਗੀ ਵਿਦਿਆ ਪ੍ਰਾਪਤ ਕਰ ਲਈ।

ਔਰੰਗਜ਼ੇਬ ਦੇ ਤਸ਼ੱਦਦ ਅਤੇ ਅੱਤਿਆਚਾਰ ਕਰਕੇ ਲੋਕੀ ਤ੍ਰਾਹ ਤ੍ਰਾਹ ਕਰਦੀ ਸੀ। ਇਸਲਾਮ ਦਾ ਪ੍ਰਚਾਰ ਕਰਨ ਲਈ ਕਸ਼ਮੀਰ ਨੂੰ ਚੁਣਿਆ ਕਿਉਂਕਿ ਕਸ਼ਮੀਰੀ ਪੰਡਤ ਵਿਦਵਾਨ ਕਰਕੇ ਪ੍ਰਸਿੱਧ ਸਨ। ਔਰੰਗਜ਼ੇਬ ਨੇ ਸੋਚਿਆ ਕਿ ਪਹਿਲਾਂ ਬ੍ਰਾਹਮਣ

ਨੂੰ ਦੀਨ ਵਿਚ ਲਿਆਂਦਾ ਜਾਵੇ ਬਾਕੀ ਆਪੇ ਮਜ਼ਹਬ ਵਿਚ ਸ਼ਾਮਲ ਹੋ ਜਾਣਗੇ। ਇਫਤਖਾਕ ਖਾਨ ਜੋ ਕਿ ਲਾਹੌਰ ਦੇ ਸੂਬੇ ਦਾ ਭਰਾ ਸੀ, ਉਹਨੂੰ ਸ਼ੇਰ ਅਫਗਾਨ ਦਾ ਖਿਤਾਬ ਦੇ ਕੇ ਕਸ਼ਮੀਰ ਭੇਜਿਆ। ਉਹਨੇ ਬ੍ਰਾਹਮਣਾ ਤੇ ਜ਼ੁਲਮ ਢਾਉਣੇ ਆਰੰਭ ਕਰ ਦਿੱਤੇ। ਪੰਡਤ ਇਕੱਠੇ ਹੋ ਕੇ ਸ਼ਿਵ ਜੀ ਕੋਲੋਂ ਸਹਾਇਤਾ ਲੈਣ ਲਈ ਅਮਰ ਨਾਥ ਗਏ।

ਰਾਤ ਨੂੰ ਸੁਪਨੇ ਵਿਚ ਸ਼ਿਵ ਜੀ ਨੇ ਕਿਹਾ ਤੁਹਾਡੀ ਰੱਖਿਆ ਸਿੱਖਾਂ ਦਾ ਨੌਵਾਂ ਗੁਰੂ ਤੇਗ ਬਹਾਦਰ ਕਰ ਸਕਦਾ ਹੈ।

ਬ੍ਰਾਹਮਣ ਦੁਖੀ ਹੋ ਕਰ ਡੱਕੇ ਡੋਲੇ ਖਾਂਦੇ ਅਨੰਦਪੁਰ ਪਹੁੰਚੇ ਤੇ ਗੁਰੂ ਤੇਗ ਬਹਾਦਰ ਅੱਗੇ ਨਿਮਰਤਾ ਸਹਿਤ ਬੇਨਤੀ ਕੀਤੀ, ਔਰੰਗਜ਼ੇਬ ਦੇ ਜ਼ੁਲਮਾਂ ਦੇ ਦੁੱਖੜੇ ਸੁਣਾਏ। ਗੁਰੂ ਤੇਗ ਬਹਾਦਰ ਜੀ ਨੇ ਸਾਧਾਰਨ ਹੀ ਆਖਿਆ ਜਦ ਤਕ ਧਰਮ ਵਾਸਤੇ ਆਪਣਾ ਸਿਰ ਬਲੀਦਾਨ ਨਹੀਂ ਕਰਦਾ, ਤਦ ਤਕ ਰੁਕਣਾ ਔਖਾ ਹੈ।

ਲਾਗੇ ਬੈਠੇ ਗੁਰੂ ਗੋਬਿੰਦ ਸਿੰਘ ਜੀ ਬੋਲੇ, ਆਪ ਨਾਲੋਂ ਹਿੰਦੂ ਧਰਮ ਦਾ ਰਾਖਾ ਹੋਰ ਕੌਣ ਹੋ ਸਕਦਾ ਹੈ।

ਗੁਰੂ ਤੇਗ ਬਹਾਦਰ ਖੁਸ਼ ਹੋਏ। ਬਾਲਕ ਗੋਬਿੰਦ ਨੂੰ ਛਾਤੀ ਨਾਲ ਲਾ ਲਿਆ। ਆਖੇ ਪਹਿਲਾਂ ਉਹਨੂੰ ਮੁਸਲਮਾਨ ਬਣਾਓ ਅਸੀਂ ਆਪੇ ਬਣ ਜਾਵਾਂਗੇ। ਪੰਡਤ ਸਤਿ ਬਚਨ ਕਹਿ ਕੇ ਲਾਹੌਰ ਆਏ ਤੇ ਲਾਹੌਰ ਗਵਰਨਰ ਨੂੰ ਦੱਸਿਆ ਤੇ ਉਹਨੇ ਔਰੰਗਜ਼ੇਬ ਨੂੰ ਕਾਬਲ ਵਿਚ ਸੂਚਿਤ ਕਰ ਦਿੱਤਾ। ਉਸਨੇ ਅੱਗੋਂ ਹੁਕਮ ਕੀਤਾ ਕਿ ਅੱਤਿਾਚਾਰ ਬੰਦ ਕਰੋ। ਗੁਰੂ ਤੇਗ ਬਹਾਦਰ ਨੂੰ ਦਿੱਲੀ ਬੁਲਾ ਲਉ।

ਅਨੰਦਪੁਰ ਤੋਂ ਤੁਰਨ ਸਮੇਂ ਗੁਰੂ ਗੱਦੀ ਦੀ ਜ਼ੁੰਮੇਵਾਰੀ ਗੁਰੂ ਗੋਬਿੰਦ ਨੂੰ ਸੌਂਪ ਕੇ 6 ਸਿੰਘ ਭਾਈ ਸਤੀ ਦਾਸ, ਭਾਈ ਮਤੀ ਦਾਸ, ਭਾਈ ਦਇਆ, ਭਾਈ ਜੈਤਾ, ਭਾਈ ਉਦੈ ਤੇ ਭਾਈ ਗੁਰਦਿਤਾ ਨਾਲ ਦਿੱਲੀ ਵੱਲ ਚੱਲ ਪਏ। ਰਾਹ ਵਿਚ ਲੋਕਾਂ ਨੂੰ ਧਰਮ ਤੇ ਡਟਣ ਦਾ ਉਪਦੇਸ਼ ਕਰ ਰਹੇ ਸਨ। ਬਾਦਸ਼ਾਹ ਦੇ ਫੁਰਮਾਨ ਨਾਲ ਕੈਦ ਕਰ ਲਿਆ ਤੇ ਇਕ ਖਾਲੀ ਹਵੇਲੀ ਵਿਚ ਰੱਖਿਆ ਨਾਲ ਹੀ ਹੁਕਮ ਦੇ ਦਿੱਤਾ ਕਿ ਸ਼ਹੀਦ ਕਰ ਦਿਓ।

ਕਾਜ਼ੀ ਅਬਦੁਲ ਵਾਹਬ ਨੇ ਕਿੰਨੇ ਸਵਾਲ ਕੀਤੇ। ਸ਼ਰਾ ਵਿਚ ਆਉ ਤੇ ਮਾਲ ਪਾਉ

1. ਧਰ ਪਾਈਏ ਧਰਮ ਨਾ ਛੋਡੀਏ

2. ਕਰਾਮਾਤ ਦਿਖਾਉ

ਜੋ ਕਿਛੁ ਵਰਤਦਾ ਹੈ, ਸੋ ਵਾਹਿਗੁਰੂ ਜੀ ਦੀ ਆਗਿਆ ਵਿਚ ਵਰਤਦਾ ਹੈ

3. ਪ੍ਰਾਣ ਗਿਆ ਸਮਝੋ

ਦਿੱਲੀ ਪ੍ਰਾਣ ਦੇਣ ਲਈ ਆਏ ਹਾਂ।

ਭਾਈ ਜੈਤਾ ਜੀ, ਭਾਈ ਉਦੈ ਜੀ, ਭਾਈ ਗੁਰਦਿਤਾ ਜੀ, ਗੁਰੂ ਜੀ ਦੀ ਆਗਿਆ ਨਾਲ ਕੈਦ ਵਿੱਚੋਂ ਨਿਕਲ ਗਏ ਸੀ।

ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਸਾਹਮਣੇ

ਤਸੀਹੇ ਦੇ ਕੇ ਸ਼ਹੀਦ ਕੀਤਾ-

ਭੈ ਕਾਹੂ ਦਉ ਦੇਤ ਨਹਿ ਨਹਿ ਭੈ ਮਾਨਤ ਆਨ।

ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨਿ।

ਕਾਜ਼ੀ ਨੇ ਫਤਵਾ ਸੁਣਾਇਆ, ਜਲਾਲਦੀਨ ਜਲਾਲ ਨੂੰ ਮਹਾਰਾਜ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਭਾਈ ਜੈਤਾ ਜੀ ਹਨੇਰੀ ਦੇ ਬੁੱਲੇ ਵਿਚ ਸੀਸ ਉਠਾ ਕੇ ਬਾਗਪਤ ਦੇ ਰਾਹ ਯਮਨਾ ਦਰਿਆ ਦੇ ਕੰਢੇ-ਕੰਢੇ ਪੰਜਾਬ ਵੱਲ ਚੱਲ ਪਏ।

ਭਾਈ ਊਦੇ ਤੇ ਭਾਈ ਗੁਰਦਿਤਾ ਇਸ ਤਾਂਕ ਵਿਚ ਸਨ ਕਿ ਮੁਸਲਮਾਨ ਫੌਜ਼ ਸ਼ਹਿਰ ਵਿਚ ਫਿਰਦੀ ਹੈ। ਕਿਵੇਂ ਉਠਾਇਆ ਜਾਵੇ। ਉਨ੍ਹਾਂ ਨੂੰ ਪਤਾ ਲੱਗਾ ਕਿ ਲੱਖੀ ਸ਼ਾਹ ਵਣਜਾਰਾ ਆਪਣੇ ਪੁੱਤਰ ਨਿਗਾਹੀਏ ਨਾਲ ਲਾਲ ਕਿਲ੍ਹੇ ਵਿਚ ਚੂਨਾ, ਕਲੀ ਆਦਿ ਸੁੱਟ ਕੇ ਜਾ ਰਿਹਾ ਤਾਂ ਜਾ ਵਿਥਿਆ ਸੁਣਾਈ ਤੇ ਗੱਡਾ ਚਾਂਦਨੀ ਚੌਂਕ ਵੱਲ ਮੋੜ ਲਿਆ। ਹਨੇਰੀ ਦਾ ਲਾਭ ਉਠਾਉਂਦੇ ਹੋਏ ਧੜ ਗੱਡੇ ਤੇ ਰੱਖ ਕੇ ਘਰ (ਰਾਇ ਸਿਨਾ) ਪਿੰਡ।

ਅੱਜ ਰਾਸ਼ਟਰਪਤੀ ਭਵਨ ਦੇ ਹਾਲ ਦਾ ਨਾਂ ਪਿੰਡ ਦੇ ਨਾਂ ਤੇ ਰਾਇਸਿਨਾ ਹਾਲ ਹੈ ਤੇ ਘਰ ਵਿਚ ਰੱਖ ਕੇ ਘਰ ਨੂੰ ਹੀ ਅੱਗ ਲਗਾ ਦਿੱਤੀ। 'ਗੁਰਦੁਆਰਾ ਰਕਾਬ ਗੰਜ' ਦੇ ਨਾਂ ਤੇ ਜਾਣਦੇ ਹਾਂ।

ਦੋਹਿਰਾ-

ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ

ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂ ਆਨ

ਕਿਉਂਕਿ ਮਾਤ ਲੋਕ ਵਿਚ ਸਰੀਰ ਠੀਕਰਾ ਜਾਣ, ਦੂਜੇ ਦੇ ਧਰਮ ਦੀ ਰੱਖ ਲਈ, ਹੱਸ ਕੇ ਭੰਨ ਦਿੱਤਾ।

ਧਰਮ ਹੇਤ ਸਾਕਾ ਜਿਨ ਕੀਆ।

ਸੀਸ ਦੀਆ ਪਰ ਸਿਰੁ ਨਾ ਦੀਆ।

ਕਲਿਯੁਗ ਵਿਚ ਸਭ ਤੋਂ ਵੱਡਾ ਸਾਕਾ ਕਿਆ ਕਿਉਂਕਿ ਸਾਰੇ ਆਪਣੇ ਹਿਤ ਲਈ ਸੋਚਦੇ ਹਨ।

ਤਿਲਕ ਜੰਞੂ ਰਾਖਾ ਪ੍ਰਭ ਤਾਕਾ।

ਕੀਨੋ ਬਡੋ ਕਲੂ ਮਹਿ ਸਾਕਾ।

ਸਾਧਿਨ ਹੇਤ ਇਤਿ ਜਿਨ ਕਰੀ।

ਸੀਸ ਦੀਆ ਪਰ ਸੀ ਨ ਉਚਰੀ।

ਮੁਕਾਲਿਫ ਦਾ ਕਹਿਣਾ ਹੈ ਕਿ ਇਸ ਸ਼ਹਾਦਤ ਦੀ ਤੁਲਨਾ, ਦੁਨੀਆ ਦੀ ਕਿਸੇ ਘਟਨਾ ਨਾਲ ਨਹੀਂ ਕੀਤੀ ਜਾ ਸਕਦੀ।

ਜਿਸ ਜੰਞੂ ਪਹਿਨਣ ਤੋਂ ਗੁਰੂ ਨਾਨਕ ਦੇਵ ਜੀ ਨੇ 9 ਸਾਲ ਦੀ ਉਮਰ ਵਿਚ ਨਾਂਹ ਕਰ ਦਿੱਤੀ। ਨੌਵੇਂ ਗੁਰੂ ਨੇ ਉਸਦੀ ਸੁਰੱਖਿਆ ਲਈ ਬਲੀਦਾਨ ਦਿੱਤਾ, ਇਹ

ਸ਼ਹਾਦਤ ਸਿੱਖਾਂ ਖਾਸ ਤੌਰ ਤੇ ਪੰਜਾਬ ਵਿਚ ਏਨੀ ਦਲੇਗੀ ਭਰ ਦਿੱਤੀ ਕਿ ਜਿਥੇ ਸੀਸ ਧੜ ਤੋਂ ਜਦੋਂ ਵੱਖ ਕਰ ਦਿੱਤਾ ਗਿਆ ਤਾਂ ਕੋਈ ਨਿੱਤਰ ਕੇ ਅੱਗੇ ਨਹੀਂ ਆਇਆ। ਪਰ 1976 ਜਦੋਂ ਔਰੰਗਜ਼ੇਬ ਚਾਂਦਨੀ ਚੌਂਕ ਤੋਂ ਮੋਤੀ ਮਸਜ਼ਿਦ ਜਾਣ ਲੱਗਾ ਤਾਂ ਇਕ ਸਿੱਖ ਨੇ ਉਹਦੇ ਸਿਰ ਵਿਚ ਡੰਡਾ ਮਾਰਿਆ ਫਿਰ ਇਕ ਵਾਰ ਜੁੰਮੇ ਦੀ ਨਵਾਜ਼ ਪੜ੍ਹ ਕੇ ਆ ਰਿਹਾ ਸੀ, ਇਕ ਸਿੱਖ ਨੇ ਤਲਵਾਰ ਕੱਢ ਲਈ ਇੱਟਾਂ ਆਦਿ ਮਾਰਨ ਦੀਆਂ ਘਟਨਾਵਾਂ ਤਾਂ ਹੁੰਦੀਆਂ ਰਹਿੰਦੀਆਂ ਹਨ।

ਬੜੀ ਹੈਰਾਨੀ ਵਾਲੀ ਗੱਲ ਹੈ ਕਿ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ, ਜਹਾਂਗੀਰ ਦੇ ਪੋਤਰੇ ਔਰੰਗਜ਼ੇਬ ਨੇ ਗੁਰੂ ਅਰਜਨ ਦੇਵ ਜੀ ਦੇ ਪੋਤਰੇ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਘੋਖਿਆ ਕਿ ਕੋਈ ਐਸੀ ਬੁਨਿਆਦੀ ਘਾਟ ਹੈ ਜਿਸਨੂੰ ਦੂਰ ਕਰਨਾ ਜ਼ਰੂਰੀ ਹੈ। ਮੁਗਲਾਂ ਨੇ ਸ਼ਹੀਦ ਕਰਕੇ ਇਹ ਸਮਝਿਆ ਕਿ ਕੁਝ ਨਹੀਂ ਹੋਇਆ, ਪਰ ਸ਼ਹਾਦਤ ਨੇ ਉਨ੍ਹਾਂ ਦੇ ਮੂੰਹ ਤੇ ਐਸੀ ਕਾਲਖ ਮਲੀ, ਅੰਤ ਮੁਗਲ ਰੁਲ ਰੁਲ ਕੇ ਮੁੱਕ ਗਏ।

ਗੁਰੂ ਗੋਬਿੰਦ ਸਿੰਘ ਜੀ ਐਸਾ ਪੱਕਾ ਪ੍ਰਬੰਧ ਕਰ ਦਿੱਤਾ ਕਿ ਕਿਧਰੇ ਵੀ ਕੋਈ ਦੁਖੀ ਆਵਾਜ਼ ਉੱਠੇ, ਸਿੱਖ ਜਾਨ ਤਲੀ ਤੇ ਰੱਖ ਕੇ ਜੂਝ ਪੈਣ। ਇਸ ਧਾਰਮਿਕ ਸਿਧਾਂਤ ਨੂੰ ਸਮਾਜੀ ਤੇ ਰਾਜਨੀਤਕ ਸ਼ਕਲ ਦੇ ਦਿੱਤੀ, ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲਦੇ ਹੀ ਅਨੰਦਪੁਰ ਇਕ ਨਕਲੀ ਜੰਗਾਂ ਕਰਾਉਣੀਆਂ ਆਰੰਭ ਕਰ ਦਿੱਤੀਆਂ, ਚੰਗੀ ਨਸਲ ਦੇ ਘੋੜੇ ਖਰੀਦਣ ਲਈ ਕਾਬਲ ਵੱਲ ਸਿੱਖਾਂ ਨੂੰ ਭੇਜਿਆ, ਮਸੰਦਾਂ ਨੂੰ ਸ਼ਸ਼ਤਰ ਤੇ ਅਸਤਰਾ ਦੀਆਂ ਭੇਟਾਂ ਲੈ ਕੇ ਆਉਣ ਲਈ ਕਿਹਾ, ਬੰਦੂਕਾਂ ਢਾਲਣ ਦੇ ਕਾਰਖਾਨੇ ਲਗਵਾਏ ਮਸੰਦਾਂ ਨੂੰ ਜਦੋਂ ਨਵੀਆਂ ਹਦਾਇਤਾਂ ਦਿੱਤੀਆਂ ਤਾਂ ਅਮਲ ਕਰਨ ਦੇ ਥਾਵੇ ਗੁਰੂ ਜੀ ਤੋਂ ਡਰਦੇ ਗੱਲ ਨਹੀਂ ਸੀ ਕਰ ਸਕਦੇ। ਮਾਤਾ ਜੀ ਨੂੰ ਆਖਣ ਲੱਗ ਪਏ ਔਰੰਗਜ਼ੇਬ ਨਾਲ ਟੱਕਰ ਨਾ ਲਈਏ, ਉਹ ਕਿਸੇ ਦੀ ਪਰਵਾਹ ਨਹੀਂ ਕਰਦਾ। ਮਾਤਾ ਜੀ ਨੇ ਸਭ ਗੱਲਾਂ ਗੁਰੂ ਸਾਹਿਬ ਨਾਲ ਕੀਤੀਆਂ ਤਾਂ ਉਨ੍ਹਾਂ ਨੇ ਆਖਿਆ ਮਾਂ ਮਸੰਦ ਪੂਜਾ ਦਾ ਧਾਨ ਖਾ ਖਾ ਕੇ ਆਲਸੀ ਅਤੇ ਵਿਹਲੜ ਹੋ ਗਏ ਹਨ। ਆਤਮਾ ਭ੍ਰਿਸ਼ਟ ਹੋ ਗਈ ਹੈ। ਮੈਂ ਇਹੋ ਜਿਹੇ ਸਿੱਖ ਬਣਾਵਾਂਗਾ ਜੋ ਸਿਰ ਉੱਚਾ ਕਰਕੇ ਤੁਰਨਗੇ। ਸ਼ਾਹਸਵਾਰ ਬਣਾਵਾਂਗਾ, ਰਣਜੀਤ ਨਗਾਰੇ ਵਜਾਵਾਂਗਾ।

ਮਸੰਦਾਂ ਦਾ ਭੇਦ ਖੋਲ੍ਹਿਆ। ਜਦੋਂ ਦੁਲਚਾ ਮਸੰਦ ਨੂੰ ਭੇਟਾਵਾਂ ਅੱਗੇ ਰੱਖੀਆਂ ਤਾਂ ਗੁਰੂ ਜੀ ਨੇ ਕਿਹਾ ਹੋਰ ਕੋਈ ਭੇਂਟਾ ਹੈ ਤਾਂ ਰੱਖੋ। ਉਨ੍ਹਾਂ ਕਿਹਾ ਬੱਸ ਤੇ ਸਿਰ ਝੁਕਾਇਆ ਇੰਨੇ ਨੂੰ ਪਗੜੀ ਉਤਰ ਕੇ ਸੰਗਤ ਵਿਚ ਡਿੱਗ ਪਈ ਤੇ ਸੋਨੇ ਦੇ ਕੜੇ ਡਿੱਗ ਪਏ। ਸੰਗਤ ਨੂੰ ਹਕੀਕਤ ਦਾ ਪਤਾ ਲੱਗਾ। ਜਿਵੇਂ ਮਸੰਦਾਂ ਬਾਰੇ ਸੰਗਤਾਂ ਨੂੰ ਪਤਾ ਲੱਗਦਾ ਸਿੱਧੀਆਂ ਭੇਟਾਵਾਂ ਲੈ ਕੇ ਪੁੱਜਦੇ। ਸ਼ਾਸ਼ਤਰ ਘੋੜੇ ਭੇਂਟ ਕਰਦੇ, ਗੁਰੂ ਜੀ ਦੀਆਂ ਰਹਿਮਤਾਂ ਪ੍ਰਾਪਤ ਕਰਦੇ।

ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਗੜ੍ਹ ਕਿਲ੍ਹੇ ਦੇ ਨਿਰਮਾਣ ਦੇ ਨਾਲ ਹੀ ਉੱਚਾ ਥੜ੍ਹਾ ਤਿਆਰ ਕਰਵਾ ਕੇ ਰਣਜੀਤ ਨਗਾਰੇ ਦੀ ਸਾਜਨਾ ਕੀਤੀ, ਜਦੋਂ ਗੁਰੂ ਜੀ ਮਹਿਲਾ ਤੋਂ ਬਾਹਰ ਨਿਕਲਦੇ, ਨਗਾਰੇ ਵੱਜਦੇ। ਪਹਾੜੀ ਰਾਜੇ ਤਾਂ ਸੜਦੇ ਹੀ ਸਨ, ਔਰੰਗਜ਼ੇਬ ਵੀ ਦੁਖੀ ਹੋਣ ਲੱਗਾ।

ਗੁਰੂ ਗੋਬਿੰਦ ਸਿੰਘ ਜੀ ਸੰਗਤ ਤੇ ਪੰਗਤ ਦੀ ਸੰਸਥਾ ਨੂੰ ਅੱਗੇ ਵਿਸਥਾਰ ਦਿੰਦੇ ਹੋਏ ਆਖਿਆ ਕਿ ਅਨੰਦਪੁਰ ਵਿਚ ਕੋਈ ਵੱਖਰਾ ਚੁਲ੍ਹਾ ਜਾਂ ਚੌਂਕਾ ਨਹੀਂ ਹੋਵੇਗਾ। ਬ੍ਰਾਹਮਣਾ ਨੂੰ ਬਹੁਤ ਸ਼ੋਰ ਮਚਾਇਆ ਤਾਂ ਗੁਰੂ ਜੀ ਨੇ ਐਲਾਨ ਕਰ ਦਿੱਤਾ ਕਿ ਲੰਗਰ ਛਕਣ ਤੋਂ ਬਾਅਦ ਇਕ ਇਕ ਰੁਪਿਆ ਦਕਸ਼ਨਾ ਦਿੱਤੀ ਜਾਵੇਗੀ ਤੇ ਸਭ ਸੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਣ ਲੱਗ ਪਏ।

ਗੁਰੂ ਨਾਨਕ ਦੇਵ ਜੀ ਨੇ ਰਾਗ ਨੂੰ ਬਹੁਤ ਅਹਿਮ ਅਸਥਾਨ ਦਿੱਤਾ ਜਿਵੇਂ ਮਰਦਾਨਿਆ ਰਬਾਬ ਵਜਾ ਧੁਰ ਕੀ ਬਾਣੀ ਆਈ। ਪਰ ਔਰੰਗਜ਼ੇਬ 1670 ਵਿਚ ਰਾਗ ਤੇ ਮਨਾਹੀ ਕਰ ਦਿੱਤੀ। ਗੁਰੂ ਸਾਹਿਬ, ਸੱਤਾ ਤੇ ਬਲਵੰਡ, ਬਾਬਰ ਜੀ, ਅਬਦੁਲਾ ਤੇ ਨੱਥਾ ਮਲ ਨੂੰ ਗੁਰੂ ਹਰਗੋਬਿੰਦ ਸਿੰਘ ਜੀ ਤੋਂ ਬਹੁਤ ਸਨਮਾਨ ਮਿਲਿਆ ਤੇ ਸਾਰੇ ਅਨੰਦਪੁਰ ਵੱਲ ਮੂੰਹ ਕੀਤਾ, ਆਸਰਾ ਭਾਲਣ ਲੱਗੇ, ਕਿਉਂਕਿ ਸਾਰੇ ਜਾਣਦੇ ਸਨ ਕਿ ਗੁਰੂ ਸਾਹਿਬ ਕੀਰਤਨ ਨੂੰ ਬਹੁਤ ਉੱਚੀ ਥਾਂ ਦਿੰਦੇਹਨ।

ਫਿਰ 1680 ਔਰੰਗਜ਼ੇਬ ਨੇ ਸੰਸਕ੍ਰਿਤ ਪੜਨ ਪੜ੍ਹਾਉਣ ਤੇ ਪਾਬੰਦੀ ਲਾ ਦਿੱਤੀ। ਸੰਸਕ੍ਰਿਤ ਦੇ ਵਿਦਵਾਨ ਵੀ ਗੁਰੂ ਜੀ ਦੀ ਸ਼ਰਨੀ ਆਏ। ਗੁਰੂ ਸਾਹਿਬ ਜੀ ਪੁਰਾਤਨ ਗ੍ਰੰਥਾਂ ਨੂੰ ਲੋਕ ਭਸ਼ਾਵਾਂ ਵਿਚ, ਤਰਜ਼ਮਾ ਕਰਨ ਲਈ ਕੰਮ ਦਿੱਤਾ।

ਜਦੋਂ ਸ਼ੀਆ ਅਤੇ ਸੂਫ਼ੀ ਖਿਆਲਾਂ ਵਾਲੇ ਮੁਸਲਮਾਨਾਂ ਉਪਰ (ਕਿਉਂਕਿ ਔਰੰਗਜ਼ੇਬ ਸੁੰਨੀ ਮੁਸਲਮਾਨ ਸੀ) ਦਬਾਅ ਵਧਿਆ ਤੇ ਉਹ ਅਨੰਦਪੁਰ ਦੀ ਮਹਿਮਾ ਸੁਣ ਕੇ ਉਥੇ ਪੁੱਜੇ। ਗੁਰੂ ਜੀ ਜਦੋਂ ਪਾਉਂਟਾ ਆਏ, 52 ਵਿਦਵਾਨ ਇਥੇ ਨਾਲ ਆਏ। ਜੋ ਹਰ ਜਾਤੀ ਬੋਲੀ ਦੇ ਵਿਦਵਾਨ ਸਨ। ਗੁਰੂ ਗੋਬਿੰਦ ਸਿੰਘ ਜੀ ਨਾਹਨ ਤੋਂ ਹੁੰਦੇ ਹੋਏ ਪਾਉਂਟਾ ਸਾਹਿਬ ਪੁੱਜੇ, ਉਥੇ ਟਿਕ ਗਏ। ਜਦੋਂ ਗੁਰੂ ਜੀ ਵੱਜਦੇ ਨਗਾਰਿਆਂ ਨਾਲ ਕਿਦਾਰ ਤੇ ਚੜ੍ਹਦੇ ਨਿਸ਼ਾਨ ਝੂਲਦੇ ਤੇ ਰਾਜੇ ਈਰਖਾ ਨਾਲ ਸੜਦੇ।

ਗੁਰੂ ਜੀ ਨੇ ਰਾਜਾ ਫ਼ਤਹਿ ਸ਼ਾਹ ਨੂੰ ਬੁਲਾ ਕੇ ਸਮਝਾਇਆ ਕਿ ਦੂਜੇ ਦੇ ਇਲਾਕੇ 'ਤੇ ਕਬਜ਼ਾ ਕਰਨਾ ਠੀਕ ਨਹੀਂ, ਪਰ ਉਸ ਦਾ ਕੁੜਮ ਕਹਿਲੂਰ ਵਾਲਾ ਭੀਮ ਚੰਦ ਬਣ ਗਿਆ ਤਾਂ ਉਹ ਅੜ ਖੜੋਤੇ ਤੇ ਰਾਜਾ ਫਤਹ ਸ਼ਾਹ ਨੇ ਗੁਰੂ ਜੀ ਨਾਲ ਲੜਨ ਲਈ ਤਿਆਰ ਹੋ ਗਿਆ। ਕਈ ਹਿੰਦੂ ਰਾਜੇ ਇਕੱਠੇ ਕਰ ਲਏ। ਗੁਰੂ ਜੀ ਨੇ ਕਿਹਾ ਨਾ ਡਰਾਉਂਦੇ ਨਾ ਡਰਦੇ ਹਾਂ ਨਾ ਕਿਸੇ ਦੀ ਈਨ ਮੰਨਦੇ ਹਾਂ। ਗੁਰੂ ਸਾਹਿਬ ਨੇ ਵੀ ਜੰਗ ਦਾ ਬਿਗਲ ਵਜਾ ਦਿੱਤਾ ਅਤੇ ਰਣਨੀਤੀ ਨੂੰ ਅੱਗੇ ਰੱਖਦੇ ਹੋਏ ਪਾਉਂਟਾ ਸਾਹਿਬ ਤੋਂ ਬਾਹਰ 6 ਮੀਲ ਤੇ ਜਾ ਕੇ ਭੰਗਾਣੀ ਦਾ ਪਿੜ ਮੱਲਿਆ, ਉਥੇ ਹੀ ਪੱਤਣ ਹੈ, ਪਹਾੜੀ ਫੌਜਾਂ ਦਰਿਆ ਪਾਰ ਕਰ ਸਕਦੀਆਂ ਹਨ। ਉਥੇ ਰੋਕ ਦਿੱਤਾ ਜਾਵੇ, ਮੋਰਚੇ ਬਣਾ ਲਏ। ਹਮਲੇ

ਦੀ ਉਡੀਕ ਕਰਨ ਲੱਗੇ, ਔਰੰਗਜ਼ੇਬ ਵੀ ਅੰਦਰਖਾਤੇ ਉਨ੍ਹਾਂ ਦੀ ਮਦਦ ਕਰਦਾ ਸੀ। ਪੀਰ ਬੁੱਧੂ ਸ਼ਾਹ ਦੀ ਅਗਵਾਈ ਵਿਚ ਪਠਾਣ, ਹੁਕਮਨਾਮਾ ਜਾਰੀ ਕਰ ਦਿੱਤਾ ਜਿਸਦੇ ਚਾਰ ਪੁੱਤਰ ਹਨ ਦੋ ਗੁਰੂ ਜੀ ਦੀ ਫੌਜ ਵਿਚ ਭੇਜੇ ਅੱਠ ਹਜ਼ਾਰ ਤੋਂ ਵੱਧ ਫੌਜ ਭਰਤੀ ਹੋ ਗਈ, ਜਦੋਂ ਯੁੱਧ ਦੇ ਨਗਾਰੇ ਵੱਜੇ, 500 ਪਠਾਣਾਂ ਵਿਚੋਂ 400 ਪਠਾਣ ਸਾਥ ਛੱਡ ਕੇ ਪਹਾੜੀਆਂ ਨਾਲ ਜਾ ਰਲੇ। ਜਦੋਂ ਪੀਰ ਬੁੱਧੂ ਸ਼ਾਹ ਉਦਾਸੀਆਂ ਦਾ ਅਖਾੜਾ ਮਹੰਤ ਕਿਰਪਾਲ ਦਾਸ ਤੋਂ ਬਗੈਰ ਸਾਰੇ ਭੱਜ ਗਏ। ਗੁਰੂ ਜੀ ਨੇ ਕਿਹਾ ਜੇ ਜੜ੍ਹ ਰਹਿ ਗਈ ਤਾਂ ਸਭ ਕੁਝ ਰਹਿ ਗਿਆ ਤਾਂ ਉਹ ਆਪ ਆਪਣੇ ਚਾਰ ਪੁੱਤਰਾਂ ਨਾਲ ਤੇ ਪੰਜ ਸੌ ਤੋਂ ਵੱਧ ਮਰੀਦਾ ਸਮੇਤ ਪਾਉਂਟਾ ਸਾਹਿਬ ਪਹੁੰਚ ਗਿਆ। ਗੁਰੂ ਜੀ ਦੀ ਭੂਆ ਦੇ ਪੰਜੇ ਪੁੱਤਰ ਜੱਥਿਆਂ ਦੀ ਅਗਵਾਈ ਵਿਚ ਆ ਗਏ, ਸਿੱਖ ਭਾਈ ਰਾਮਾ ਨੇ ਦੋ ਤੋਪਾਂ ਭੇਟ ਕੀਤੀਆਂ। ਭੰਗਾਣੀ ਪੁੱਜਦੇ ਸਾਰ ਗੁਰੂ ਜੀ ਨੇ ਸਾਰੀ ਤਿਆਰੀ ਦੇਖੀ, ਜਦੋਂ ਫੌਜਾਂ ਨੇ ਆਪਣੇ ਸੈਨਾਪਤੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੇਖਿਆ, ਲਾਲੀ ਚੜ੍ਹ ਗਈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਆਤਮ ਕਥਾ ਦੇ 38 ਛੰਦਾਂ ਵਿਚ ਸਾਰੀ ਜੰਗ ਦਾ ਹਾਲ ਲਿਖਿਆ। ਬੜਾ ਭਿਆਨਕ ਦ੍ਰਿਸ਼ ਸੀ, ਮੌਤ ਚਾਰੇ ਪਾਸੇ ਭਾਜੀ ਪਈ ਵੰਡਦੀ ਸੀ। ਸਿਰ ਧਰਤੀ ਤੇ ਰੁਲ ਰਹੇ ਸਨ, ਖ਼ੂਨ ਦੀ ਨਦੀ ਵਗਦੀ ਸੀ। ਇਸ ਰੌਲੇ ਰੱਪੇ ਵਿਚ ਰਾਜਾ ਹਰੀ ਚੰਦ ਨੇ ਇਕ ਤੀਰ ਗੁਰੂ ਜੀ ਵੱਲ ਸੇਧ ਕੇ ਮਾਰਿਆ ਉਹ ਮਹਾਰਾਜ ਦੇ ਘੋੜੇ ਨੂੰ ਲੱਗਾ। ਦੂਜਾ ਤੀਰ ਵੀ ਤੇਜ਼ੀ ਨਾਲ ਮਾਰਿਆ ਉਹ ਗੁਰੂ ਸਾਹਿਬ ਦੇ ਕੰਨ ਬਾਹਰਲੇ ਪਾਸੇ ਦੀ ਸ਼ਾ ਸ਼ਾ ਕਰਦਾ ਗਿਆ ਫਿਰ ਫੁਰਤੀਲੇ ਹਰੀ ਚੰਦ ਨੇ ਤੀਜਾ ਤੀਰ ਮਾਰਿਆ ਉਹ ਗੁਰੂ ਜੀ ਦੇ ਕਮਰਕੱਸੇ ਨੂੰ ਚੀਰ ਕੇ ਚੁੰਝ ਧੁੰਨੀ ਨੂੰ ਜਾ ਲੱਗੀ, ਫਿਰ ਗੁਰੂ ਜੀ ਨਿਸ਼ਾਨਾ ਬਿੰਨ੍ਹਿਆ, ਉਹ ਥਾਂ ਹੀ ਡਿੱਗ ਪਿਆ ਸਵਾਸ ਨਿਕਲ ਗਏ, ਉਸਦਾ ਮਰਨਾ ਕੀ ਸੀ, ਸਭ ਭੱਜ ਤੁਰੇ। ਅਕਾਲ ਪੁਰਖ ਦੀ ਕਿਰਪਾ ਨਾਲ ਜੰਗ ਜਿੱਤ ਹੋ ਗਈ।

ਆਪ ਜੀ ਨੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦਿੱਤੀਆਂ, ਜੇਤੂਆਂ ਨੂੰ ਸਰੋਪੇ ਦਿੱਤੇ। ਵਾਪਸ ਪਾਉਂਟਾ ਸਾਹਿਬ ਪਹੁੰਚ ਕੇ ਖੁਸ਼ੀਆਂ ਮਨਾਈਆਂ ਤਾਂ ਸਾਹਿਬਜ਼ਾਦੇ ਦਾ ਨਾ ਅਜੀਤ ਸਿੰਘ ਰੱਖਿਆ।

ਪੀਰ ਬੁੱਧੂ ਸ਼ਾਹ ਨੂੰ ਉੱਚੀ ਆਵਾਜ਼ ਦੇ ਕੇ ਬੁਲਾਇਆ ਤੇ ਆਖਿਆ'
'ਤੁਮ ਪੀਰ ਸਾਚ ਕੇ ਆਗ'

1684 ਵਿਚ ਆਪ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਵੱਲ ਚੱਲ ਪਏ। ਅਨੰਦਪੁਰ ਤਕਰੀਬਨ ਪੰਜ ਸਾਲ ਬਾਅਦ ਆਏ ਤਾਂ ਅਨੰਦਪੁਰ ਸਾਹਿਬ ਤਕਰੀਬਨ ਉਜੜ ਗਿਆ ਸੀ, ਸਤਲੁਜ ਦੇ ਕਿਨਾਰੇ ਨਿਰਮੋਹਗੜ੍ਹ, ਹੋਲਗੜ ਅਤੇ ਲੋਹਗੜ ਕਿਲ੍ਹੇ ਬਣਾਏ। ਚਰਨ ਗੰਗਾ ਦੇ ਕਿਨਾਰੇ ਫਤਹਗੜ੍ਹ, ਕੇਸਗੜ੍ਹ, ਉਚੀ ਥਾਂ ਤੇ ਅਨੰਦਗੜ੍ਹ ਬਣਵਾਏ। ਬ੍ਰਾਹਮਣਾਂ ਨੇ ਜਦੋਂ ਵਰਣ ਵੰਡ ਕਰ ਦਿੱਤੀ ਤਾਂ ਤਿਉਹਾਰਾਂ ਵਿਚ ਵੰਡ ਪਾ ਦਿੱਤੀ। ਵੈਸਾਖੀ ਬ੍ਰਾਹਮਣਾਂ ਲਈ, ਦੁਸ਼ਹਿਰਾ ਕਸ਼ੱਤਰੀਆ ਲਈ, ਦਿਵਾਲੀ ਵੇਸ਼ਾ ਚਲਾਵਨ ਲਈ, ਹੋਲੀ ਸ਼ੂਦਰਾ ਲਈ ਨੀਯਤ ਕੀਤੀ ਹੋਲੀ ਤੇ ਇਕ ਦੂਜੇ ਤੇ ਗੰਦ

ਪਾਉਂਦੇ ਭਾਵੇਂ ਕਿ ਹੋਲੀ ਜਾਗਰਤਾ ਦਾ ਪ੍ਰਤੀਕ ਹੈ, ਕਿਉਂਕਿ ਹੋਲੀ ਨਾਲ ਹਉਲਕਾ ਜਿਹੜੀ ਕਿ ਪ੍ਰਹਿਲਾਦ ਦੀ ਭੂਆ ਸੀ ਸੜ ਕੇ ਮਰ ਗਈ ਸੀ, ਪ੍ਰਮਾਤਮਾ ਨੇ ਪ੍ਰਹਿਲਾਦ ਨੂੰ ਬਚਾ ਲਿਆ ਸੀ। ਲਿਤਾੜਿਆਂ ਲਈ ਉਹ ਉਤਸ਼ਾਹ ਦਾ ਦਿਨ ਹੈ ਪਰ ਲਿਤਾੜਿਆਂ ਨੂੰ ਗੰਦ ਪਾਉਣ ਜਾਂ ਉਛਾਲਣ ਤੱਕ ਸੋਚ ਦਿੱਤੀ ਸੀ। ਗੁਰੂ ਜੀ ਨੇ ਉਤਸ਼ਾਹ ਦੇਣ ਲਈ ਕਿ ਪ੍ਰਮਾਤਮਾ ਹਰ ਇਕ ਦੀ ਉਸੇ ਤਰ੍ਹਾਂ ਹੀ ਰੱਖਿਆ ਕਰ ਸਕਦਾ ਹੈ, ਉਨ੍ਹਾਂ ਨੇ ਹੋਲੀ ਨੂੰ ਹੋਲਾ ਮਹੱਲਾ ਬਣਾ ਦਿੱਤਾ। ਹੋਲਾ ਜਦੋਂ ਦਾਣੇ ਭੱਠੀ ਵਿਚ ਪੱਕ ਜਾਂਦੇ ਹਨ। ਇਸ ਤਰ੍ਹਾਂ ਲੋਕਾਂ ਨੂੰ ਦ੍ਰਿੜ੍ਹ, ਪੱਕੇ ਬਣਾਉਣਾ, ਮਹੱਲਾ ਜਾ ਕੇ ਹਮਲਾ ਕਰਨਾ। ਇਸ ਤਰ੍ਹਾਂ ਆਪਣੀਆਂ ਫੌਜਾਂ ਨੂੰ ਦੋ ਹਿੱਸਿਆ ਵਿਚ ਵੰਡ ਕੇ ਜੰਗ ਕਰਵਾਉਂਦੇ, ਜੇਤੂਆਂ ਨੂੰ ਮਾਣ ਦਿੰਦੇ।

ਭਾਵੇਂ ਨਾਦੇੜ ਤੇ ਗੁਲੇਰ ਯੁੱਧ ਵਿਚ ਸ੍ਰੀ ਦਸਮੇਸ਼ ਜੀ ਸਿਰਫ਼ ਹਿੰਦੂ ਰਾਜਿਆਂ ਦੇ ਸਹਾਇਕ ਸਨ, ਪਰ ਇਹ ਜਿੱਤਾਂ ਗੁਰੂ ਜੀ ਦੀਆਂ ਮੰਨੀਆਂ ਜਾਂਦੀਆਂ ਸਨ। ਔਰੰਗਜ਼ੇਬ ਦੀ ਚਿੰਤਾ ਵਧ ਗਈ, ਉਹਨੇ ਸ਼ਾਹਜ਼ਾਦਾ ਮੁਅੱਜਮ (ਬਹਾਦਰ ਸ਼ਾਹ) ਨੂੰ ਪੰਜਾਬ ਵੱਲ ਭੇਜਿਆ। ਭਾਈ ਨੰਦ ਲਾਲ ਜਿਹੜੇ ਬਹੁਤ ਵੱਡੇ ਫਾਰਸੀ ਦੇ ਵਿਦਵਾਨ ਸਨ। ਮੁਅੱਜਮ ਨੇ ਵਿਦਿਆ ਇਨ੍ਹਾਂ ਤੋਂ ਹਾਸਲ ਕੀਤੀ ਸੀ। ਗੁਰੂ ਸਾਹਿਬ ਦੇ ਦਰਬਾਰ ਵਿਚ ਹਾਜ਼ਰੀ ਭਰਦੇ ਸਨ, ਉਨ੍ਹਾਂ ਮੁਅੱਜਮ ਨੂੰ ਸਮਝਾਇਆ ਤੇ ਗੁਰੂ ਜੀ ਵਿਰੁੱਧ ਚੜ੍ਹਾਈ ਨਾ ਕੀਤੀ।

ਮਸੰਦਾਂ ਦਾ ਖਾਤਮਾ 1698, ਗੁਰੂ ਅਮਰਦਾਸ ਜੀ ਧਰਮ ਦੇ ਪ੍ਰਚਾਰ ਲਈ 22 ਮੰਜੀਆਂ ਸਥਾਪਤ ਕੀਤੀਆਂ। ਗੁਰੂ ਰਾਮਦਾਸ ਜੀ ਨੇ ਸੰਗਤ ਦੇ ਪ੍ਰਚਾਰ ਦੇ ਨਾਲ ਭੇਟਾਵਾਂ ਗੁਰੂ ਘਰ ਤੱਕ ਪਹੁੰਚਾਉਣ ਮਸੰਦ ਆਖੇ ਜਾਣ ਲੱਗੇ। ਗੁਰੂ ਅਰਜਨ ਦੇਵ ਜੀ ਦਸਵੰਧ ਦੀ ਪ੍ਰਥਾ ਚਲਾਈ, ਸੰਗਤਾਂ ਨੂੰ ਕਿਹਾ ਦਸਵੰਧ ਕੱਢੋ ਤੇ ਹਰ ਸਾਲ ਵਿਸਾਖੀ ਦੇ ਮੇਲੇ ਤੇ ਦਰਬਾਰ ਸਾਹਿਬ ਪਹੁੰਚਾਓ। ਜਿਵੇਂ Money & Power Corrupts a man, ਇਸੇ ਤਰ੍ਹਾਂ ਇਨ੍ਹਾਂ ਦੇ ਚਰਿੱਤਰ ਵਿਚ ਵੀ ਗਿਰਾਵਟ ਆ ਗਈ, ਮਨਮਾਨੀਆਂ ਕਰਨ ਲੱਗੇ। ਗੁਰੂ ਜੀ ਨੇ ਹੁਕਮ ਕੀਤਾ ਇਨ੍ਹਾਂ ਦੀਆਂ ਮਸ਼ਕਾਂ ਬੰਨ੍ਹ ਕੇ ਪੇਸ਼ ਕੀਤਾ ਜਾਵੇ। ਉਨ੍ਹਾਂ ਤੋਂ ਪਾਪਾਂ ਅਤੇ ਅਪਰਾਧਾ ਦਾ ਇਕਬਾਲ ਕਰਾਇਆ ਤੇ ਸਜ਼ਾ ਜਲਾਅ ਦਿੱਤੇ। ਜਿਹੜੇ ਭਾਈ ਫੇਰੂ ਵਰਗੇ ਚੰਗੇ ਸਨ ਉਨ੍ਹਾਂ ਨੂੰ ਸਿਰਪਾਉ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਮਹਿਸੂਸ ਕਰ ਰਹੇ ਸਨ ਕਿ ਸਿੱਖਾਂ ਵਿਚ ਰਹਿਤ ਮਰਿਆਦਾ ਦਾ ਪਾਲਣ ਹੋ ਰਿਹਾ ਹੈ। ਇਕ ਇਹੋ ਜਿਹਾ ਮਿਸ਼ਨ (Mission) ਦੀ ਲੋੜ ਹੈ ਜਿਸ ਵਿਚ ਕੋਈ ਉਕਾਈ ਨਾ ਹੋਵੇ, ਪਹਾੜੀ ਰਾਜੇ ਜਿਹੜੇ ਕਿ ਗੁਰੂ ਸਾਹਿਬ ਨਾਲ ਜਿੱਦ ਕਰ ਰਹੇ ਹਨ, ਜਿੱਦ ਛੱਡ ਕੇ ਸਾਰੀ ਜਥੇਬੰਦੀ ਵਿਚ ਸ਼ਾਮਲ ਹੋ ਜਾਣ। ਰਿਵਾਲਸਰ ਜਾ ਕੇ ਇਹ ਉਪਰਾਲਾ ਕਰ ਚੁੱਕੇ ਸਨ ਪਰ ਬ੍ਰਾਹਮਣਾਂ ਦੀ ਚੁੱਕ ਨਾਲ, ਉਹ ਆਪਣੀ ਹੈਂਕੜ ਨੂੰ ਛੱਡਣ ਨੂੰ ਤਿਆਰ ਨਹੀਂ ਸਨ। ਪਰ ਉਨ੍ਹਾਂ ਨੇ ਇਹ ਜਾਣ ਲਿਆ ਕਿ ਸਿੱਖ ਕੌਮ ਨੂੰ ਇਕ ਵੱਖਰੀ ਸ਼ਕਲ ਦੇਣ ਦਾ ਮੌਕਾ ਆ ਗਿਆ ਹੈ। ਅਕਾਲ ਪੁਰਖ ਵੱਲੋਂ ਹੁਕਮ ਕਿ 'ਧਰਮ ਚਲਾਵਨ, ਸੰਤ ਉਬਾਰਣ ਦੁਸ਼ਟ ਦੁਖੀਆਂ ਦੇ ਮੂਲ ਉਪਾਰਣ' ਗੁਰੂ ਨਾਨਕ

ਦੇਵ ਜੀ ਤੇ ਬਾਕੀ ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਸੱਚੀ ਕਿਰਤ, ਰਹਤ ਬਹਤ ਨਿਰਭਉ ਨਿਰਵੈਰ ਤੇ ਸਾਦਗੀ ਜ਼ੁਲਮ ਵਿਰੁੱਧ ਕੁਰਬਾਨੀ, ਸ਼ਹੀਦੀ ਦਾ ਸਬਕ ਤਾਂ ਰਟਾ ਦਿੱਤਾ ਸੀ ਪਰ ਇਹੋ ਜਿਹੀ ਗਤੀਸ਼ੀਲ ਸ਼ਖ਼ਸੀਅਤ ਦੀ ਲੋੜ ਸੀ।

'ਪੁਰਜਾ ਪੁਰਜਾ ਕੱਟ ਮਰੇ ਕਬਹੁੰ ਨਾ ਛਾਡੇ ਖੇਤ'

ਕਨਿੰਘਮ ਦੇ ਅਨੁਸਾਰ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਦਿਲ ਵਿਚ ਇਹ ਖਿਆਲ ਆ ਗਿਆ ਕਿ ਇਕ ਵਿਲੱਖਣ ਪਛਾਣ ਦੀ ਇਕ ਨਰੋਈ ਤੇ ਉਤਸ਼ਾਹੀ ਕੌਮ ਬਣਾਉਣ ਦੀ ਲੋੜ ਹੈ। ਪਹਾੜੀ ਰਾਜਿਆਂ ਨਾਲ ਉਨ੍ਹਾਂ ਜਾਣ ਲਿਆ ਸੀ ਕਿ ਹਿੰਦੂ ਇਕ ਧਾਰਮਿਕ ਸੰਸਥਾ ਹੈ। ਸਮੇਂ ਦੀਆਂ ਥਪੇੜਾ ਨੇ ਇਨ੍ਹਾਂ ਨੂੰ ਡਰਪੋਕ ਅਤੇ ਕਮਜ਼ੋਰ ਕਰ ਦਿੱਤਾ ਹੈ। ਯੁੱਧ ਤੇ ਜਿੱਤਾਂ, ਮੁਗਲਾਂ ਦੇ ਹਮਲੇ ਤੇ ਉਨ੍ਹਾਂ ਦੀਆਂ ਹਾਰਾਂ, ਚੜਦੀ ਕਲਾ ਵਾਲੇ ਜਜ਼ਬੇ ਨੇ ਗੁਰੂ ਜੀ ਦੇ ਇਰਾਦੇ ਨੂੰ ਹੋਰ ਮਜ਼ਬੂਤ ਕੀਤਾ। ਅਨਕੂਲ ਵਾਤਾਵਰਣ ਬਣ ਚੁੱਕਾ ਸੀ, ਨਿਰਮਾਣ ਕਰਨ ਦੀ ਜ਼ਰੂਰਤ ਸੀ। ਗੁਰੂ ਨਾਨਕ ਦੇਵ ਜੀ ਵੱਲੋਂ ਦੱਸੇ ਹਏ ਅਸੂਲਾਂ ਨੂੰ ਪੱਕੀ ਸ਼ਕਲ ਦੇ ਕੇ ਦ੍ਰਿੜ ਕੀਤਾ ਜਾਵੇ। ਗੁਰੂ ਨਾਨਕ ਦਾ ਘਰ ਹੀ ਹੈ ਜੋ ਉਸਨੂੰ ਦੁਰਗਤੀ ਵਿਚੋਂ ਕੱਢ ਸਕਦਾ ਹੈ। ਪਹਿਲਾਂ ਮਸੰਦ ਕੱਢੇ, ਹੁਣ ਵਿਚੋਲੇ ਨੂੰ ਵੀ ਕੱਢ ਦਿੱਤਾ। ਵਾਹਿਗੁਰੂ ਜੀ ਕਾ ਖਾਲਸਾ ਬਣਾ ਦਿੱਤਾ।

ਹੁਕਮਨਾਮੇ ਭੇਜਣੇ ਆਰੰਭ ਕਰ ਦਿੱਤੇ ਕਿ ਸਿੱਖ ਜਗਤ ਵਿਸਾਖੀ ਵਾਲੇ ਦਿ ਅਨੰਦਪੁਰ ਸਾਹਿਬ ਪੁੱਜੇ। ਵਿਸਾਖੀ ਦਾ ਦਿਹਾੜਾ ਸਿੱਖਾਂ ਵਿਚ ਪਹਿਲਾਂ ਹੀ ਬਹੁਤ ਮਹੱਤਵ ਰੱਖਦਾ ਸੀ। ਵਿਸਾਖੀ ਵਾਲੇ ਦਿਨ ਹੀ ਗੁਰੂ ਨਾਨਕ ਦੇਵ ਜੀ ਧਰਤ ਸੋਧਣ ਚੜੇ ਸਨ, ਵਿਸਾਖੀ ਵਾਲੇ ਦਿਨ ਹੀ ਗੋਇੰਦਵਾਲ ਸਾਹਿਬ ਬਾਉਲੀ ਦਾ ਕੜ ਟੁੱਟਾ ਸੀ, ਪਾਣੀ ਪਿਆ ਕੇ ਅਤੇ ਇਸ਼ਨਾਨ ਕਰਕੇ ਭਿੱਟ ਦੂਰ ਕੀਤੀ ਸੀ। ਵਿਸਾਖੀ ਵਾਲੇ ਦਿਨ ਹੀ ਗੁਰੂ ਹਰਕ੍ਰਿਸ਼ਨ ਜੀ ਨੇ ਬਾਬਾ ਬਕਾਲਾ ਕਹਿ ਕੇ ਸੇਧ ਦਿੱਤੀ ਸੀ। ਵਿਸਾਖੀ ਵਾਲੇ ਦਿਨ ਸੂਰਜ ਆਪਣੀ ਪੂਰੀ ਉਚਾਈ ਤੇ ਹੁੰਦਾ ਹੈ। ਬਰਫ਼ਾਂ ਢਲ ਕੇ ਮੈਦਾਨਾਂ ਨੂੰ ਆਉਂਦੀਆਂ ਹਨ। ਇਕ ਜਾਗਰਤੀ ਦਾ ਪ੍ਰਤੀਕ ਹੈ।

ਵਿਸਾਖੀ ਵਾਲੇ ਦਿਨ 1699 ਨੂੰ ਕੇਸਗੜ੍ਹ ਦੀਵਾਨ ਸੱਜ ਗਿਆ। ਕੀਰਤਨ ਉਪਰੰਤ ਗੁਰੂ ਜੀ ਨੇ ਆਪਣੀ ਕਿਰਪਾਨ ਮਿਆਨ ਵਿਚੋਂ ਕੱਢ ਕੇ ਗਰਜ ਕੇ ਕਿਹਾ ਮੈਨੂੰ ਇਕ ਸਿਰ ਚਾਹੀਦਾ ਹੈ ਜੋ ਗੁਰੂ ਸਾਹਿਬਾਨ ਦੇ ਆਸ਼ਿਆ, ਨਿਮਾਣਿਆ ਤੇ ਕੁਰਬਾਨ ਕਰਨ ਲਈ ਤਿਆਰ ਹੋਏ। ਇਹ ਸੁਣ ਕੇ ਸਭ ਪਾਸੇ ਚੁੱਪ ਛਾ ਗਈ। ਤੀਜੀ ਵਾਰ ਪੁਕਾਰਨ ਤੇ ਦਇਆ ਰਾਮ ਨੇ ਸੀਸ ਭੇਂਟ ਕੀਤਾ, ਲਾਗੇ ਇਕ ਤੰਬੂ ਵਿਚ ਲੈ ਗਏ ਤੇ ਡਿਗਣ ਦੀ ਆਵਾਜ਼ ਆਈ। ਖ਼ੂਨ ਨਾਲ ਭਰੀ ਕਿਰਪਾਨ ਫਿਰ ਲਹਿਰਾਈ ਤੇ ਇਕ ਸੀਸ ਦੀ ਮੰਗ ਕੀਤੀ। ਦੂਜੀ ਵਾਰ ਦਿੱਲੀ ਦੇ ਧਰਮ ਦਾਸ ਜੀ ਆਏ, ਤੀਜੀ ਵਾਰ ਜਗਨ ਨਾਥ ਪੁਰੀ ਦੇ ਹਿੰਮਤ ਰਾਇ, ਚੌਥੀ ਵਾਰ ਦਵਾਰਕਾ ਦੇ ਛੀਬੇ ਮੁਹਕਮ ਚੰਦ, ਪੰਜਵੀ ਵਾਰ ਬਿਦਰ ਤੇ ਇਕ ਨਾਈ ਸਾਹਿਬ ਚੰਦ ਨੇ ਸੀਸ ਭੇਂਟ ਕੀਤੇ।

ਗੁਰੂ ਜੀ ਨੇ ਸੁੰਦਰ ਪੁਸ਼ਾਕਾਂ ਪੁਆ ਕੇ ਸੰਗਤਾਂ ਦੇ ਸਾਹਮਣੇ ਲਿਆਂਦਾ। ਅੰਮ੍ਰਿਤ ਤਿਆਰ ਕੀਤਾ ਤੇ ਪੰਜਾਂ ਪਿਆਰਿਆਂ ਨੂੰ ਛਕਾ ਕੇ 'ਸਿੰਘ' ਨਾਮ ਦੇ ਦਿੱਤਾ ਫਿਰ ਆਪ ਉਨ੍ਹਾਂ ਤੋਂ ਅੰਮ੍ਰਿਤ ਛਕਿਆ। ਅੰਮ੍ਰਿਤ ਦੀ ਮਹੱਤਤਾ ਦਿਖਾਉਣ ਲਈ ਆਪ ਅਮ੍ਰਿਤ ਛਕਿਆ।

ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ

ਇਹ ਇਕ ਇਨਕਲਾਬੀ ਕਦਮ ਸੀ। ਆਖਿਆ ਕਿ ਹੁਣ ਤੁਹਾਡੀ ਜਾਤ ਤੇ ਵਰਣ ਨਹੀਂ। ਜਾਤ ਪਾਤ ਨੂੰ ਮੁੱਢੋਂ ਹੀ ਮੁਕਾ ਦਿਓ। ਇਕ ਦੂਜੇ ਨਾਲੋਂ ਵੱਡਾ ਨਾ ਸਮਝੋ। ਸਾਰੇ ਇਕੋ ਬਾਟੇ ਵਿਚੋਂ ਅੰਮ੍ਰਿਤ ਛਕੋ। ਫਿਰ ਆਪ ਨੇ ਰਹਿਤ ਮਰਿਆਦਾ ਦ੍ਰਿੜ ਕਰਵਾਈ। ਭਾਵੇਂ ਕੁਝ ਇਨਕਾਰ ਵੀ ਕੀਤਾ ਪਰ ਉਸ ਸਮੇਂ 20,000 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ।

ਗੁਰੂ ਨਾਨਕ ਦੇਵ ਜੀ ਦਾ ਕਥਨ ਹੈ

'ਲਾਹੌਰ ਸ਼ਹਰ, ਜਹਰ ਕਹਰੁ ਤਪੇ ਸਵਾ ਪਹਰੁ

ਪਰ ਗੁਰੂ ਅਮਰਦਾਸ ਜੀ ਨੇ ਆਖਿਆ ਹੁਣ ਲਾਹੌਰ ਸ਼ਹਿਰ ਅੰਮ੍ਰਿਤ ਦਾ ਚਸ਼ਮਾ ਬਣ ਗਿਆ ਕਿਉਂਕਿ ਰਾਮਦਾਸ ਜੀ ਦਾ ਜਨਮ ਲਾਹੌਰ ਵਿਚ ਹੋਇਆ। ਉਸੇ ਲਾਹੌਰ ਵਿਚ ਗੁਰੂ ਅਰਜਨ ਦੇਵ ਜੀ ਨੇ ਬੁੱਧੂ ਦਾ ਆਵਾ ਕੱਚਾ ਕਹਿ ਕੇ ਦਇਆ ਦੇ ਅਰਥ ਸਮਝਾਏ ਸਨ। ਦਸਵੇਂ ਪਾਤਸ਼ਾਹ ਸਮੇਂ ਦਇਆ, ਖਾਲਸੇ ਦਾ ਅੰਗ ਬਣ ਗਿਆ।

ਦਿੱਲੀ ਸ਼ੁਰੂ ਤੋਂ ਹੀ ਸਿਆਸੀ ਚਾਲਾਂ ਦੀ ਗੜ੍ਹੀ ਰਹੀ ਹੈ, ਧਰਮ ਨਾਂ ਦੀ ਉਥੇ ਕੋਈ ਗੱਲ ਨਹੀਂ। ਔਰੰਗਜ਼ੇਬ ਨੇ ਪਹਿਲਾਂ ਆਪਣੇ ਪਿਤਾ ਨੂੰ ਕੈਦ ਕਰਾਇਆ ਫਿਰ ਆਪਣੇ ਭਰਾ ਦਾਰੇ ਨੂੰ ਮਾਰਿਆ, ਸਰਮਦ ਵਰਗੇ ਧਰਮੀਆਂ ਨੂੰ ਵੀ ਕਤਲ ਕਰਨ ਤੋਂ ਸੰਕੋਚ ਨਹੀਂ ਕੀਤਾ। ਗੁਰੂ ਤੇਗ ਬਹਾਦਰ ਵੀ ਧਰਮ ਹੇਤ ਦਿੱਲੀ ਪਧਾਰੇ, ਹੁਣ ਦਿੱਲੀ ਤੋਂ ਧਰਮ ਉੱਠਿਆ ਤੇ ਖਾਲਸੇ ਦਾ ਅੰਗ ਬਣ ਗਿਆ।

ਜਗਨ ਨਾਥ ਪੁਰੀ ਤੋਂ ਹਿੰਮਤ ਖਾਲਸੇ ਵਿਚ ਸਮਾ ਗਈ। ਹਿੰਮਤ ਬਗੈਰ ਖਾਲਸਾ ਅਧੂਰਾ ਹੈ। ਉਹ ਜਗਨ ਨਾਥ ਪੁਰੀ ਸਬੰਧੀ ਧਾਰਨਾ ਹੈ ਕਿ ਕ੍ਰਿਸ਼ਨਾ ਜੀ ਨੂੰ ਇਕ ਸ਼ਿਕਾਰੀ ਨੇ ਮਾਰ ਦਿੱਤਾ, ਉਨ੍ਹਾਂ ਦਾ ਸਰੀਰ ਪਿਆ ਸੜ ਗਿਆ। ਕਿਸੇ ਭਗਤ ਨੇ ਉਨ੍ਹਾਂ ਦੀਆਂ ਅਸਥੀਆਂ ਇਕ ਬਕਸੇ ਵਿੱਚ ਪਾ ਕੇ ਦੱਬ ਦਿੱਤੀਆਂ। ਉਥੋਂ ਰਾਜੇ ਇੰਦਰ ਨੂੰ ਸੁਪਨਾ ਆਇਆ ਕਿ ਉਨ੍ਹਾਂ ਦੀਆਂ ਅਸਥੀਆਂ ਜਗਨ ਨਾਥ ਦਾ ਬੁੱਤ ਬਣਾ ਕੇ ਵਿਚ ਰਖਵਾ ਦਿਓ। ਉਨ੍ਹਾਂ ਨੇ ਵਿਸ਼ਵਕਰਮਾ ਬੁਲਾ ਕੇ ਬੁੱਤ ਘੜਨ ਲਈ ਕਿਹਾ ਪਰ ਵਿਸ਼ਵਸ਼ਕਰਮਾ ਨੇ ਸ਼ਰਤ ਲਗਾ ਦਿੱਤੀ। ਕੋਈ ਵੀ ਜਗਨ ਨਾਥ ਦੀ ਮੂਰਤੀ ਨੂੰ ਮੁਕੰਮਲ ਹੋਣ ਤੋਂ ਪਹਿਲਾਂ ਵੇਖੇਗਾ ਤਾਂ ਉਥੇ ਹੀ ਕੰਮ ਬੰਦ ਕਰ ਦਿੱਤਾ ਜਾਵੇਗਾ। ਪੰਦਰਾਂ ਦਿਨਾਂ ਬਾਦ ਰਾਜਾ ਬੇਸਬਰਾ ਹੋ ਗਿਆ ਅਤੇ ਵਿਸ਼ਵਕਰਮਾ ਪਾਸ ਜਾ ਪੁੱਜਾ। ਉਨ੍ਹਾਂ ਨੇ ਗੁੱਸੇ ਵਿਚ ਆ ਕੇ ਕੰਮ ਬੰਦ ਕਰ ਦਿੱਤਾ। ਬੁੱਤ ਦੇ ਹੱਥ ਪੈਰ ਨਹੀਂ ਸੀ ਬਣਾਏ। ਜਦ ਹੱਥ ਪੈਰ ਹੀ ਨਹੀਂ ਤਾਂ ਰੱਖਿਆ ਕਿਸ ਤਰ੍ਹਾਂ ਕਰਾਂਗੇ, ਹਿੰਮਤ ਕਿਵੇਂ ਆਵੇਗੀ, ਇਸ ਕਰਕੇ

ਹਿੰਦੋਸਤਾਨ ਵਿਚ ਸਦੀਆਂ ਤੋਂ ਗੁਲਾਮੀ ਹੈ, ਹਿੰਮਤ ਨਾਲ ਟਾਕਰਾ ਕਰਨ ਦੀ ਭਾਵਨਾ ਨਹੀਂ। ਕਲਗੀਆਂ ਵਾਲੇ ਉਥੋਂ ਹਿੰਮਤ ਰਗਾਂ ਵਿਚ ਸਮਾਂ ਦਿੱਤੀ। ਹਿੰਮਤ ਬਗੈਰ ਖਾਲਸਾ ਅਧੂਰਾ ਹੋਏਗਾ।

ਦੁਵਾਰਕਾ ਪੁਰੀ ਹਿੰਦੂਆਂ ਦੀਆਂ ਸੱਤ ਪੁਰੀਆ ਵਿਚੋਂ ਇਕ ਪੁਰੀ ਹੈ, ਜਿਥੇ ਕ੍ਰਿਸ਼ਨ ਦੀ ਯਾਦ ਵਿਚ ਮੰਦਰ ਹੈ, ਜਿਥੇ ਧਾਰਨਾ ਹੈ ਕਿ ਕ੍ਰਿਸ਼ਨ ਜੀ ਨੇ ਅਰਜਨ ਨੂੰ ਜੰਗ ਵਿਚ ਲੜਨ ਦਾ ਉਪਦੇਸ਼ ਦਿੱਤਾ ਸੀ। ਉਥੋਂ ਹੀ ਕ੍ਰਿਸ਼ਨ ਜੀ ਰਣ ਛੱਡ ਕੇ ਸਮੁੰਦਰ ਕਿਨਾਰੇ ਜਾ ਬੈਠੇ। ਕਲਗੀਆਂ ਵਾਲੇ ਪਾਤਸ਼ਾਹ 'ਅਤਿ ਹੀ ਰਣ ਮੈ ਤਬ ਜੂਝ ਮਰਉ' ਉਥੋਂ ਮੁਹਕਮ ਪੈਦਾ ਕੀਤਾ ਬਿਦਰ ਨਾਨਕ ਝੀਰਾ ਦੇ ਨਾਂ ਤੇ ਜਾਣਦੇ ਹਾਂ। ਗੁਰੂ ਨਾਨਕ ਦੇਵ ਜੀ ਨੇ ਪਾਣੀ ਦੀ ਤੋਟ ਨਹੀਂ ਰਹਿਣ ਦਿੱਤੀ। ਧਾਰਨਾ ਪ੍ਰਚਲਤ ਹੈ ਕਿ ਰਾਜਾ ਵਿਚਤ੍ਰਵੀਰ ਦੀ ਦਾਸੀ ਤੋਂ ਵਿਆਸ ਦਾ ਪੁੱਤਰ ਬਿਦਰ ਸੀ। ਕੌਰਵ ਉਸ ਤੇ ਯਕੀਨ ਨਹੀਂ ਸੀ ਕਰਦੇ। ਕ੍ਰਿਸ਼ਨ ਜੀ ਨੇ ਉਸਨੂੰ ਸਤਿਕਾਰ ਤਾਂ ਦਿੱਤਾ, ਪਰ ਰਾਜ ਨਾ ਦਿਵਾ ਸਕੇ। ਦੁਰੇ-ਦੁਰੇ ਹੁੰਦੀ ਰਹੀ। ਬਿਦਰ ਤੋਂ ਸਾਹਿਬ ਨੂੰ ਖਾਲਸੇ ਨੇ ਸਰਦਾਰੀ ਬਖ਼ਸ਼ੀ।

ਕੁਰਹਿਤਾਂ ਵਿਚ ਰੋਮਾਂ ਦੀ ਬੇਅਦਬੀ ਨਹੀਂ ਕਰਨੀ। ਅਭਾਖਿਆ ਕਾ ਕੁਠਾ ਬੱਕਰਾ ਨਾ ਖਾਣਾ (ਆਇਤਾ ਪੜ੍ਹ ਕੇ ਮਾਸ ਖਾਣਾ) ਸਿੱਖ ਨੂੰ ਕਿਸੇ ਪਰਾਈ ਔਰਤ ਨੂੰ ਮਾੜੀ ਨਜ਼ਰ ਨਾਲ ਨਾ ਦੇਖਣਾ। ਤਮਾਕੂ ਸਭ ਰੋਗਾਂ ਦੀ ਜੜ੍ਹ ਹੈ। ਮਨੁੱਖ ਨੂੰ ਆਲਸੀ, ਵਿਹਲੜ ਤੇ ਗੁਲਾਮ ਬਣਾ ਦਿੰਦਾ ਹੈ। ਇਸ ਲਈ ਤਮਾਕੂ ਨਾ ਸੇਵਨ ਕਰਨ ਦਾ ਕਰੜਾ ਹੁਕਮ ਦਿੱਤਾ।

ਅਮਲ ਸਿਰਫ ਪਰਸ਼ਾਦੇ ਦਾ, ਨਾਮ ਬਾਣੀ ਦਾ ਪਾਠ ਆਤਮਕ ਬਲ ਦੇਵੇਗਾ। ਗੁਰੂ ਜੀ ਨੇ ਇਕੋ ਬਾਟੇ ਵਿਚ ਅੰਮ੍ਰਿਤ ਛਕਾ ਕੇ, ਇਕੋ ਰਹਿਤ ਦੇ ਕੇ, ਇਕ ਨਿਸ਼ਾਨ ਸਾਹਿਬ ਥੱਲੇ ਇਕੱਠੇ ਕਰਕੇ, ਇਕ ਲੀਡਰ ਜਾਂ ਗੁਰੂ ਗੁਰੂ ਗ੍ਰੰਥ ਸਾਹਿਬ ਅਧੀਨ, ਸਾਂਝਾ ਆਦਰਸ਼ ਲਈ, ਕਦੇ ਨਾ ਭੰਗ ਹੋਣ ਵਾਲੀ ਏਕਤਾ ਵਿਚ ਪਰੋਅ ਦਿੱਤਾ। ਗੁਰੂ ਜੀ ਨੇ ਨੀਵੀਂ ਜਾਤਾਂ ਦੇ ਨਾਈ, ਛੀਂਬੇ, ਖੱਤਰੀ, ਝੀਉਰ ਨੂੰ ਜਿਨ੍ਹਾਂ ਕਦੇ ਸ਼ਾਸ਼ਤਰ ਨੂੰ ਹੱਥ ਨਹੀਂ ਸੀ ਲਾਇਆ ਉਨ੍ਹਾਂ ਨੂੰ ਅਗਵਾਈ ਦਿੱਤੀ ਜਿਸ ਬੂਟੇ ਦੀ ਬਿਜਾਈ ਗੁਰੂ ਨਾਨਕ ਦੇਵ ਜੀ ਨੇ ਕੀਤੀ, ਅੱਠ ਗੁਰੂ ਸਾਹਿਬਾਨ ਨੇ ਸਿੰਜਿਆ। ਫਲ ਗੋਬਿੰਦ ਸਿੰਘ ਜੀ ਵੇਲੇ ਪੱਕਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਆਤਮਕ ਸ਼ਕਤੀ ਅਤੇ ਸੂਰਬੀਰਤਾ ਭਰੀ ਜਿਸ ਤੇਜੀ ਨਾਲ ਖ਼ਾਲਸੇ ਨੇ ਆਉਣ ਵਾਲੇ ਸਮੇਂ ਵਿਚ ਤਰੱਕੀ ਕੀਤੀ, ਮੱਲਾਂ ਮਾਰੀਆਂ, ਜ਼ੁਲਮ ਅੱਤਿਆਚਾਰ ਦੇ ਵਿਰੁੱਧ ਖੜੋਏ, ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਉਹ ਖ਼ਾਲਸਾ ਸਾਜਣ ਦੀ ਲੋੜ ਦੀ ਗਵਾਹ ਹੈ। ਗੁਰੂ ਨਾਨਕ ਤੋਂ ਗੁਰੂ ਗੋਬਿੰਦ ਜੀ ਨੇ 230 ਸਾਲਾਂ ਬਾਅਦ ਇਕ ਐਸਾ ਖਾਲਸਾ ਤਿਆਰ ਕਰ ਦਿੱਤਾ ਜਿਸ ਅੱਗੇ ਕੋਈ ਵੀ ਕੁਸਕ ਨਹੀਂ ਸਕੇਗਾ।

ਭਾਈ ਗੁਰਦਾਸ ਜੀ ਦੂਜੇ ਅਕਾਲ ਪੁਰਖ ਦੇ ਹੁਕਮ ਨਾਲ ਆਤਮਕ ਗਿਆਨ

ਪ੍ਰਾਪਤ ਹੋਇਆ ਤੇ ਸਹਿਜ ਅਵਸਥਾ ਨਾਲ ਖਾਲਸਾ ਸਾਜਿਆ ਗਿਆ

ਤਬ ਸਹਿਜੇ ਰਚਿਓ ਖਾਲਸਾ, ਸਾਬਤ ਮਰਦਾਨਾ।

ਖਾਲਸਾ ਕੋਈ ਵੀ ਕਰਮ ਆਪ ਹੁਦਰਾ ਨਹੀਂ ਕਰਦਾ, ਸਾਰੇ ਕਰਮ ਅਕਾਲਪੁਰਖ ਦੇ ਹੁਕਮ ਮੁਤਾਬਕ ਹੁੰਦੇ ਹਨ। ਖਾਲਸਾ ਉਹ ਹੈ ਜੋ ਕੇਸ ਰੱਖੇ, ਕਛਹਿਰੇ ਦਾ ਧਾਰਨੀ ਹੋਵੇ, ਕੜਾ ਪਹਿਨੇ, ਕੰਘਾ ਰੱਖੇ ਅਤੇ ਕਿਰਪਾਨ ਅੰਗ ਸੰਗ ਰੱਖੇ।

ਦੂਜੇ ਪਾਸੇ ਕੇਸਾਂ ਦੀ ਬੇਦਅਬੀ ਨਾ ਕਰੇ, ਅਭਾਖਿਆ ਕਾ ਕੁਠਾ ਨਾ ਖਾਏ। ਜਗਤ ਝੂਠ ਤਮਾਕੂ ਨਾ ਸੇਵੇ ਆਚਰਨ ਦੀ ਮੂਰਤ ਬਣੇ ਪਰਤਨ ਗਾਮੀ ਨਾ ਹੋਵੇ।

ਹਰ ਕਕਾਰ ਪਿੱਛੇ ਸਦੀਆਂ ਦਾ ਇਤਿਹਾਸ ਹੈ। ਕੇਸਾਂ ਦਾ ਸਤਿਕਾਰ ਪ੍ਰਗਟਾਇਆ, ਗੁਰੂ ਰਾਮਦਾਸ ਜੀ ਕੇਸਾਂ ਦੀ ਹੋਰ ਪ੍ਰਤਭਾ, ਸਿਰੀ ਚੰਦ ਜੀ ਨੂੰ ਨਿਮਰਤਾ ਸਹਿਤ ਦੱਸੀ। ਗੁਰੂ ਹਰਿ ਰਾਏ ਜੀ ਨੇ ਹੁਕਮ ਦਿੱਤਾ ਕੇਸ ਨਾ ਕਟਾਉਣੇ, ਤਮਾਕੂ ਨਾ ਪੀਣਾ ਤੇ ਟੋਪੀ ਨਾ ਪਹਿਨਣੀ।

ਗੁਰੂ ਗੋਬਿੰਦ ਸਿੰਘ ਜੀ ਨੇ ਵਾਹਿਗੁਰੂ ਦਾ ਰੂਪ ਬਣਾਉਣ ਲਈ ਕੇਸ ਬਖਸ਼ੇ। ਕਿਰਪਾਨ ਸਵੈਮਾਨ ਦਾ ਪ੍ਰਭੂਸੱਤਾ ਚਿੰਨ੍ਹ ਹੈ। ਕ੍ਰਿਪਾਨ ਦੂਜੇ ਦੇ ਹਵਾਲੇ ਕਰ ਦਿਓ ਤਾਂ ਸਮਝੋ ਅਧੀਨ ਹੋ ਗਏ। ਸਿੱਖ ਨੇ ਪ੍ਰਭੂਸੱਤਾ ਆਪਣੇ ਹੱਥ ਵਿਚ ਰੱਖਣੀ ਹੈ।

ਕਛਿਹਰਾ– ਸਦਾਚਾਰ ਦਾ ਚਿੰਨ ਹੈ। ਸਿੱਖ ਸ਼ਕਤੀ ਦਾ ਸਾਧਨ ਕਿਸੇ ਤਪ, ਤਪੱਸਿਆ, ਜਤ ਸਤ ਨੂੰ ਨਹੀਂ ਮੰਨਦਾ, ਨੰਗੇ ਰਹਿ ਕੇ ਮੁਕਤੀ ਪ੍ਰਾਪਤ ਕਰਨ ਨੂੰ ਮਾੜਾ ਕਹਿੰਦਾ। ਕੜਾ ਵਹਿਮਾਂ ਭਰਮਾਂ ਵਿਚ ਨਹੀਂ ਫਸਣਾ, ਕੜਾ ਗੋਲ ਕਰਕੇ ਇਹ ਸਿਖਿਆ ਦਿੰਦਾ ਹੈ ਕਿ ਸਿੱਖ ਵਿਸ਼ਵ ਨਾਗਰਿਕ ਹੈ, ਕਿਸੇ ਪੇਸ਼ੇ, ਕਿੱਤੇ, ਜਾਤ, ਧਰਮ, ਰੰਗ ਨੂੰ ਨਫ਼ਰਤ ਨਹੀਂ ਕਰਦਾ।

ਕੰਘਾ– ਸੁਥਰਾ ਤੇ ਸੁਚਮ ਦਾ ਪ੍ਰਤੀਕ ਹੈ, ਸਿੰਘ ਨੇ ਕੰਘਾ ਰੱਖਣਾ, ਦੋਵੇਂ ਸਮੇਂ ਵਰਤਨਾ ਹੈ। ਸੁੱਚ ਹੋਵੇ ਤਾਂ ਸਚਿ ਪਾਈਐ। ਸੰਸਾਰ ਵਿਚ ਰਹਿ ਕੇ ਸਾਫ ਸੁਥਰੇ ਰਹਿਣਾ ਹੈ। ਵਿਸਾਖੀ ਦੇ ਪੂਰਬ ਤੇ ਅੰਮ੍ਰਿਤ ਛੱਕ ਕੇ ਸਿੱਖ ਨਵੇਂ ਉਤਸ਼ਾਹ ਲੈ ਕੇ ਆਪਣੇ ਘਰਾਂ, ਪਿੰਡਾਂ, ਸ਼ਹਿਰਾਂ ਨੂੰ ਗਏ। ਉਹਨਾਂ ਦੇ ਵਿਚ ਬਹਾਦਰੀ, ਜੋਸ਼, ਕੁਰਬਾਨੀ ਤੇ ਸੁਰੱਖਿਆ ਭਾਵਨਾ ਪੈਦਾ ਹੋਈ। ਦੂਜੇ ਪਾਸੇ ਪਹਾੜੀ ਰਾਜੇ ਇਸ ਗੱਲ ਤੇ ਈਰਖਾ ਕਰਨ ਲੱਗੇ, ਬਰਾਬਰ ਦੀ ਉੱਠ ਰਹੀ ਪ੍ਰਭੂਸੱਤਾ ਤੇ ਭੈਅਭੀਤ ਹੋਣ ਲੱਗੇ। ਔਰੰਗਜ਼ੇਬ ਪਾਸ ਅਰਜ਼ੀਆਂ ਭੇਜੀਆਂ, ਖਾਲਸੇ ਦੀ ਵੱਧ ਰਹੀ ਸ਼ਕਤੀ ਬਾਰੇ ਲਿਖਿਆ। ਨਾਲ ਹੀ ਇਹ ਆਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਤਾਂ ਇਹ ਆਖ ਰਹੇ ਹਨ ਕਿ ਐਸਾ ਖਾਲਸਾ ਸਾਜਿਆ ਜਿਹੜਾ ਕਿ ਹਿੰਦੂਆਂ ਅਤੇ ਮੁਸਲਮਾਨਾਂ ਦੀ ਅੱਖਾਂ ਵਿਚ ਤੀਲੇ ਵਾਂਗੂ ਰੜਕੇਗਾ।

ਮੈਂ ਅਬ ਸਫਾ ਮਲੇਛ ਕੀ, ਦੇਹੈ ਅਬੇ ਉਠਾਏ

ਉਧਰ ਹਿੰਦੂ ਰਾਜੇ ਗੁਰੂ ਗੋਬਿੰਦ ਸਿੰਘ ਜੀ ਵੱਧ ਰਹੀ ਸ਼ਕਤੀ ਨੂੰ ਰੋਕਣਾ ਚਾਹੁੰਦੇ ਸਨ। ਔਰੰਗਜ਼ੇਬ ਨੇ ਵੀ ਸਰਹੰਦ ਦੇ ਨਵਾਬ ਨੂੰ ਵੀ ਹੁਕਮ ਦਿੱਤਾ। 1700 ਈ: ਦੀਨਾ ਬੇਗ ਅਤੇ ਪੈਂਦੇ ਖਾਨ ਦੀ ਅਗਵਾਈ ਵਿਚ ਫੌਜ ਭੇਜੀ। ਅਨੰਦਪੁਰ ਦੇ ਮੈਦਾਨ ਵਿਚ

ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਜੋ ਕਿ 15 ਕੁ ਸਾਲ ਦੇ ਸਨ ਫੌਜ ਨੂੰ ਏਨੀ ਭਾਂਜ ਦਿੱਤੀ ਤੇ ਰਾਜੇ ਘਬਰਾ ਗਏ। ਫੌਜ ਨੂੰ ਪਿਛੇ ਮੁੜਦਾ ਦੇਖ ਪੈਂਦੇ ਖਾਨ ਅੱਗੇ ਵਧਿਆ। ਗੁਰੂ ਜੀ ਨੇ ਇਸ਼ ਤਰ੍ਹਾਂ ਨਿਸ਼ਾਨਾ ਬਿੰਨ੍ਹਿਆ ਉਹ ਥਾਂ ਹੀ ਢੇਰ ਹੋ ਗਿਆ। ਦੀਨਾ ਬੇਗ ਫੌਜਾਂ ਸਮੇਤ ਭੱਜ ਉੱਠਿਆ। ਗੁਰੂ ਜੀ ਨੇ ਕਿਲੇ ਹੋਰ ਮਜ਼ਬੂਤ ਕਰ ਲਏ।

ਦੂਜੀ ਲੜਾਈ ਵਿਚ ਪਹਾੜੀ ਰਾਜਿਆਂ ਨੇ ਢਕਵੰਜ ਡਾਹ ਕੇ ਆਪ ਹੀ ਲੜਨ ਦਾ ਫੈਸਲਾ ਕੀਤਾ ਕਿ ਜਾਂ ਤਾਂ ਗੁਰੂ ਸਾਹਿਬ ਈਨ ਮੰਨਣ ਜਾਂ ਅਨੰਦਪੁਰ ਸਾਹਿਬ ਦੀ ਜ਼ਮੀਨ ਦਾ ਪਟਾ ਦੇਣ। ਗੁਰੂ ਜੀ ਨੇ ਲਿਖਿਆ ਇਹ 700 ਵਿਘੇ ਜ਼ਮੀਨ ਮੁੱਲ ਤਾਰ ਕੇ ਗੁਰੂ ਤੇਗ ਬਹਾਦਰ ਜੀ ਨੇ ਲਈ ਹੈ। ਹੋਰ ਅਦਾਇਗੀ ਨੇਜੇ ਦੇ ਜ਼ੋਰ ਨਾਲ ਹੀ ਹੋ ਸਕਦੀ ਹੈ। ਪਹਾੜੀ ਰਾਜਿਆਂ ਨੇ ਰੰਘੜਾ, ਗੁੱਜਰਾਂ ਨੂੰ ਨਾਲ ਲੈ ਕੇ ਅਨੰਦਪੁਰ ਤੇ ਹਮਲਾ ਬੋਲ ਦਿੱਤਾ। ਜਦੋਂ ਸਿੱਖਾਂ ਨੂੰ ਪਤਾ ਲੱਗਾ ਤਾਂ ਮਾਝੇ ਮਾਲਵੇ ਤੋਂ ਸਿੰਘ ਹਥਿਆਰਾਂ ਸਮੇਤ ਚੱਲ ਪਏ ਤੇ ਹਮਲਾ ਕਰ ਦਿੱਤਾ। ਪਹਾੜੀ ਰਾਜੇ ਸ਼ਾਮ ਤੋਂ ਪਹਿਲਾਂ ਹੀ ਪਿੱਛੇ ਹਟ ਗਏ।

ਜਦੋਂ ਪਹਾੜੀ ਰਾਜਿਆਂ ਨੇ ਦੇਖਿਆ ਕਿ ਸਫ਼ਲਤਾ ਨਹੀਂ ਮਿਲਣੀ ਤਾਂ ਬਾਹਰੋਂ ਰਸਦਾ ਤੇ ਰੁਕਾਵਟ ਪਾ ਦਿੱਤੀ। ਜਦੋਂ ਕਿਲ੍ਹੇ ਅੰਦਰੋਂ ਕੋਈ ਕਮਜ਼ੋਰੀ ਨਜ਼ਰ ਆਈ ਤਾਂ ਮਸਤ ਹਾਥੀ ਤੋਂ ਕਿਲ੍ਹੇ ਦਾ ਦਰਵਾਜ਼ਾ ਤੁੜਵਾਉਣ ਦੀ ਨੀਤੀ ਬਣਾਈ। ਉਪਰ ਗੁਰੂ ਜੀ ਨੇ ਮੁਸਕਰਾ ਕੇ ਦੁਨੀ ਚੰਦ ਵੱਲ ਇਸ਼ਾਰਾ ਕਰਕੇ ਕਿਹਾ ਸਾਡੇ ਕੋਲ ਵੀ ਇਕ ਹਾਥੀ ਹੈ। ਦੁਨੀ ਚੰਦ ਰਾਤ ਨੂੰ ਕੰਧਾਂ ਟੱਪ ਕੇ ਭੱਜ ਗਿਆ ਅਤੇ ਲੱਤ ਤੁੜਵਾ ਬੈਠਾ ਤੇ ਹੋਰ ਵੀ ਸਿੰਘ ਭੁੱਖੇ ਤਿਹਾਏ ਦੁਨੀ ਚੰਦ ਦੇ ਪਿੱਛੇ ਲੱਗ ਕੇ ਦੀਵਾਰ ਟੱਪ ਕੇ ਅਨੰਦਪੁਰ ਦੀ ਦੂਜੀ ਲੜਾਈ ਲਈ ਭੱਜੇ ਸਨ। ਜਦੋਂ ਘਰੀ ਪਹੁੰਚੇ ਤਾਂ ਮਾਵਾਂ ਭੈਣਾਂ ਨੇ ਬਹੁਤ ਬੁਰਾ ਭਲਾ ਕਿਹਾ, ਚੂੜੀਆਂ ਪਾ ਲਓ, ਸਾਡੇ ਨਾਲ ਤੁਹਾਡਾ ਕੋਈ ਸਬੰਧ ਨਹੀਂ, ਤੁਸੀਂ ਤਾਂ ਗੁਰੂ ਜੀ ਨੂੰ ਵੀ ਧੋਖਾ ਦੇ ਆਏ। ਸਾਡੇ ਕੀ ਲੱਗਦੇ ਹੋ, ਉਨ੍ਹਾਂ ਨੂੰ ਬਹੁਤ ਨਿਰਾਸ਼ਾ ਹੋਈ। ਭਾਈ ਬਚਿੱਤਰ ਸਿੰਘ ਨੂੰ ਨਾਗਣੀ ਦੇ ਕੇ ਥਾਪੀ ਦਿੱਤੀ ਤੇ ਕਿਲ੍ਹੇ ਦੀ ਦੀਵਾਰ ਤੇ ਭੇਜ ਦਿੱਤਾ। ਜਦੋਂ ਮਸਤ ਹਾਥੀ ਦਰਵਾਜ਼ੇ ਵੱਲ ਵਧਿਆ ਤਾਂ ਨਾਗਣੀ ਉਸਦੇ ਮੱਥੇ ਨੂੰ ਚੀਰ ਗਈ। ਹਾਥੀ ਚੀਕਦਾ ਤੇ ਪਹਾੜੀ ਫੌਜਾਂ ਨੂੰ ਲਿਤਾੜਦਾ ਭੱਜ ਗਿਆ।

ਜਦੋਂ ਸਭ ਹੀਲੇ ਮੁਕ ਗਏ ਤਾਂ ਵਜ਼ੀਰ ਪਰਮਾਨੰਦ ਨੇ ਗਊ ਦੇ ਗੋਬਰ ਨਾਲ ਲਿਖ ਕੇ ਅਤੇ ਗਊ ਵੀ ਦਰਵਾਜ਼ੇ ਨਾਲ ਬੰਨ੍ਹ ਗਏ ਕਿ ਕੁਝ ਸਮੇਂ ਲਈ ਅਨੰਦਪੁਪਰ ਛੱਡ ਜਾਣ।

ਗੁਰੂ ਜੀ ਨੇ ਵਿਚਾਰ ਕੀਤੀ ਕੋਈ ਹਰਜ ਨਹੀਂ, ਕਿਉਂਕਿ ਮਾਲਵਾ, ਕੁਰਕੁਸ਼ੇਤਰ ਵਲ ਜਾਣਾ ਚਾਹੁੰਦੇ ਸੀ। ਅਕਤੂਬਰ 1702 ਅਨੰਦਪੁਰ ਛੱਡ ਕੇ ਨਿਰਮੋਹੀ ਉਚੇ ਟਿੱਬੇ ਪਹੁੰਚੇ ਹੀ ਸਨ ਕਿ ਕਹਿਲੂਰ ਦੀਆਂ ਫੌਜਾਂ ਨੇ ਹੱਲਾ ਬੋਲ ਦਿੱਤਾ। ਪਰ ਗੁਰੂ ਜੀ ਦੇ ਤੀਰਾਂ ਅੱਗੇ ਫੌਜ ਟਿਕ ਨਾ ਸਕੀ। ਅਜਮੇਰ ਚੰਦ ਨੇ ਔਰੰਗਜ਼ੇਬ ਨੂੰ ਫੌਰੀ ਫੌਜ਼ ਭੇਜਣ ਲਈ ਕਿਹਾ। ਸਰਹੰਦ ਦਾ ਸੂਬੇਦਾਰ ਵਜੀਦ ਖਾਨ ਆਪ ਫ਼ੌਜਾਂ ਲੈ ਕੇ ਨਿਰਮੋਹੀ ਵੱਲ ਵਧਿਆ ਤਿੰਨ ਘੰਟੇ ਘਮਸਾਨ ਦਾ ਯੁੱਧ ਹੋਇਆ ਪਰ ਸਫ਼ਲਤਾ ਨਾ ਮਿਲੀ। ਪਹਾੜੀ ਰਾਜੇ ਪਿੱਛੇ

ਹਟ ਗਏ।

ਫਿਰ ਬਸਾਲੀ ਚਲੇ ਗਏ। ਬਸਾਲੀ ਦੇ ਰਾਜੇ ਨੇ ਬੜਾ ਚਾਅ ਕੀਤਾ। ਪਹਾੜੀ ਰਾਜੇ ਅਜਮੇਰ ਚੰਦ ਬਹੁਤ ਦੁਖੀ ਹੋ ਕੇ ਬਸਾਲੀ ਤੇ ਹਮਲਾ ਕਰ ਦਿੱਤਾ ਜਦੋਂ ਗੁਰੂ ਜੀ ਨੂੰ ਪਤਾ ਲੱਗਾ ਕਲਗੀਆਂ ਵਾਲੇ ਨੇ ਅੰਨ੍ਹੇ ਵਾਰ ਕੀਤੇ ਤੇ ਉਹ ਭੱਜ ਉੱਠੇ। ਈਨ ਮੰਨ ਲਈ ਤੇ ਇਹ ਸੋਚਣ ਲੱਗ ਪਏ ਕਿ ਗੁਰੂ ਜੀ ਨਾਲ ਨਾ ਵਿਗਾੜੀ ਜਾਏ। ਗੁਰੂ ਸਾਹਿਬ ਅਨੰਦਪੁਰ ਮੁੜ ਆਏ।

ਅਨੰਦਪੁਰ ਆਇਆਂ ਨੂੰ ਥੋੜਾ ਹੀ ਸਮਾਂ ਹੋਇਆ ਸੀ ਤੇ ਪਤਾ ਲੱਗਾ ਕਿ ਕੁਰਕੇਸ਼ਤਰ ਸੂਰਜ ਗ੍ਰਹਿਣ ਦਾ ਮੇਲਾ ਨੇੜੇ ਆ ਗਿਆ। ਉਹ ਵਹਿਮਾਂ ਵਿਚ ਪਈ ਜਨਤਾ ਨੂੰ ਵਹਿਮਾਂ ਭਰਮਾਂ ਵਿਚੋਂ ਕੱਢਣਾ ਚਾਹੁੰਦੇ ਸਨ। ਉਥੇ ਗਏ ਜਦੋਂ ਸੂਰਜ ਗ੍ਰਹਿਣ ਦੀ ਦਖਨਾ ਮੰਗੀ ਤਾਂ ਇਕ ਗਧਾ ਦੇ ਦਿੱਤਾ ਤੇ ਬ੍ਰਾਹਮਣ ਦਾ ਭਰਮ ਤੋੜਿਆ। ਕੁਰਕੂਸ਼ੇਤਰ ਤੇ ਆਪ ਜੀ ਮਾਲਵੇ ਵਿਚ ਲੱਖੀ ਜੰਗਲਾਂ ਜਿਹੜਾ ਕਿ ਜੰਗਲ ਬਹੁਤ ਰਮਣੀਕ ਜਗ੍ਹਾ ਸੀ। ਸਿੱਖਾਂ ਨੂੰ ਅੰਮ੍ਰਿਤ ਛੱਕ ਕੇ ਤਿਆਰ ਬਰ ਤਿਆਰ ਰਹਿਣ ਦੀ ਪ੍ਰੇਰਣਾ ਦਿੱਤੀ। ਲੱਖੀ ਜੰਗਲ ਸਿੱਖਾਂ ਦੀ ਰੀੜ੍ਹ ਦੀ ਹੱਡੀ ਸੀ। ਉਸਨੂੰ ਮਜ਼ਬੂਤ ਰੱਖਣਾ ਬਹੁਤ ਜ਼ਰੂਰੀ ਸੀ। ਉਧਰ ਲਾਹੌਰ ਦਰਬਾਰ ਵਿਚ ਵੀ ਕਾਫੀ ਉਥਲ ਪੁਥਲ ਹੋ ਰਹੀ ਸੀ। ਜਬਰਦਸਤ ਖਾਨ ਨੂੰ ਔਰੰਗਜ਼ੇਬ ਨੂੰ ਲਾਹੌਰ ਦੇ ਸੂਬੇਦਾਰੀ ਨਾਲ ਹੀ ਲੱਖੀ ਜੰਗਲ ਤੇ ਨਜ਼ਰ ਰੱਖਣ ਲਈ ਕਿਹਾ। ਉਧਰ ਨਵਾਬ ਸਰਹੰਦ ਨੂੰ ਵੀ ਨਾਕਾਬੰਦੀ ਕਰਨ ਦੀ ਹਦਾਇਤ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਸੂਹ ਮਿਲ ਜਾਂਦੀ ਸੀ, ਉਹ ਲੰਮਾ ਪੈਂਡਾ ਮੁਕਾ ਕੇ ਅਨੰਦਪੁਰ ਦੇ ਨੇੜੇ ਤੇੜੇ ਪੁੱਜ ਗਏ ਤਾਂ ਅਜਮੇਰ ਚੰਦ ਪੁੱਤਰ ਭੀਮ ਚੰਦ ਕੋਹਲਪੁਰੀਆ ਨੇ ਨਵਾਬ ਸਰਹੰਦ ਨੂੰ ਇਸ ਗੱਲ ਲਈ ਮਨਾ ਲਿਆ ਕਿ ਸੈਦ ਬੇਗ ਤੇ ਅਲਫ ਖਾਨ ਨਾਲ 2 ਹਜ਼ਾਰ ਰੁਪਏ ਹਰ ਰੋਜ਼ ਦਾ ਕਰਕੇ ਰੋਪੜ ਰੋਕ ਲਿਆ ਜਾਵੇ ਤਾਂ ਗੁਰੂ ਗੋਬਿੰਦ ਸਿੰਘ ਜੀ ਰਾਹ ਵਿਚ ਰੋਕ ਕੇ ਖਤਮ ਕਰਵਾ ਦੇਈਏ। ਜਰਨੈਲ ਸੈਦ ਬੇਗ ਸੋਚਣ ਲੱਗਾ ਕਿ ਪੈਸਿਆਂ ਦੀ ਖਾਤਰ ਹਮਲਾ ਕਰਨਾ ਕਿੱਥੋਂ ਦਾ ਇਨਸਾਫ ਹੈ। ਸਗੋਂ ਉਹ ਹਥਿਆਰ ਸੁੱਟ ਕੇ ਗੁਰੂ ਜੀ ਦੀ ਸ਼ਰਨ ਆ ਗਿਆ ਅਨੰਦਪੁਰ ਰਹਿਣ ਲੱਗਾ। ਬਾਅਦ ਵਿਚ ਗੁਰੂ ਜੀ ਅਨੰਦਪੁਰ ਛੱਡਣ ਸਮੇਂ ਉਥੇ ਹੀ ਰਿਹਾ ਬਾਅਦ ਵਿਚ ਕਾਬਲ ਚਲਾ ਗਿਆ ਉਥੇ ਹੀ ਮ੍ਰਿਤੂ ਹੋ ਗਈ।

ਅਨੰਦਪੁਰ ਦੀ ਤੀਜੀ ਲੜਾਈ– ਪਹਾੜੀ ਰਾਜੇ ਔਰੰਗਜ਼ੇਬ ਨੂੰ ਦਰਖਾਸਤਾ ਗੁਰੂ ਜੀ ਵਿਰੁੱਧ ਭੇਜਦੇ ਸਨ। ਔਰੰਗਜ਼ੇਬ ਨੇ ਜਰਨੈਲ ਸੈਦ ਖ਼ਾਨ ਨੂੰ ਭੇਜਿਆ ਕਿਉਂਕਿ ਖਿਆਲ ਸੀ ਸੈਦ ਖਾਨ ਪੀਰ ਬੁੱਧੂ ਸ਼ਾਹ ਦਾ ਸਾਲਾ ਸੀ। ਪੀਰ ਬੁੱਧੂ ਸ਼ਾਹ ਨੂੰ ਗੁਰੂ ਜੀ ਦੀ ਮਦਦ ਤੋਂ ਰੋਕੇਗਾ। ਉਹ ਰੋਕਣ ਲਈ ਆਪਣੀ ਭੈਣ ਨਸੀਰਾ ਤੇ ਭਣੇਵਿਆਂ ਕੋਲ ਸਢੌਰ ਗਿਆ। ਉਹ ਉਨ੍ਹਾਂ ਤੋਂ ਗੁਰੂ ਸਾਹਿਬ ਜੀ ਦੀ ਮਹਿਮਾ ਸੁਣ ਕੇ ਬਹੁਤ ਪ੍ਰਭਾਵਤ ਹੋਇਆ ਪੀਰ ਬੁੱਧੂ ਸ਼ਾਹ ਪਹਿਲਾਂ ਹੀ ਗੁਰੂ ਜੀ ਦੀ ਮਦਦ ਲਈ ਪਹੁੰਚ ਚੁੱਕਾ ਸੀ। ਜੰਗ ਸ਼ੁਰੂ ਹੋ ਗਈ ਸੀ। ਸੈਦ ਖ਼ਾਨ ਲੜਨਾ ਚਾਹੁੰਦਾ ਸੀ ਪਰ ਉਹਦੇ ਮਨ ਵਿਚ ਭੈਣ ਨਸੀਰਾ ਅਤੇ

ਭਣੇਵਿਆਂ ਦੀਆਂ ਗੱਲਾਂ ਆ ਜਾਂਦੀਆਂ ਸਨ। ਗੁਰੂ ਜੀ ਇਹ ਕੌਤਕ ਦੇਖ ਰਹੇ ਸਨ। ਉਹ ਬਿਨਾਂ ਹਥਿਆਰ ਤੋਂ ਸੈਦ ਖ਼ਾਨ ਵੱਲ ਘੋੜਾ ਦੁੜਾ ਪਹੁੰਚੇ। ਉਹ ਦੇਖ ਕੇ ਸਿਜਦੇ ਹੋਇਆ ਬੋਲਿਆ। ਲੋਕੋ ਰੱਬ ਆਇਆ ਹੈ ਰੱਬ ਦਾ ਬੰਦਾ ਆਇਆ ਹੈ। ਰੱਬੀ ਨੂਰ ਸਰੀਰਕ ਜਾਮੇ ਵਿਚ ਆ ਗਿਆ। ਹੋਰ ਕਈ ਜਰਨੈਲ ਗੁਰੂ ਜੀ ਦੀ ਸ਼ਰਨ ਵਿਚ ਆ ਗਏ। ਨੰਦੇੜ ਤਕ ਗੁਰੂ ਜੀ ਨਾਲ ਰਿਹਾ।

ਅਨੰਦਪੁਰ ਸਾਹਿਬ ਦੀ ਚੌਥੀ ਤੇ ਆਖਰੀ ਲੜਾਈ 1704 ਈਸਵੀ:- ਜਦੋਂ ਔਰੰਗਜ਼ੇਬ ਨੇ ਜਰਨੈਲ ਸੈਦ ਖਾਨ ਤੇ ਹੋਰਾਂ ਨੂੰ ਗੁਰੂ ਜੀ ਦੀ ਸ਼ਰਨ ਵਿਚ ਜਾਣ ਦਾ ਸੁਣਿਆ ਤੇ ਬਹੁਤ ਲੋਹਾ ਲਾਖਾ ਹੋਇਆ। ਲਾਹੌਰ, ਸਰਹਿੰਦ, ਜੰਮੂ ਤੇ ਮੁਲਤਾਨ ਦੇ ਨਵਾਬਾਂ ਨੂੰ ਇਕੱਠੇ ਹੋ ਕੇ ਹਮਲਾ ਕਰਨ ਲਈ ਕਿਹਾ। ਜੇ ਗੁਰੂ ਜ਼ਿੰਦਾ ਨਾ ਪਕੜਿਆ ਜਾਵੇ ਤਾਂ ਸਿਰ ਵੱਢ ਲਿਆਂਦਾ ਜਾਵੇ। ਸਾਰੇ ਨਵਾਬ ਫੌਜ਼ ਲੈ ਕੇ ਅਨੰਦਪੁਰ ਵੱਲ ਨੂੰ ਚੱਲ ਪਏ। ਸਰਹੰਦ ਦੇ ਨਵਾਬ ਵਜੀਦ ਖਾਨ ਨੇ ਪਹਾੜੀ ਰਾਜਿਆਂ ਜਿਵੇਂ ਬਿਲਾਸਪੁਰ, ਕਾਂਗੜਾ, ਜਸਪਾਲ, ਕੁਲੂ, ਕੈਂਥਲ, ਮੰਡੀ, ਨੂਰਪੁਰ, ਚੰਬਾ, ਗਲੇਰ ਤੇ ਗੜਬਾਲ, ਸ੍ਰੀਨਗਰ ਦੇ ਰਾਜਿਆਂ ਨੂੰ ਸਾਂਝਾ ਹਮਲਾ ਕਰਨ ਦਾ ਫੈਸਲਾ ਲਿਆ।

ਉਧਰ ਗੁਰੂ ਜੀ ਨੇ ਆਪਣੀ ਮੋਰਚਾਬੰਦੀ ਕਰ ਲਈ। ਦੋਵਾਂ ਪਾਸਿਆਂ ਤੋਂ ਤੀਰ ਲਗਾਤਾਰ ਚੱਲਣ ਲੱਗੇ। ਕੱਟਾ ਵੱਢੀ ਸ਼ੁਰੂ ਹੋ ਗਈ। ਮੁਗਲਾਂ ਨੇ ਸੋਚਿਆ ਕਿ ਇਸ ਤਰ੍ਹਾਂ ਵੱਢ ਟੁੱਕ ਹੁੰਦੀ ਰਹੀ ਤਾਂ ਜਿੱਤ ਮੁਸ਼ਕਲ ਹੋ ਜਾਵੇਗੀ। ਅਨੰਦਪੁਰ ਦਾ ਘੇਰਾ ਪੱਕਾ ਕਰਨ ਲਈ ਫੈਸਲਾ ਲਿਆ। ਰਸਦ ਪਾਣੀ ਦੀ ਮੁਸ਼ਕਲ ਹੋ ਗਈ ਫਿਰ ਵੀ ਜ਼ਜਬੇ ਨਾਲ ਸਿੰਘ ਲੜਦੇ ਰਹੇ। ਫਿਰ ਵਿਉਂਤ ਬਣਾਈ ਕਿ ਚਾਰ-ਚਾਰ ਸਿੰਘ ਬਾਹਰ ਨਿਕਲਣ ਤੇ ਰਸਦ ਲਿਆਉਣ। ਉਹ ਰਸਦ ਲੈਣ ਜਾਂਦੇ ਸ਼ਹੀਦ ਹੋ ਜਾਂਦੇ। ਮੁਸ਼ਕਲ ਏਨੀ ਹੋ ਗਈ ਕਿ ਹਾਥੀ, ਘੋੜੇ ਚਾਰੇ ਤੋਂ ਬਗੈਰ ਮਰਨ ਲੱਗੇ, ਮੁੱਠੀ ਭਰ ਛੋਲਿਆਂ ਨਾਲ ਭੁੱਖ ਬੁਝਾਉਣੀ ਔਖੀ ਹੋ ਗਈ। ਮਤਾ ਪਕਾਇਆ ਕਿ ਅਜਾਈ ਮੌਤੇ ਮਰਨ ਨਾਲੋਂ ਰਾਤ ਸਮੇਂ ਇਕੱਠੇ ਹੋ ਕੇ ਉਨ੍ਹਾਂ ਦੇ ਰਸਦ ਪਾਣੀ 'ਤੇ ਹਮਲਾ ਕਰੋ ਤੇ ਚੁੱਕ ਲਿਆਓ। ਕੁਝ ਦਿਨ ਲੰਘ ਗਏ, ਉਧਰ ਮੁਗਲਾਂ ਨੇ ਰਸਦਾ ਤੇ ਪਹਿਰੇ ਬਿਠਾ ਦਿੱਤੇ। ਨਾਲ ਹੀ ਫੈਸਲਾ ਕੀਤਾ ਕਿ ਗੁਰੂ ਜੀ ਨੂੰ ਕਹੋ ਈਨ ਮੰਨ ਲਉ। ਕਾਸ਼ਦ ਨੂੰ ਤਜ਼ਵੀਜ ਲੈ ਕੇ ਭੇਜਿਆ ਗਿਆ। ਸਿੰਘਾਂ ਨੇ ਉਸਨੂੰ ਚੁੱਪਚਾਪ ਮੁੜ ਜਾਣ ਲਈ ਕਿਹਾ। ਸਿੰਘ ਭੁੱਖੇ ਭਾਣੇ ਲਿਲਕਾਰੀਆਂ ਮਾਰ ਕੇ ਲੜ ਰਹੇ ਸਨ। ਸਿੰਘ ਹੀ ਦੁਖੀ ਨਹੀਂ ਸਨ ਸਗੋਂ ਮੁਗਲ, ਪਹਾੜੀ ਰਾਜੇ ਅਤੇ ਅਨੰਦਪੁਰ ਦੇ ਵਾਸੀਆਂ ਨੂੰ ਬਹੁਤ ਤਕਲੀਫ਼ ਸੀ। ਪਹਿਲਾਂ ਗਰਮੀਆਂ ਫਿਰ ਬਾਰਸ਼ਾਂ ਅਤੇ ਹੜ੍ਹ ਦਾ ਸਾਹਮਣਾ ਕੀਤਾ। ਹੁਣ ਸਰਦੀਆਂ ਸਿਰ 'ਤੇ ਆ ਪੁੱਜੀਆਂ।

ਉਨ੍ਹਾਂ ਫਿਰ ਕਾਸ਼ਦ, ਇਕ ਬ੍ਰਾਹਮਣ ਤੇ ਇਕ ਸਯਦ ਨੂੰ ਭੇਜਿਆ। ਕਸਮ ਖਾ ਕੇ ਕਿਹਾ ਕਿਲ੍ਹਾ ਛੱਡ ਜਾਣ ਦੀ ਹਾਲਤ ਵਿਚ ਤੁਹਾਨੂੰ ਕੁਝ ਵੀ ਨਹੀਂ ਕਿਹਾ ਜਾਵੇਗਾ। ਸਿੰਘ ਵੀ ਦੁੱਖੀ ਹੋਣ ਕਰਕੇ ਇਸ ਤੇ ਸਹਿਮਤੀ ਚਾਹੁੰਦੇ ਸਨ।

ਗੁਰੂ ਜੀ ਚੁੱਪ ਰਹੇ ਤੇ ਕੁਝ ਗੱਡੇ ਫੱਟੇ ਪੁਰਾਣੇ ਕੱਪੜੇ, ਪਿੰਜਰ, ਹੱਡੀਆਂ ਦੇ ਉਪਰ

ਰੇਸ਼ਮੀ ਕੱਪੜੇ ਪਾ ਕੇ ਕਿਲ੍ਹੇ ਤੋਂ ਬਾਹਰ ਭੇਜੇ। ਕੁਝ ਦੂਰੀ ਤੇ ਹੀ ਗਏ ਸਨ। ਮੁਗਲਾਂ ਨੇ ਹਮਲਾ ਬੋਲ ਦਿੱਤਾ, ਜਦੋਂ ਫੋਲਾ ਫਰਾਲੀ ਕੀਤੀ ਤਾਂ ਬਹੁਤ ਸ਼ਰਮਿੰਦੇ ਹੋਏ। ਉਨ੍ਹਾਂ ਦੀ ਚਾਲ ਦਾ ਸਿੰਘਾਂ ਨੂੰ ਵੀ ਪਤਾ ਲੱਗ ਗਿਆ।

ਫਿਰ ਦੁਬਾਰਾ ਔਰੰਗਜ਼ੇਬ ਦੀ ਚਿੱਠੀ ਨਾਲ ਕੁਰਾਨ ਸ਼ਰੀਫ ਭੇਜ ਕੇ ਬੇਨਤੀ ਕੀਤੀ। ਸ਼ਹਿਰ ਵਾਸੀ ਵੀ ਇਕੱਠੇ ਹੋ ਕੇ ਆ ਗਏ। ਤੇ ਯਕੀਨ ਦਿਵਾਉਂਦੇ ਰਹੇ, ਰਟ ਲਗਾਉਂਦੇ ਰਹੇ ਕੁਝ ਨਹੀਂ ਹੁੰਦਾ। ਪਰ ਗੁਰੂ ਜੀ ਸਮਝਦੇ ਸਨ ਕਿ ਬਹੁਤ ਸ਼ਹੀਦੀਆ ਹੋਣਗੀਆਂ ਪਰ ਲੋਕ ਰੰਾਏ ਮੰਨਣੀ ਪੈਣੀ ਸੀ। ਕਿਲੇ ਛੱਡ ਦਿੰਦੇ ਹਾਂ ਭਲੇ ਬੁਰੇ ਤੇ ਤੁਸੀਂ ਜ਼ੁੰਮੇਵਾਰ ਹੋਵੋਗੇ।

20 ਦਸੰਬਰ 1704 ਨੂੰ ਪਿਛਲੀ ਰਾਤ ਰਹਿੰਦਿਆਂ ਕਿਲ੍ਹਾ ਛੱਡਿਆ ਤੇ ਪਹਿਲਾਂ ਗੁਰੂ ਜੀ, ਚਾਰੇ ਸਾਹਿਬਜ਼ਾਦੇ, ਪੰਜ ਪਿਆਰੇ, ਮਾਤਾ ਗੁਜਰੀ ਜੀ, ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ ਭਾਈ ਮਨੀ ਸਿੰਘ ਨਾਲ ਪਹਿਲਾਂ ਹਰਦੁਆਰ ਅਤੇ ਬਾਦ ਵਿਚ ਦਿੱਲੀ ਚਲੇ ਗਏ। ਸਿੰਘਾਂ ਦੇ ਜਥੇ ਬਾਦ ਵਿਚ ਨਿਕਲਦੇ ਰਹੇ। ਦਿਨ ਚੜ੍ਹਦੇ ਹੀ ਜਦੋਂ ਮੁਗਲਾਂ ਨੂੰ ਪਤਾ ਲੱਗਾ, ਵਜੀਦ ਖਾਨ ਨੇ ਰੋਕਣ ਲਈ ਭੇਜੇ ਅਤੇ ਅੱਗੋਂ ਸਰਸਾ ਨਦੀ ਚੜ੍ਹੀ ਹੋਈ ਸੀ। ਭਾਈ ਉਦੇ ਸਿੰਘ ਨੇ ਮੁਗਲ ਫੌਜੀ ਦਸਤਿਆਂ ਨੂੰ ਰੋਕਦੇ ਸ਼ਹੀਦ ਹੋ ਗਏ। ਬਾਅਦ ਵਿਚ ਭਾਈ ਜੈਤਾ ਗੁਰੂ ਕਾ ਬੇਟਾ ਨੇ ਠੱਲ੍ਹ ਪਾ ਦਿੱਤੀ। ਅਜੀਤ ਸਿੰਘ ਘੇਰੇ ਵਿਚ ਆ ਗਏ ਸਨ। ਉਹ ਸਰਸਾ ਪਾਰ ਕਰ ਗਏ ਪਰ ਭਾਈ ਜੈਤਾ ਜੀ ਸ਼ਹੀਦ ਹੋ ਗਏ।

ਸਰਸਾ ਨੇ ਪਰਿਵਾਰ ਨੂੰ ਵਿਛੋੜ ਦਿੱਤਾ। ਸਾਹਿਬਜ਼ਾਦਾ ਅਜੀਤ ਤੇ ਜੁਝਾਰ ਸਿੰਘ ਗੁਰੂ ਜੀ ਨਾਲ ਰੋਪੜ ਪੁੱਜ ਗਏ। ਮਾਤਾ ਗੁਜਰੀ ਜੀ ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਗੰਗੂ ਬ੍ਰਾਹਮਣ ਨਾਲ ਉਹਦੇ ਪਿੰਡ ਖੇੜੀ ਚਲੇ ਗਏ। 21 ਦਸੰਬਰ ਨੂੰ ਕੋਟਲਾ ਨਿਹੰਗ ਦੇ ਪਠਾਣ ਨੇ ਰਾਖੀ ਰੱਖੀ, ਰਾਤ ਨੂੰ ਚਮਕੌਰ ਦੀ ਹਵੇਲੀ ਦੀ ਕਚੀ ਗੜ੍ਹੀ ਜਾਣ ਦਾ ਫੈਸਲਾ ਕੀਤਾ। ਪਹਿਲਾਂ ਲੱਖੀ ਜੰਗਲਾਂ ਤੋਂ ਮੁੜਦਿਆਂ ਰੁਕੇ ਸਨ। ਭਾਵੇਂ ਪਠਾਣ ਜਾਣਦਾ ਸੀ ਗੁਰੂ ਜੀ ਨੂੰ ਮਦਦ ਦੇਣੀ ਜਾਨ ਗਵਾਉਣੀ ਹੈ ਪਰ ਫੇਰ ਵੀ ਮੂੰਹ ਨਾ ਮੋੜਿਆ। ਅਗਲੇ ਦਿਨ 22 ਦਸੰਬਰ 1704 ਨੂੰ ਅਨੋਖਾ ਯੁੱਧ ਹੋਇਆ। ਇਕ ਪਾਸੇ ਭੁੱਖੇ ਭਾਣੇ ਸਿੰਘ ਦੂਜੇ ਪਾਸੇ ਲੱਖਾਂ ਹੀ ਮੁਗਲ ਫੌਜੀ। ਨਵਾਬ ਵਜੀਦ ਖਾਨ ਨੇ ਢੰਡੋਰਾ ਪਿੱਟਵਾ ਦਿੱਤਾ ਕਿ ਜੇ ਗੁਰੂ ਸਾਹਿਬ ਪੇਸ਼ ਹੋ ਜਾਣ ਤਾਂ ਜਾਨ ਬਖਸ਼ੀ ਜਾ ਸਕਦੀ ਹੈ। ਪਰ ਗੁਰੂ ਜੀ ਨੇ ਜਵਾਬ ਤੀਰਾਂ ਦੀ ਬੁਛਾੜ ਨਾਲ ਦਿੱਤਾ। ਜਰਨੈਲ ਨਾਹਰ ਖਾਨ ਪੌੜੀ ਲਾ ਕੇ ਹਵੇਲੀ 'ਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਤਾਂ ਦੇਖਦਿਆਂ ਹੀ ਗੁਰੂ ਜੀ ਨੇ ਨਿਸ਼ਾਨਾ ਸੇਧ ਕੇ ਚਿੱਤ ਕਰ ਦਿੱਤਾ ਫਿਰ ਖੁਆਜ਼ਾ ਮਹਿਮੂਦ ਅਲੀ (ਮਰਦੂਦ) ਜੋ ਡਰਪੋਕ ਸੀ ਉਹਨੇ ਕੰਧ ਦੇ ਉਹਲੇ ਆਸਰਾ ਲਿਆ। ਗੁਰੂ ਜੀ ਪੰਜ ਸਿੰਘ ਭੇਜ ਰਹੇ ਸਨ। ਲੋਹੇ ਤੇ ਲੋਹਾ ਵੱਜ ਰਿਹਾ ਸੀ, ਲਹੂ ਦਾ ਚਿੱਕੜ ਹੋ ਗਿਆ ਤੇ ਉਧਰ ਮੁਗਲ ਫੌਜਾਂ ਵੀ ਹਜ਼ਾਰਾਂ ਦੀ ਗਿਣਤੀ ਵਿਚ ਅੱਗੇ ਵਧ ਰਹੇ ਸਨ। ਸਿੰਘਾਂ ਨੇ ਬੇਨਤੀ ਕੀਤੀ ਕਿ

ਸਾਹਿਬਜ਼ਾਦਿਆਂ ਨਾਲ ਤੁਸੀਂ ਨਿਕਲ ਜਾਓ। ਤੁਸੀਂ ਕਿਹੜੇ ਸਾਹਿਬਜ਼ਾਦਿਆਂ ਦੀ ਗੱਲ ਕਰਦੇ ਹੋ। ਤੁਸੀਂ ਮੇਰੇ ਸਾਰੇ ਸਾਹਿਬਜ਼ਾਦੇ ਹੋ ਤੇ 19 ਸਾਲ ਦਾ ਅਜੀਤ ਸਿੰਘ ਨੂੰ ਜੰਗ ਜਾਣ ਦਾ ਹੁਕਮ ਦਿੱਤਾ ਤੇ ਥਾਪੀ ਦਿੱਤੀ ਤੇ ਅੱਠ ਸਿੰਘ ਨਾਲ ਭੇਜੇ। ਅਜੀਤ ਸਿੰਘ ਜੀ ਨੂੰ ਉੱਚੀ ਗੜ੍ਹੀ ਤੇ ਖੜ ਕੇ ਲੜਦਿਆਂ ਦੇਖਦੇ ਰਹੇ। ਨਾਲ ਦੇ ਅੱਠ ਸਿੰਘ ਸ਼ਹੀਦ ਹੋ ਗਏ। ਸਾਰੇ ਹੀ ਸਾਹਿਬਜ਼ਾਦਾ ਅਜੀਤ ਸਿੰਘ ਤੇ ਟੁੱਟ ਪਏ ਤੇ ਉਹ ਸ਼ਹੀਦ ਹੋ ਗਏ।

ਉਧਰ ਸਾਹਿਬਜ਼ਾਦੈ ਜੁਝਾਰ ਸਿੰਘ (14 ਸਾਲ) ਨੂੰ ਸ਼ਹਾਦਤ ਪਾਉਂਦਿਆਂ ਦੇਖ ਕੇ ਚਾਅ ਚੜ੍ਹਿਆ ਤੇ ਲੜਾਈ ਵਿਚ ਕੁੱਦਣ ਦੀ ਆਗਿਆ ਮੰਗੀ ਤਾਂ ਗੁਰੂ ਜੀ ਨੇ ਚਾਅ ਨਾਲ ਆਗਿਆ ਦਿੱਤੀ। ਪੰਜਾਂ ਪਿਆਰਿਆਂ ਵਿਚ ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ ਤੇ ਤਿੰਨ ਹੋਰ ਸਿੰਘਾਂ ਨੂੰ ਨਾਲ ਭੇਜਿਆ। ਰਣ ਗਰਮ ਹੋ ਗਿਆ, ਲੋਥਾਂ ਡਿੱਗਣ ਲੱਗੀਆਂ। ਮੁਗਲਾਂ ਨੇ ਘੇਰਾਂ ਪਾ ਲਿਆ ਤੇ ਜੁਝਾਰ ਸਿੰਘ ਨੇ ਜਲਵਾ ਕਰ ਦਿੱਤਾ ਕਿ ਸਵਾ ਲੱਖ ਨਾਲ ਸੱਚਮੁੱਚ ਇਕ ਲੜ ਸਕਦਾ ਹੈ। ਜੁਝਾਰ ਸਿੰਘ ਦੀ ਸ਼ਹਾਦਤ ਹੋ ਗਈ। ਜ਼ਫ਼ਰਨਾਮੇ ਵਿਚ ਲਿਖਿਆ ਸੂਰਜ ਅਲੋਪ ਹੋ ਗਿਆ, ਤੇ ਜੰਗ ਬੰਦ ਹੋ ਗਈ।

ਚਮਕੌਰ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਸੌਦਰ ਤੋਂ ਉਪਰੰਤ ਚਾਰ ਤੀਰ ਮੁਗਲਾਂ ਦੇ ਜਰਨੈਲਾਂ ਦੇ ਮਾਰੇ। ਪਹਿਲਾ ਮਰਦੂਦ ਦੇ ਉਹਦੀ ਪੇਟੀ ਵਿਚ ਲੱਗਾ ਤੇ ਲਿਖਿਆ ਕਸਮ ਖਾ ਕੇ ਮੁੱਕਰ ਜਾਣਾ ਦੀਨ ਦੁਨੀ ਤੋਂ ਜਾਣਾ ਹੈ।

ਦੂਜਾ ਵਜੀਦ ਖਾ ਦੇ ਘੋੜੇ ਨੂੰ ਮਾਰਿਆ ਕਿ ਕਸਮ ਖਾ ਕੇ ਜੋ ਬੇਈਮਾਨੀ ਕਰਦਾ ਹੈ ਦੋਜ਼ਖ ਦੀ ਅੱਗ ਵਿਚ ਸੜਦਾ ਹੈ।

ਤੀਜਾ ਲਾਹੌਰ ਦੇ ਸੂਬੇਦਾਰ ਦੀ ਪੱਗ ਵਿਚ ਲੱਗਾ ਤੇ ਲਿਖਿਆ ਕਿ ਸਮਾਂ ਆ ਗਿਆ ਜਦੋਂ ਸਾਰੇ ਸੂਬੇ ਵਿਚ ਸਿੰਘ ਹਲ ਚਲਾਉਣਗੇ।

ਚੌਥਾ ਅਜਮੇਰ ਖਾਨ ਦੀ ਲੱਤ ਵੱਜਾ ਕਿ ਤੈਨੂੰ ਕਦੇ ਅਰਾਮ ਨਹੀਂ ਮਿਲੇਗਾ ਸਾਡਾ ਤਾਂ ਅਕਾਲ ਪੁਰਖ ਰਾਖਾ ਹੈ।

ਸਿੰਘ ਤੇ ਸਾਹਿਬਜ਼ਾਦੇ ਗਵਾ ਵੀ ਕਿੰਨੀ ਚੜ੍ਹਦੀ ਕਲਾ ਵਿਚ ਸਨ। ਗੜ੍ਹੀ ਦੇ ਸਿੰਘਾਂ ਨੂੰ ਸੰਬੋਧਨ ਕਰਦਿਆਂ ਕਿਹਾ ਜਦ ਤੱਕ ਸਾਡਾ ਨਿਸ਼ਾਨ ਬਾਕੀ ਹੈ, ਖ਼ੂਨ ਦਾ ਬਦਲਾ ਖ਼ੂਨ ਨਾਲ ਲਵੇਗਾ। ਸਿੰਘਾਂ ਨੇ ਬੇਨਤੀਆਂ ਕੀਤੀਆਂ ਕਿ ਆਪ ਜਰਾ ਪਰੇ ਹੋ ਜਾਓ। ਆਖਿਆ ਸਾਡੇ ਕੋਲ ਸੂਰਮਿਆਂ ਵਾਂਗ ਜਾਣ ਦੇਣ ਤੋਂ ਬਗੈਰ ਕੋਈ ਚਾਰਾ ਨਹੀਂ। ਦਿਨ ਚੜ੍ਹਦੇ ਮੈਂ ਆਪ ਜੱਥਾ ਲੈ ਕੇ ਜਾਵਾਂਗੇ

ਉਧਰ ਗੜ੍ਹੀ ਵਿਚ ਪੰਜ ਪਿਆਰਿਆਂ ਦੇ ਸੰਕਲਪ ਨੂੰ ਲਾਗੂ ਕਰਨ ਦੀ ਵਿਉਂਤ ਬਣਾਈ। ਪੰਜ ਸਿੰਘ ਚੁਣੇ ਤੇ ਉਹਨਾਂ ਜਾ ਕੇ ਹੁਕਮ ਕੀਤਾ। ਆਪਣੇ ਬਖਸ਼ੇ ਹੋਏ ਅਧਿਕਾਰ ਮੁਜਬ ਆਪ ਨੂੰ ਹੁਕਮ ਕਰਦੇ ਹਾਂ।

ਆਪੇ ਚੇਲਾ ਬਣਨ ਵਾਲੇ ਗੁਰੂ ਨੇ ਹੁਕਮ ਅੱਗੇ ਸਿਰ ਝੁਕਾਇਆ। ਹਵੇਲੀ ਛੱਡ

ਜਾਣਾ ਪ੍ਰਵਾਨ ਕੀਤਾ। ਗੁਰੂ ਸਾਹਿਬ ਜੀ ਦੇ ਵਿਧਾਨ ਵਿਚ ਪੰਜ ਸਿੰਘ ਸਨ। ਇਨ੍ਹਾਂ ਦੇ ਫੈਸਲਿਆਂ ਵਿਰੁੱਧ ਕੋਈ ਦਲੀਲ (Appeal) ਨਹੀਂ ਕੀਤੀ ਜਾ ਸਕਦੀ। ਸਿੱਖ ਨੂੰ ਹੁਕਮ ਸਤਿਕਾਰ ਕਰਕੇ ਮੰਨਣ ਦੇ ਆਦੇਸ਼ ਦਿੱਤੇ ਗਏ।

ਅੱਧੀ ਰਾਤ ਬਾਅਦ ਆਪ ਨਰਸਿੰਗਾ ਵਜਾਇਆ। ਹਵੇਲੀ ਤੋਂ ਬਾਹਰ ਨਿਕਲੇ ਤੇ ਹਨੇਰੇ ਵਿਚ ਉੱਚੇ ਟਿੱਬੇ ਤੇ ਵਲ ਵਧੇ। ਮਿਸ਼ਾਲਚੀ ਦੇ ਗੁੱਟ ਤੇ ਨਿਸ਼ਾਨਾ ਬਣਾਇਆ ਤੇ ਮਿਸ਼ਾਲ ਥੱਲੇ ਡਿੱਗ ਪਈ। ਹਲਚਲ ਮਚ ਗੇਂਈ। ਆਪਦੀ ਇਕ ਉਂਗਲ ਕੱਟੀ ਗਈ ਤਿੰਨ ਸਿੰਘ ਰਾਤ ਦੇ ਹਨੇਰੇ ਵਿਚ ਹੀ ਅੱਡ ਹੋ ਗਏ। ਦਿਨ ਚੜ੍ਹਦੇ ਤੱਕ ਬਹੁਤ ਦੂਰ ਨਿਕਲ ਗਏ।

ਦਿਨ ਚੜ੍ਹਦੇ ਹੀ ਮੁਗਲਾਂ ਨੇ ਹੱਲਾ ਬੋਲ ਦਿੱਤਾ ਤੇ ਸੱਚੇ ਸਿੰਘ ਬਾਹਰ ਨਿਕਲ ਆਏ। ਤਲਵਾਰਾਂ ਸੂਤ ਲਈਆਂ, ਵੈਰੀਆਂ 'ਤੇ ਟੁੱਟ ਕੇ ਪੈ ਗਏ ਅਤੇ ਸ਼ਹੀਦ ਹੋ ਗਏ। ਗੁਰੂ ਜੀ ਦੀ ਪੁਸ਼ਾਕ ਅਤੇ ਸਿਰ ਤੇ ਕਲਗੀ ਦੇਖ ਕੇ ਭੁਲੇਖਾ ਖਾ ਗਿਆ ਕਿ ਗੁਰੂ ਜੀ ਸ਼ਹੀਦ ਹੋ ਗਏ, ਕਈ ਦਿਨ ਖੁਸ਼ੀਆਂ ਮਨਾਉਂਦੇ ਰਹੇ। ਪਰ ਪਤਾ ਨਹੀਂ ਸ਼ੇਰ ਹਾਲੇ ਗੱਜ ਰਿਹਾ ਹੈ।

ਬਾਬਾ ਜੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰੀ ਜੀ ਨੇ ਰਾਤ ਮਾਸ਼ਕੀ ਦੀ ਝੁੱਗੀ ਵਿਚ ਕੱਟੀ। ਉਥੋਂ ਗੰਗੂ ਬ੍ਰਾਹਮਣ ਗੁਰੂ ਘਰ ਦਾ ਰਸੋਈਆ ਆਪਣੇ ਘਰ ਖੇੜੀ ਲੈ ਆਇਆ। ਰੁਪਿਆ ਭਰੀ ਗੁਥਲੀ ਦੇਖ ਕੇ ਨੀਅਤ ਖਰਾਬ ਹੋ ਗਈ। ਮੋਹਰਾਂ ਉਸ ਛੁਪਾ ਦਿੱਤੀਆਂ। ਮਾਤਾ ਜੀ ਨੇ ਕਿਹਾ ਮੋਹਰਾ ਕੋਲ ਰੱਖੀ ਪਰ ਰੌਲਾ ਨਾ ਪਾ ਪਰ ਮੁਰਿੰਡੇ ਜਾ ਕੇ ਕੋਤਵਾਲ ਨੂੰ ਖ਼ਬਰ ਦਿੱਤੀ। ਉਥੋਂ ਥਾਣੇਦਾਰ ਉਨ੍ਹਾਂ ਨੂੰ ਮੁਰਿੰਡੇ ਥਾਣੇ ਲੈ ਆਇਆ। ਉਥੋਂ ਜੰਜ਼ੀਰਾਂ ਪਾ ਕੇ ਸਰਹੰਦ ਲੈ ਗਿਆ। ਸਾਰਿਆਂ ਨੂੰ ਠੰਡੇ ਬੁਰਜ ਵਿਚ ਰੱਖਿਆ।

25 ਦਸੰਬਰ 1704 ਨੂੰ ਵਜੀਦ ਖਾਨ ਨਵਾਬ ਦੇ ਸਾਹਮਣੇ ਸਾਹਿਬਜ਼ਾਦਾ ਜੋਰਾਵਰ ਸਿੰਘ ਤੇ ਫਤਿਹ ਸਿੰਘ ਨੂੰ ਪੇਸ਼ ਕੀਤਾ। ਦਸਮੇਸ਼ ਦੇ ਪੁੱਤਰਾਂ ਨੂੰ ਕਈ ਤਰ੍ਹਾਂ ਦੀਆਂ ਚੇਤਾਵਨੀਆਂ ਦਿੱਤੀਆਂ ਪਰ ਉਨ੍ਹਾਂ ਨੂੰ ਕੌਣ ਭਰਮਾ ਸਕਦਾ ਸੀ। ਜਦੋਂ ਦਰਬਾਰ ਵਿਚ ਵੜਨ ਲੱਗੇ ਛੋਟੇ ਦਰਵਾਜ਼ੇ ਵਿਚ ਦੀ ਪਹਿਲਾਂ ਪੈਰ ਅੱਗੇ ਕੀਤੇ ਤੇ ਫਿਰ ਅੱਗੇ ਲੰਘੇ ਤਾਂ–

'ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ।' ਬੁਲਾਈ ਨਵਾਬ ਸ਼ਰਮਿੰਦਾ ਹੋਇਆ। ਇਸਲਾਮ ਕਬੂਲ ਕਰਨ ਲਈ ਪ੍ਰੇਰਣਾ ਦਿੱਤੀ ਤੇ ਕਈ ਲਾਲਚ ਵੀ ਦਿੱਤੇ। ਉਨ੍ਹਾਂ ਕੋਰੀ ਨਾਂਹ ਕਰ ਦਿੱਤੀ। ਨਵਾਬ ਨੇ ਕਾਜ਼ੀ ਨੂੰ ਫਤਵਾ ਦੇਣ ਲਈ ਕਿਹਾ, ਉਸ ਕਿਹਾ ਬੱਚਿਆਂ ਨੂੰ ਫਤਬਾ ਨਹੀਂ ਦਿੱਤਾ ਜਾ ਸਕਦਾ।

ਸੁੱਚਾ ਨੰਦ (ਝੂਠਾ ਨੰਦ) ਉੱਠਿਆ ਬੋਲਿਆ– ਤੁਸੀਂ ਛੱਡੇ ਜਾ ਚੁੱਕੇ ਹੋ ਕਿਥੇ ਜਾਓਗੇ। ਜੋਰਾਵਰ ਸਿੰਘ ਬੋਲਿਆ– ਜੰਗਲਾਂ ਵਿਚ ਸਿੰਘ ਇਕੱਠੇ ਕਰਾਂਗੇ, ਘੋੜੇ ਲਿਆਵਾਂਗੇ ਤੇਰੇ ਨਾਲ ਮੁਕਾਬਲਾ ਕਰਾਂਗੇ।

ਸੁੱਚਾ ਨੰਦ ਵਜ਼ੀਦ ਖਾਂ ਨੂੰ ਕਹਿੰਦਾ ਕਿ ਸੱਪ ਦੇ ਬੱਚੇ ਕੀ ਆਖ ਰਹੇ ਹਨ। ਕਾਜ਼ੀ ਕੋਲੋਂ ਫਿਰ ਫਤਬਾ ਲਿਆ ਗਿਆ। ਬੱਚੇ ਕਸੂਰਵਾਰ ਹਨ, ਬਗਾਵਤ ਲਈ ਤੁਲੇ ਹੋਏ ਹਨ। ਨੀਂਹਾਂ ਵਿਚ ਚਿਣ ਕੇ ਸ਼ਹੀਦ ਕਰਨ ਦਾ ਹੁਕਮ ਦਿੱਤਾ। ਨਾਲ ਹੀ ਇਹ ਕਿਹਾ ਨਵਾਬ ਮਲੇਰਕੋਟਲੇ ਦੇ ਸਪੁਰਦ ਕਰ ਦਿੱਤਾ ਜਾਵੇ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਉਸਦੇ ਭਰਾ ਨੂੰ ਮਾਰ ਦਿੱਤਾ ਸੀ ਤੇ ਬਦਲਾ ਲੈ ਲਵੇ। ਸ਼ੇਰ ਮੁਹੰਮਦ ਨਵਾਬ ਮਲੇਰਕੋਟਲਾ ਬੋਲਿਆ- ਮੇਰਾ ਭਰਾ ਲੜਾਈ ਵਿਚ ਮਰਿਆ। ਇਨ੍ਹਾਂ ਬਾਲਾਂ ਨੂੰ ਮਾਰ ਕੇ ਕੀ ਵਡਿਆਈ ਹੈ। ਇਹ ਹੈ ਆਹ ਦਾ ਨਾਅਰਾ ਇਹ ਆਹ ਸਿੰਘ ਅੱਜ ਤੱਕ ਨਹੀਂ ਭੁੱਲੇ।

26 ਦਸੰਬਰ 1704 ਕਈ ਹੋਰ ਲਾਲਚ ਦਿੱਤੇ ਪਰ ਅੜੇ ਰਹੇ ਸ਼ਾਹੀ ਜਲਾਦ ਮਿਸ਼ਾਲ ਬੇਗ ਤੇ ਵਿਸ਼ਾਲ ਦੇ ਹਵਾਲੇ ਕੀਤੇ ਕਿ ਨੀਹਾਂ ਵਿਚ ਚਿਣ ਦਿਓ। ਅਨੇਕਾਂ ਕਸ਼ਟ ਝੱਲੇ ਤੇ ਅਡੋਲ ਰਹੇ। ਪਹਾੜਾਂ ਨੇ ਵੀ ਕਦੇ ਝੁੱਕਣਾ ਸਿਖਿਆ ਹੈ। 27 ਦਸੰਬਰ 1704 ਨੂੰ ਗੋਡੇ ਹੇਠ ਦੇ ਕੇ ਕਤਲ ਕਰ ਦਿੱਤੇ।

ਉਧਰ ਮਾਤਾ ਗੁਜਰੀ ਜੀ ਜਿਹੜੇ ਕਿ ਠੰਡੇ ਬੁਰਜ ਵਿਚ ਕੈਦ ਸਨ ਸਾਕਾ ਸੁਣ ਕੇ ਪ੍ਰਾਣ ਚੜ੍ਹਾ ਲਏ ਤੇ ਲੰਮੀ ਸਮਾਧੀ ਵਿਚ ਚਲੇ ਗਏ।

ਇਵੇਂ ਤਸ਼ੱਦਦ ਦੀ ਇਤਿਆਹ ਹੋ ਗਈ ਕਿ ਸੰਸਕਾਰ ਲਈ ਜਗ੍ਹਾ ਵੀ ਟੋਡਰ ਮੱਲ ਨੇ ਮੋਹਰਾ ਵਿਛਾ ਕੇ ਪ੍ਰਾਪਤ ਕੀਤੀ। ਜਦੋਂ ਗੁਰੂ ਜੀ ਰਾਇਕੋਟ, ਰਾਇ ਕੱਲਾ ਕੋਲ ਪੁੱਜੇ ਤਾਂ ਨੂਰਾ ਮਾਹੀ ਨੂੰ ਖ਼ਬਰ ਲਿਆਉਣ ਭੇਜਿਆ। ਜਦੋਂ ਨੂਰਾ ਮਾਹੀ ਨੇ ਦੱਸਿਆ ਤੇ ਤੀਰ ਨਾਲ ਕਾਹੀ ਦਾ ਬੂਟਾ ਪੁੱਟ ਸੁੱਟਿਆ ਤੇ ਕਿਹਾ ਮੁਗਲ ਰਾਜ ਦੀ ਜੜ੍ਹ ਕੱਟੀ ਗਈ।

ਗੁਰੂ ਗੋਬਿੰਦ ਸਿੰਘ ਚਮਕੌਰ ਦੀ ਕੱਚੀ ਗੜ੍ਹੀ ਵਿਚੋਂ ਨਿਕਲ ਕੇ ਸਾਰੀ ਰਾਤ ਚਲਦੇ ਪਹੁ ਫੁਟਾਲੇ ਵੇਲੇ ਕਿੜੀ ਪੁੱਜੇ, ਉਥੇ ਦੋ ਗੁੱਜਰਾਂ ਅਲਫ ਤੇ ਗਾਮੂ ਨੇ ਪਛਾਣ ਲਿਆ। ਚੁੱਪ ਹੋਣ ਲਈ ਕਿਹਾ ਮੋਹਰਾਂ ਵੀ ਦਿੱਤੀਆਂ। ਰੌਲਾ ਪਾਈ ਗਏ। ਇਕ-ਇਕ ਚਪੇੜ ਦੋਵਾਂ ਨੂੰ ਮਾਰੀ ਤਾਂ ਜ਼ਬਾਨ ਬੰਦ ਹੋ ਗਈ। ਉਥੋਂ ਬਹਿਲੋਲ ਫਿਰ ਪਵਾਤ ਪਹੁੰਚ ਗਏ। ਉਥੇ ਜੁੱਤੀ ਉਤਾਰ ਦਿੱਤੀ, ਕੱਪੜੇ ਫਟ ਗਏ। ਪੈਰਾਂ ਵਿਚ ਛਾਲੇ ਪੈ ਗਏ। ਸਹਿਜ ਮਾਜਰਾ ਹੁੰਦੇ ਹਏ ਮਾਛੀਵਾੜੇ ਦੇ ਜੰਗਲਾਂ ਵਿਚ ਰਾਤ ਪੈ ਗਈ। ਸਰਦੀਆਂ ਦੇ ਦਿਨ ਥੱਕੇ ਹਾਰੇ, ਟਿੰਡ ਦਾ ਸਰਹਾਣਾ ਲੈ ਕੇ ਅੱਕ ਦੇ ਡੋਡੇ ਦਾ ਦੁੱਧ ਪੀ ਕੇ ਪੈ ਗਏ। ਅਗਲੇ ਦਿਨ ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਤਾਰਿਆਂ ਦੀ ਸੇਧ ਵਿਚ ਆ ਗਏ। ਉਥੇ ਗੁਰੂ ਜੀ ਨੇ ਕਮਰਕੱਸਾ ਖੋਲਿਆ, ਪੈਰ ਫਟੇ ਹੋਏ ਸਨ, ਚਿਹਰੇ 'ਤੇ ਮੁਸਕਾਨ ਤੇ ਮੂੰਹੋਂ-

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ,
ਤੁਧੁ ਬਿਨ ਰੋਗੁ ਰਜਾਈਆ ਦੇ ਓਢਣ, ਨਾਗ ਨਿਵਾਸਾ ਦੇ ਰਹਿਣਾ
ਸੂਲ ਸਰਾਹੀ ਖੰਜਰੁ ਪਿਯਾਲਾ, ਬਿੰਗ ਕਸਾਈਯਾ ਦਾ ਸਹਿਣਾ
ਯਰੜੇ ਦਾ ਸਾਨੂੰ ਸੱਥਰੁ ਚੰਗਾ, ਭੱਠ ਖੇੜਿਆਂ ਦਾ ਰਹਣਾ
ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ।

ਗੁਲਾਬ ਮਸੰਦ ਭਾਵੇਂ ਕਿ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ ਪਰ ਅੰਦਰੋਂ

ਡਰਦਾ ਸੀ। ਨਬੀ ਖਾਂ ਤੇ ਗਨੀ ਖਾਂ ਜਿਹੜੇ ਉਨ੍ਹਾਂ ਦੇ ਪ੍ਰੇਮੀ ਸਨ, ਘੋੜੇ ਲਿਆ ਕੇ ਗੁਰੂ ਜੀ ਨੂੰ ਦਿੰਦੇ ਸਨ ਉਨ੍ਹਾਂ ਨੂੰ ਪਤਾ ਲੱਗਾ। ਉਹ ਗੁਰੂ ਜੀ ਨੂੰ ਆਪਣੇ ਘਰ ਲੈ ਗਏ। ਨਿਹਾਲੇ ਖਤਰੀ ਦੀ ਮਾਂ ਨੇ ਖੱਦਰ ਦਾ ਥਾਨ ਪੇਸ਼ ਕੀਤਾ ਤੇ ਸਾਰਿਆਂ ਨੇ ਨੀਲੇ ਰੰਗ ਦੇ ਚੋਲੇ ਬਣਾਏ ਤਾਂ ਉੱਚ ਦਾ ਪੀਰ ਬਣ ਕੇ ਬੜੇ ਸੁਰੱਖਿਅਤ ਅੱਗੇ ਚੱਲ ਪਏ, ਉਥੋਂ ਕਨੇਚ ਪੁੱਜੇ, ਰਾਤ ਕੱਟੀ। ਉਥੋਂ ਆਪ ਨੇ ਫਤਹਨਾਮਾ ਲਿਖਿਆ ਔਰੰਗਜ਼ੇਬ ਨੂੰ। ਉਸਦੀਆਂ ਕਰਤੂਤਾਂ ਦੀ ਝਾੜ ਪਾਈ, ਕਿਵੇਂ ਭਰਾਵਾਂ ਨੂੰ ਮਾਰਿਆਂ, ਪਿਤਾ ਦੀ ਮਿੱਟੀ ਨੂੰ ਰੋਲਿਆ, ਆਪਣੀ ਚਲਾਕੀ ਨਾਲ ਸ਼ੇਰ ਦੇ ਬੱਚਿਆਂ ਨੂੰ ਮਾਰਿਆ। ਤੇਰੀ ਮਣਕਿਆਂ ਦੀ ਮਾਲਾ ਧਾਗੇ ਤੋਂ ਵੱਧ ਹੈਸੀਅਤ ਨਹੀਂ ਰੱਖਦੀ। ਤੇਰੀਆਂ ਕਸਮਾਂ ਤੇ ਇਤਬਾਰ ਨਹੀਂ। ਤਲਵਾਰ ਚੁੱਕਣ ਤੋਂ ਸਿਵਾਏ ਮੇਰੇ ਕੋਲ ਕੋਈ ਚਾਰਾ ਨਹੀਂ। ਤੈਨੂੰ ਚਲਾਕੀਆਂ ਦਾ ਸਹਾਰਾ ਮੈਨੂੰ ਆਪਣੇ ਸਿਦਕ ਤੇ ਮਾਣ ਹੈ। ਯਾਦ ਰੱਖੀ ਪੱਥਰ ਭਾਵੇਂ ਸੋਨੇ ਦੇ ਕਾਸੇ ਨੂੰ ਤੋੜ ਦੇਵੇ, ਫਿਰ ਵੀ ਪੱਥਰ ਪੱਥਰ ਹੀ ਹੈ। ਸੋਨਾ ਸੋਨਾ ਹੀ ਹੈ। ਭਾਵੇਂ ਟੁੱਟ ਜਾਵੇ। ਭਾਈ ਦਇਆ ਸਿੰਘ ਨੂੰ ਔਰੰਗਜ਼ੇਬ ਨੂੰ ਚਿੱਠੀ ਦੇਣ ਲਈ ਦੱਖਣ ਵੱਲ ਭੇਜਿਆ। ਉਥੋਂ ਆਪ ਜੱਟਪੁਰਾ, ਰਾਇਕਲਾ ਲੈ ਗਿਆ, ਪਾਲਿਆਨੀ, ਚਕਰ ਤਖਤੂਪੁਰੇ ਤੋਂ ਹੁੰਦੇ ਹੋਏ ਰਾਇ ਜੋਧਾ ਗੁਰੂ ਹਰਗੋਬਿੰਦ ਜੀ ਦਾ ਸਰਧਾਲੂ ਸੀ ਦੇ ਪੋਤਰੇ ਸ਼ਮੀਰ ਪਾਸ ਜਾ ਪੁੱਜੇ। ਦੀਨਾ ਪਿੰਡ ਵਿਚ ਆਪਣੇ ਦੇਸੂ ਤਰਖਾਣ ਦੇ ਚੁਬਾਰੇ ਵਿਚ ਉਤਾਰਾ ਕੀਤਾ। ਰਾਇ ਜੋਧ ਦੀ ਔਲਾਦ ਨੇ ਕਾਂਗੜ ਪਿੰਡ ਵਿਚੋਂ ਉਠ ਕੇ ਦੀਨਾ ਵਸਾਇਆ ਸੀ। ਜਦੋਂ ਸਰਹੰਦ ਦੇ ਨਵਾਬ ਨੂੰ ਪਤਾ ਲੱਗਾ ਕਿ ਤਿੰਨ ਭਰਾਵਾਂ ਸ਼ਮੀਰਾ, ਲਖਮੀਰਾ ਤੇ ਤਖਤ ਮਲ ਨੇ ਆਪਣੇ ਕੋਲ ਗੁਰੂ ਜੀ ਨੂੰ ਰੱਖਿਆ ਹੋਇਆ ਹੈ ਤਾਂ ਪੱਤਰ ਲਿਖਿਆ ਕਿ ਤੁਸੀਂ ਹਜਰਤ ਮੁਹੰਮਦ ਦੇ ਵੈਰੀ ਨੂੰ ਪਨਾਹ ਦਿੱਤੀ ਹੈ ਹੱਥ ਬੰਨ੍ਹ ਕੇ ਸਰਹੰਦ ਪਹੁੰਚਾ ਦੇਵੋ, ਨਹੀਂ ਤਾਂ ਤੁਹਾਡਾ ਖਾਤਮਾ ਹੋ ਜਾਵੇਗਾ। ਜਵਾਬ ਦਿੱਤਾ ਜਿਵੇਂ ਤੁਸੀਂ ਆਪਣੇ ਪੀਰ, ਮੁਰੀਦਾ ਨੂੰ ਮੰਨਦੇ ਹੋ ਅਸੀਂ ਬਾਬੇ ਨਾਨਕ ਦੇ ਮੁਰੀਦ ਆਪਣੇ ਪੀਰ ਨੂੰ ਕਿਵੇਂ ਹਵਾਲੇ ਕਰ ਸਕਦੇ ਹਾਂ। ਉਥੋਂ ਗੁਰੂ ਜੀ ਨੇ ਕਈ ਹੁਕਮਨਾਮੇ ਸੰਗਤਾਂ ਨੂੰ ਭੇਜੇ। ਹਥਿਆਰਾਂ ਸਮੇਤ ਪੁੱਜੋ ਉਥੋਂ ਜਾਣਾ ਹੀ ਠੀਕ ਸਮਝਿਆ।

ਦੀਨੇ ਤੋਂ ਕਾਂਗੜ ਜਿੱਥੇ ਉਨ੍ਹਾਂ ਨੇ ਜ਼ਫ਼ਰਨਾਮਾ ਲਿਖਿਆ। ਬਹਾਦਰ ਸ਼ਾਹ ਦੇ ਮੁਨੀਮ ਨੂੰ ਲਿਖਿਆ ਜਿਹੜਾ ਕਿ ਔਰੰਗਜ਼ੇਬ ਨੂੰ ਸਾਰੇ ਹਾਲਾਤ ਤੋਂ ਜਾਣੂ ਕਰਵਾਏ। ਜ਼ਫ਼ਰਨਾਮੇ ਵਿਚ ਸਾਕਾ ਅਨੰਦਪੁਰ ਦਾ ਬਿਰਤਾਂਤ ਲਿਖਿਆ। ਪਹਿਲੀ ਚਿੱਠੀ ਤੇ ਹੀ ਔਰੰਗਜ਼ੇਬ ਨੇ ਆਖਿਆ ਮੈਨੂੰ ਮਿਲੋ ਨਾਲੇ ਨਵਾਬ ਨੂੰ ਹਦਾਇਤ ਦਿੱਤੀ ਕਿ ਗੁਰੂ ਜੀ ਨੂੰ ਅਜ਼ਾਦੀ ਨਾਲ ਫਿਰਨ ਦਿੱਤਾ ਜਾਵੇ। ਮਹਾਰਾਜ ਨੇ ਦੱਖਣ ਜਾ ਕੇ ਮਿਲਣ ਦੀ ਮਜ਼ਬੂਰੀ ਦੱਸੀ ਤੇ ਕਾਂਗੜ ਦੇਸ਼ ਪੰਜਾਬ ਵਿਚ ਹਨ।

ਜ਼ਫ਼ਰਨਾਮੇ ਦਾ ਇੰਨਾ ਪ੍ਰਭਾਵ ਪਿਆ ਕਿ ਆਪਣੇ ਬੇਟੇ ਮੁਅੱਜ਼ਮ (ਬਹਾਦਰ ਸ਼ਾਹ) ਨੂੰ ਲਿਖਿਆ ਕਿ ਪਿਛਲੀ ਉਮਰੇ ਕੰਮਜ਼ੋਰੀ ਨੇ ਢਾਲ ਲਿਆ ਹੈ। ਮੈਂ ਇਕੱਲਾ ਆਇਆ ਸੀ ਇਕੱਲਾ ਜਾ ਰਿਹਾ ਹਾਂ। ਜੋ ਸਮਾਂ ਬੰਦਗੀ ਤੇ ਬਗੈਰ ਗਵਾ ਲਿਅ। ਮੈਨੂੰ

ਪਛਤਾਵਾ ਹੈ ਜਾਂਦੀ ਵਾਰੀ ਪਾਪਾਂ ਦਾ ਭਾਰ ਲੈ ਕੇ ਜਾ ਰਿਹਾ ਹਾਂ। ਕਿੰਨੀ ਅਨੌਖੀ ਗੱਲ ਹੈ ਗੁਰੂ ਗੋਬਿੰਦ ਸਿੰਘ ਸਭ ਕੁਝ ਗਵਾ ਕੇ ਫਤਹਨਾਮਾ ਤੇ ਜ਼ਫ਼ਰਨਾਮਾ ਲਿਖ ਰਹੇ। ਔਰੰਗਜ਼ੇਬ ਸਭ ਕੁਝ ਕੋਲ ਹੁੰਦਿਆਂ 'ਸ਼ਿਕਸਤਨਾਮਾ' (ਹਾਰ) ਲਿਖ ਰਹੇ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਚਿਰ ਦੀਨੇ ਕਾਂਗੜ ਠਹਿਰਨਾ ਠੀਕ ਨਹੀਂ ਸਮਝਿਆ। ਉਥੋਂ ਕੋਟਕਪੂਰੇ ਵਲ ਚਲ ਗਏ। ਕਪੂਰਾ ਇਹੋ ਜਿਹੀ ਤਬੀਅਤ ਦਾ ਮਾਲਕ ਸੀ ਗੁਰੂ ਜੀ ਦੇ ਪੱਖ ਦੀ ਗੱਲ ਕਰੇ, ਭੇਟਾ ਆਦਿ ਵੀ ਰੱਖੇ। ਤੁਸੀਂ ਤਾਂ ਕਮਜ਼ੋਰਾਂ ਨੂੰ ਵੀ ਸੂਰਬੀਰ ਬਣਾ ਦਿੰਦੇ ਹੋ। ਦੂਜੇ ਦਿਨ ਆਇਆ ਤੇ ਸ਼ਾਸ਼ਤਰਾਂ ਨੂੰ ਚੌਰ ਹੁੰਦੀ ਦੇਖੀ। ਪੁੱਛਿਆ ਚੌਰ ਕਿਉਂ ਕਰ ਰਹੇ ਹੋ ਤੇ ਜਵਾਬ ਦਿੱਤਾ ਪ੍ਰਥਮ ਅਕਾਲ ਪੁਰਖ ਨੇ ਖੰਡਾ ਰਚਿਆ ਹੈ। ਸਤਿਕਾਰ ਜ਼ਰੂਰੀ ਹੈ। ਗੁਰੂ ਜੀ ਨੇ ਭਾਂਪ ਲਿਆ ਸੀ ਕਿ ਇਹ ਡਰਦਾ ਹੈ। ਸਾਥ ਦੇਣ ਦੇ ਯੋਗ ਨਹੀਂ। ਗੁਰੂ ਜੀ ਕਹਿੰਦੇ ਇਹ ਪਤਾ ਕਰ ਕਿ ਮੁਗ਼ਲ ਫੌਜਾਂ ਕਿਸ ਪਾਸਿਉਂ ਆ ਰਹੀਆਂ ਹਨ, ਉਥੋਂ ਗੁਰੂ ਜੀ ਜੈਤੋ ਭਾਈ ਬਹਿਲੋ ਦੀ ਸੰਤਾਨ ਦੇ ਮੈਂਬਰਾਂ ਦੇ ਦਰਸ਼ਨ ਕੀਤੇ, ਉਥੇ ਸਿੱਖਾਂ ਨੂੰ ਤੀਰ ਅੰਦਾਜ਼ੀ ਦਾ ਅਭਿਆਸ ਕਰਵਾਇਆ। ਫਿਰ ਚੋਤੜਾ ਪਿੰਡ ਆਏ, ਚੋਤੜੇ ਦੇ ਤਾਲ ਨੂੰ ਵੱਡਾ ਤੀਰਥ ਦਾ ਨਾਂ ਦਿੱਤਾ, ਗੰਗਾ ਜਾਣ ਦੀ ਲੋੜ ਨਹੀਂ।

ਉਥੋਂ ਜਦੋਂ ਸੁਨੀਆਰ ਪੁੱਜੇ ਦੋ ਸਿੱਖਾਂ ਭਾਈ ਸ਼ਾਮੂ ਤੇ ਭਾਈ ਫਤੇ ਨੇ ਬਹੁਤ ਸੇਵਾ ਕੀਤੀ। ਬਚਨ ਕੀਤਾ ਜਦੋਂ ਸਿੱਖ ਪਾਸ ਕੋਈ ਆਵੇ, ਉਹ ਕੁਝ ਲੁਕਾਵੇ ਨਾ ਸਗੋਂ ਸਤਿਕਾਰ ਨਾਲ ਛਕਾਵੇ, ਦੂਜੇ ਦੀ ਜ਼ੁੰਮੇਵਾਰੀ ਹੈ ਉਹ ਸੰਤੋਖ ਨਾਲ ਛਕੇ ਕਪੂਰਾ ਸੁਨੀਆਰ ਪਿੰਡ ਆ ਗਿਆ। ਦੁਬਾਰਾ ਭਰੋਸਾ ਦਿਵਾਉਂਦਾ ਰਿਹਾ।

ਦੀਨੇ ਕਾਂਗੜ ਤੋਂ ਜਿਹੜੇ ਹੁਕਮਨਾਮੇ ਭੇਜੇ ਸਨ ਉਸ ਦਾ ਸਿੱਟਾ ਇਹ ਮਾਝੇ, ਮਾਲਵੇ ਦੇ ਸਿੰਘਾਂ ਨੇ ਵਹੀਰਾ ਘੱਤ ਦਿੱਤੀਆਂ। ਉਹ ਵੀ ਸਿੰਘ ਸਨ ਜਿਹੜੇ ਦੁਨੀ ਚੰਦ ਦੀ ਅਗਵਾਈ ਵਿਚ ਆਪਣੀ ਕਮਜ਼ੋਰੀ ਦੀ ਖ਼ਿਮਾ ਮੰਗਣ ਆਏ ਨਾਲ ਹੀ ਮਾਝੇ ਦੀ ਪੰਚਾਇਤ ਆਈ ਜਿਹੜੇ ਮਤਾ ਪਾ ਕੇ ਆਏ ਸੀ। ਗੁਰੂ ਜੀ ਨੂੰ ਆਖਾਂਗੇ ਕਿ ਜੰਗਾਂ ਲੜਨੀਆਂ ਛੱਡ ਦੇਣ, ਆਰਾਮ ਨਾਲ ਦਿਨ ਕਟੀ ਕਰਨ। ਸੁਨੀਆਰ ਪਿੰਡ ਵਿਚ ਖ਼ਬਰ ਮਿਲੀ ਕੀ ਕਸੂਰ ਦਾ ਨਵਾਬ ਹਮਲਾ ਕਰਨ ਲਈ ਚੱਲ ਪਿਆ ਅਤੇ ਵਜੀਦ ਖਾਨ ਆ ਰਿਹਾ ਹੈ।

ਗੁਰੂ ਜੀ ਨੇ ਖਿਦਰਾਣੇ ਦੀ ਢਾਬ ਵਿਚ ਪਾਣੀ ਹੋਣਾ ਸੁਣਿਆ ਸੀ ਤੇ ਉਧਰ ਰੁਪਾਣੇ ਵੱਲ ਨੂੰ ਚੱਲ ਪਏ। ਰਾਹ ਵਿੱਚ ਮਾਝੇ ਦੀ ਪੰਚਾਇਤ ਨੇ ਮਤਾ ਰੱਖਿਆ ਕਿ ਜੰਗ ਛੱਡ ਦਿਓ, ਗੁਰੂ ਨਾਨਕ ਦੇਵ ਜੀ ਵਾਲਾ ਸ਼ਾਂਤੀ ਵਾਲਾ ਰਾਹ ਅਪਣਾਓ। ਸਾਡੇ ਲਈ ਸਿੱਖੀ ਨਿਭਾਉਣੀ ਮੁਸ਼ਕਿਲ ਹੈ, ਬਾਦਸ਼ਾਹ ਕੋਲ ਲੱਖਾਂ ਦੀ ਫ਼ੌਜ ਹੈ, ਕਿਵੇਂ ਮੁਕਾਬਲਾ ਕਰ ਸਕਦੇ ਹਾਂ ਜੇ ਆਖੋ ਤਾਂ ਵਿਚ ਪੈ ਕੇ ਗੱਲ ਨਿਬੇੜ ਲਈਏ।

ਗੁਰੂ ਜੀ ਧੀਰਜ ਨਾਲ ਵਿਚਾਰ ਸੁਣਦੇ ਰਹੇ, ਕਿਹਾ ਕਿ ਸਿੱਖ ਤਾਂ ਉਪਦੇਸ਼ ਲੈਣ ਲਈ ਹੁੰਦਾ ਹੈ। ਤੁਸੀਂ ਉਲਟ ਉਪਦੇਸ਼ ਦੇਣ ਲੱਗ ਪਏ। ਕਿਤੇ ਪੰਜਵੇਂ ਗੁਰੂ ਜੀ ਦੀ

ਸ਼ਹੀਦੀ, ਨੌਵੇਂ ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਧਿਆਨ ਮਾਰੋ ਅਸੀਂ ਐਸੇ ਪੁਰਸ਼ਾਂ ਨੂੰ ਸਿੱਖ ਬਣਾ ਕੇ ਕੀ ਲੈਣਾ, ਕ੍ਰਿਪਾ ਕਰਕੇ ਘਰਾਂ ਨੂੰ ਮੁੜ ਜਾਓ-

ਬਚਨ ਸੁਣ ਕੇ ਖਿਮਾ ਮੰਗੀ ਤੇ ਨਾਲ ਹੀ ਲਿਖ ਦਿੱਤਾ ਕਿ ਅਸੀਂ ਗੁਰੂ ਦੇ ਸਿੱਖ ਨਹੀਂ। ਗੁਰੂ ਜੀ ਅਤੇ ਲਿਖਤ ਕਮਰ ਕੱਸ ਵਿਚ ਬੰਨ੍ਹੀ ਹੀ ਸੀ ਸੂਹੀਏ ਨੇ ਸੂਹ ਦਿੱਤੀ ਕਿ ਮੁਗਲ ਫ਼ੌਜ ਨੇੜੇ ਹੀ ਹੈ। ਸਿੰਘਾਂ ਨੇ ਕਾਹਲੀ ਨਾਲ ਖਿਦਰਾਣੇ ਦੀ ਢਾਬ ਤੇ ਪਾਣੀ ਤੇ ਕਬਜ਼ਾ ਕਰ ਲਿਆ। ਗੁਰੂ ਜੀ ਟਿੱਬੀ ਤੇ ਟਿਕਾਣਾ ਬਣਾ ਲਿਆ।

ਭਾਈ ਰਾਇ ਸਿੰਘ ਨੇ ਲਕੀਰ ਖਿੱਚੀ ਤੇ ਕਿਹਾ ਜੋ ਗੁਰੂ ਤੋਂ ਜਾਨਾਂ ਵਾਰਨ ਲਈ ਤਿਆਰ ਹਨ ਲਕੀਰ ਟੱਪ ਆਓ। ਦੇਖਦੇ ਹੀ 45 ਸਿੰਘ ਲਕੀਰ ਟੱਪ ਗਏ। ਗੁਰੂ ਜੀ ਨੇ ਵੀ ਮੋਰਚਾ ਪੱਕਾ ਕਰ ਲਿਆ। ਯੁੱਧ ਆਰੰਭ ਹੋ ਗਿਆ। ਸਿੰਘ ਜਾਨਾਂ ਤੋੜ ਕੇ ਲੜ ਰਹੇ ਸਨ, ਗੁਰੂ ਜੀ ਤੀਰਾਂ ਦੀ ਬਰਖਾਂ ਕਰ ਰਹੇ ਸਨ। ਸਿੰਘਾਂ ਦਾ ਪਾਣੀ ਤੇ ਕਬਜ਼ਾ ਸੀ, ਮੁਗਲਾਂ ਨੂੰ ਗਰਮੀ ਦੀ ਦੁਪਹਿਰ ਨੂੰ ਟਿਕਣਾ ਔਖਾ ਸੀ। ਜਦੋਂ ਸਮੂਹ ਸਿੰਘ ਸ਼ਹੀਦ ਹੋ ਗਏ ਗੁਰੂ ਜੀ ਟਿੱਬੀ ਤੋਂ ਥੱਲੇ ਆ ਗਏ ਤੇ ਆਪਣੇ ਜਥੇ ਦੇ ਸਿੰਘਾਂ ਨੂੰ ਅੱਗੇ ਕੀਤਾ। ਨਵਾਬ ਨੇ ਜਦ ਟਿੱਬੀ ਖਾਲੀ ਦੇਖੀ ਤਾਂ ਬਹੁਤ ਖੁਸ਼ ਹੋਇਆ ਤੇ ਫੌਜਾਂ ਨੂੰ ਪਿੱਛੇ ਮੁੜਨ ਦਾ ਹੁਕਮ ਕੀਤਾ ਕਿ ਗੁਰੂ ਜੀ ਸ਼ਹੀਦ ਹੋ ਗਏ ਹਨ।

ਰਾਹ ਵਿਚ ਕਪੂਰਾ ਮਿਲਿਆ ਤੇ ਪੁੱਛਿਆ ਪਾਣੀ ਕਿੱਥੇ ਕੁ ਹੈ। ਉਹ ਕਹਿੰਦਾ ਤੀਹ ਕੁ ਕੋਹ ਤੇ, ਤੁਹਾਡਾ ਮਨੋਰਥ ਪੂਰਾ ਹੋ ਗਿਆ, ਉਸ ਕੋਲ ਕਿਹੜਾ ਕੋਈ ਰਾਜ ਹੈ। ਫਕੀਰ ਦਾ ਪਿੱਛਾ ਕਰਕੇ ਤੁਸੀਂ ਕੀ ਲੈਣਾ।

ਜੰਗ ਤੋਂ ਬਾਅਦ 'ਜਾਨ ਭਾਈ' ਤੇ ਸਵਾਰ ਹੋ ਕੇ ਸਿੰਘਾਂ ਕੋਲ ਗਏ। ਸਿੰਘਾਂ ਨੇ ਸੀਸ ਗੋਦ ਵਿਚ ਰੱਖ ਕੇ ਬਖਸ਼ਿਸ਼ਾਂ ਕੀਤੀਆਂ, ਸਤਿਕਾਰ ਦਿੱਤਾ, ਇਨਾਮ ਦਿੱਤੇ, ਪੰਜ ਹਜ਼ਾਰੀ, ਸੱਠ ਹਜ਼ਾਰੀ ਆਦਿ। ਚਿਖਾ ਤਿਆਰ ਕਰਕੇ, ਮ੍ਰਿਤਕ ਸਿੱਖਾਂ ਨੂੰ ਚਿਖਾ ਤੇ ਟਿਕਾਈ ਗਏ। ਅਖੀਰ ਵਿਚ ਭਾਈ ਮਹਾਂ ਸਿੰਘ ਕੋਲ ਗਏ। ਉਹਨਾਂ ਦਾ ਸਾਹ ਚੱਲਦਾ ਸੀ, ਗੁਰੂ ਜੀ ਨੇ ਉਸਦਾ ਸੀਸ ਪੱਟਾਂ 'ਤੇ ਟਿਕਾ ਲਿਆ, ਮੂੰਹ ਪੂੰਝਿਆ, ਜਲ ਪਾਇਆ ਉਸ ਆਵਾਜ਼ ਕੱਢੀ 'ਧੰਨ ਗੁਰੂ'

ਗੁਰੂ ਜੀ ਨੇ ਕਿਹਾ 'ਗੁਰੂ ਤੁਛਾ ਹੈ ਕੁਝ ਮੰਗ' ਭਾਈ ਮਹਾਂ ਸਿੰਘ ਜੀ ਨੇ ਕਿਹਾ ਜੇ ਤੁਠੇ ਹੋ ਤਾਂ ਟੁੱਟੀ ਗੰਢੋ ਗੁਰੂ ਜੀ ਦੁਬਾਰਾ ਕਿਹਾ ਹੋਰ ਮੰਗ। ਭਾਈ ਮਹਾਂ ਸਿੰਘ ਜੀ ਨੇ ਕਿਹਾ ਪਾਤਸ਼ਾਹੋ! ਕੁਝ ਨਹੀਂ ਚਾਹੀਦਾ ਬਸ ਟੁੱਟੀ ਗੰਢੋ।

ਗੁਰੂ ਮਹਾਰਾਜ ਜੀ ਕਾਗ਼ਜ਼ ਕਮਰਕੱਸੇ ਵਿਚ ਕੱਢਿਆ ਤੇ ਪਾੜ ਦਿੱਤਾ ਭਾਈ ਜੀ ਨੇ ਪ੍ਰਾਣ ਤਿਆਗ ਦਿੱਤੇ। ਥੋੜੇ ਜਿਹੇ ਅੱਗੇ ਗਏ ਮਾਈ ਭਾਗੋ ਜ਼ਖਮੀ ਪਏ ਸਨ। ਗੁਰੂ ਮਹਾਰਾਜ ਨੂੰ ਬਖਸ਼ਿਸ਼ਾਂ ਕੀਤੀ। ਉਹ ਗੁਰੂ ਸਾਹਿਬ ਜੀ ਨਾਲ ਰਹੇ, ਅੱਜ ਤਕ ਸਤਿਕਾਰ ਹੈ।

ਅੰਗੀਠਾ ਚਿਣਵਾ ਕੇ ਗੁਰੂ ਜੀ ਨੇ ਆਪਣੇ ਹੱਥੀਂ ਅੰਗੀਠੇ ਨੂੰ ਲਾਬੂ ਲਾਇਆ। ਅੰਗੀਠਾ ਬਲਦਾ ਰਿਹਾ, ਗੁਰੂ ਜੀ ਗੁਰਬਾਣੀ ਦਾ ਕੀਰਤਨ ਕਰਦੇ ਰਹੇ। ਸੋਹਲੇ ਦੇ ਪਾਠ

ਉਪਰੰਤ ਕਿਹਾ ਸਾਡਾ ਦੀਵਾਨ ਦਾ ਅਸਥਾਨ ਤੇ ਮੁਕਤਿਆਂ ਦਾ ਸ਼ਹੀਦ ਗੰਜ ਇਕ ਸਮਾਨ ਹੈ। ਖਿਦਰਾਣੇ ਦੀ ਢਾਬ ਤੋਂ ਵਜੀਦਪੁਰ (ਫਿਰੋਜ਼ਪੁਰ) ਨੇੜੇ ਪੁੱਜੇ। ਉਥੇ ਤਿੱਤਰ ਫੜਨ ਲਈ ਕੁੱਤੇ ਤੇ ਸਿੰਘ ਦੌੜਾਏ। ਭਾਈ ਦਾਨ ਸਿੰਘ ਨੇ ਪੁੱਛਿਆ ਗੁਰੂ ਜੀ ਬਾਜ਼ ਨੂੰ ਕਿਉਂ ਨਹੀਂ ਛਡਿਆ। ਦੱਸਿਆ ਕਿ ਤਿੱਤਰ ਪਿਛਲੇ ਜਨਮ ਵਿਚ ਜੱਟ ਸੀ, ਸਾਡਾ ਬਾਜ਼ ਬਾਣੀਆ। ਬਾਣੀਏ ਤੋਂ ਜੱਟ ਨੇ ਕਰਜ਼ਾ ਲਿਆ ਸੀ, ਜ਼ਾਮਨ ਗੁਰੂ ਨੂੰ ਰੱਖਿਆ ਸੀ। ਕਰਜ਼ਾ ਮੋੜਿਆ ਨਹੀਂ, ਇਸ ਕਰਕੇ ਬਾਜ਼ ਨੂੰ ਤਕਲੀਫ਼ ਨਹੀਂ ਦਿੱਤੀ।

ਉਥੋਂ ਰੁਪਾਣੇ ਹੁੰਦੇ ਹੋਏ ਥੇਹੜੀ ਪੁੱਜੇ, ਉਥੇ ਇਕ ਸਾਧੂ ਲੋਕਾਂ ਨੂੰ ਵਹਿਮਾਂ ਭਰਮਾਂ ਕਰਾਮਾਤਾਂ ਨਾਲ ਭਰਮਾਉਂਦਾ ਸੀ, ਉਸਦੇ ਮੱਥੇ ਤੇ ਤੀਰ ਲਾਇਆ ਤੇ ਆਤਮਕ ਸ਼ਕਤੀ ਪੈਦਾ ਕਰਨ ਦਾ ਉਪਦੇਸ਼ ਦਿੱਤਾ।

ਉਥੇ ਕਾਸਮ ਭੱਟੀ ਪੀਰ ਦੀ ਕਬਰ ਸੀ। ਗੁਰੂ ਜੀ ਨੇ ਸੋਹਣੀ ਬਣਤਰ ਦੀ ਤਾਰੀਫ਼ ਕੀਤੀ। ਸਿੰਘਾਂ ਨੇ ਤਨਖਾਹ ਭਰਨ ਲਈ ਆਖਿਆ, ਗੁਰੂ ਜੀ ਨੇ ਤਨਖਾਹ ਭਰੀ ਨਾਲ ਖਾਲਸੇ ਦੀ ਸੁਚੇਤਤਾ ਦੀ ਦਾਦ ਦਿੱਤੀ। ਉਥੋਂ ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਦੇ ਨੇੜੇ ਉਚੇ ਟਿੱਬੇ ਤੇ ਦਮ ਲਿਆ। ਬਰਾੜਾਂ ਨੇ ਖਰਚੇ ਦੀ ਮੰਗ ਕੀਤੀ। ਰੁਕਣ ਲਈ ਕਿਹਾ, ਪਰ ਉਹ ਕਾਹਲੇ ਪੈ ਗਏ। ਇੰਨੇ ਨੂੰ ਇੱਕ ਸਿੱਖ ਨੇ ਇਲਾਕੇ ਦੀ ਦਸਵੰਧ ਲਿਆ ਕੇ ਭੇਂਟ ਕੀਤੀ। ਮੋਹਰਾਂ ਵੰਡੀਆਂ। ਤਲਵੰਡੀ ਦਾ ਸਰਦਾਰ ਡੱਲਾ ਦਰਸ਼ਨਾਂ ਨੂੰ ਆਇਆ। ਥੋੜੇ ਸਿੰਘ ਦੇਖ ਕੇ ਬੋਲਿਆ–

ਡੱਲਾ ਨਾਂ ਮੱਲਾ।

ਗੁਰੂ ਗੋਬਿੰਦ ਸਿੰਘ ਇਕੱਲਾ

ਗੁਰੂ ਜੀ ਬੋਲੇ– ਗੁਰੂ ਗੋਬਿੰਦ ਸਿੰਘ ਨਾਲ ਅਲਾਹ!

ਉਸਨੇ ਆਪਣੇ ਨੌਜਵਾਨਾਂ ਦੀ ਤਾਰੀਫ਼ ਕੀਤੀ। ਹੰਕਾਰ ਤੋੜਨ ਲਈ ਨਵੀਂ ਭੇਂਟ ਬੰਦੂਕ ਦਾ ਨਿਸ਼ਾਨ ਪਰਖਣ ਲਈ ਆਪਣੇ ਜਵਾਨ ਬੰਦੂਕ ਅੱਗੇ ਖੜ੍ਹੇ ਹੋਣ ਲਈ ਕਿਹਾ। ਡੱਲੇ ਨੇ ਗੱਲ ਟਾਲਣ ਲਈ ਕਿਹਾ–ਅਜਾਈਂ ਮਰਨਾ ਕਿਥੋਂ ਤੱਕ ਠੀਕ ਹੈ। ਗੁਰੂ ਜੀ ਨੇ ਕਿਹਾ– ਕੈਂਪ ਵਿਚ ਅਵਾਜ਼ ਦਿਓ ਕਿ ਗੁਰੂ ਜੀ ਨੇ ਨਿਸ਼ਾਨਾ ਪਰਖਣਾ ਹੈ। ਇਕ ਸਿੱਖ ਆਏ।

ਜਦੋਂ ਅਵਾਜ਼ ਦਿੱਤੀ ਤੇ ਇਕ ਸਿੱਖ ਦਸਤਾਰ ਸਜਾ ਰਿਹਾ–ਇਕ ਸਿੱਖ ਘੋੜੇ ਨੂੰ ਖਰਖਰਾ ਕਰ ਰਿਹਾ ਸੀ। ਦੌੜੇ ਆਏ ਝਗੜਨ ਲੱਗੇ ਕਿ ਪਹਿਲਾਂ ਮੈਂ ਆਵਾਜ਼ ਸੁਣੀ। ਉਨ੍ਹਾਂ ਨੇ ਦੋਵਾਂ ਨੇ ਅੱਗੇ ਪਿੱਛੇ ਖੜਨ ਲਈ ਕਿਹਾ ਤੇ ਗੋਲੀ ਚਲਾ ਦਿੱਤੀ।

ਡੱਲਾ ਦੇਖ ਕੇ ਚਰਨੀ ਪੈ ਗਿਆ। ਮੇਰੇ ਤੇ ਮਿਹਰ ਕਰੋ। ਗੁਰੂ ਜੀ ਕਹਿੰਦੇ ਅੰਮ੍ਰਿਤ ਛਕੋ, ਸੰਗਤਾਂ ਨੂੰ ਛਕਵਾਓ।

ਗੁਰੂ ਜੀ ਨੇ ਕਮਰਕੱਸਾ ਖੋਲਿਆ ਤੇ ਪੰਥ ਨੂੰ ਮੁੜ ਸੁਰਜੀਤ ਕਰਨ ਲਈ ਹੁਕਮਨਾਮੇ ਭੇਜੇ ਉਥੇ ਹੀ ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਕੌਰ ਜੀ, ਭਾਈ ਮਨੀ ਸਿੰਘ ਜੀ ਨਾਲ ਆਏ ਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸੁਣ ਕੇ ਨੈਣ ਭਰ ਲਏ।

ਸਮਾਂ ਸੋਗ ਦਾ ਨਹੀਂ, ਸਗੋਂ ਖੁਸ਼ੀ ਦਾ ਹੈ। ਉਥੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਭਾਈ ਮਨੀ ਸਿੰਘ ਜੀ ਤੋਂ ਲਿਖਵਾਇਆ, ਆਪ ਨੇ ਉਚਾਰਿਆ ਤੇ ਅੰਤਮ ਸਰੂਪ ਦੇਣ ਲਈ ਸੋ ਪੁਰਖ ਦੇ ਚਾਰ ਸ਼ਬਦ ਤੇ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਤੇ ਸਲੋਕ ਦਰਜ ਕੀਤੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪੂਰਨ ਉਪਰੰਤ ਸ੍ਰੀ ਦਮਦਮਾ ਸਾਹਿਬ ਤਲਵੰਡੀ, ਤਖ਼ਤ ਸਾਹਿਬ ਵਿਖੇ ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ਪ੍ਰਕਾਸ਼ ਕਰਕੇ ਹੁਕਮਨਾਮਾ ਲਿਆ। ਉਸ ਦਿਨ ਸੰਗਤਾਂ ਨੇ ਦਰਸ਼ਨਾਂ ਲਈ ਵਹੀਰਾਂ ਘੱਤ ਲਈਆਂ। ਇਕ ਦੂਜੇ ਤੋਂ ਅੱਗੇ ਲੰਘਣ ਦੀ ਦੌੜ ਲੱਗ ਗਈ। ਹਜ਼ਾਰਾਂ ਸੰਗਤਾਂ ਨੇ ਅੰਮ੍ਰਿਤ ਛਕਿਆ।

ਔਰੰਗਜ਼ੇਬ ਵਲੋਂ ਪਛਤਾਵੇ ਦੀ ਇਕ ਹੋਰ ਚਿੱਠੀ ਮਿਲੀ ਤੇ ਮਿਲਣ ਦੀ ਚਾਹ ਪ੍ਰਗਟ ਕੀਤੀ। ਗੁਰੂ ਜੀ ਨੇ ਜਦੋਂ ਸਿੱਖਾਂ ਨੂੰ ਦੱਖਣ ਬਾਰੇ ਦੱਸਿਆ– ਸਿੱਖਾਂ ਨੇ 'ਭੱਠ' ਪਈ ਦੱਖਣ।

ਉਹਨਾਂ ਆਖਿਆ ਉਹ ਮੈਨੂੰ ਪਿਆਰਾ ਹੈ। ਦੱਖਣ ਵੱਲ ਕੂਚ ਕਰਨ ਲਈ ਹੁਕਮਨਾਮੇ ਭੇਜੇ ਕਿ ਅੱਛੇ ਬੈਲ ਭੇਜੋ ਜਿਨ ਸਾਡੇ ਨਾਲ ਚੱਲਣਾ ਤੇ ਆਵਣਾ।

ਹਾਲੇ ਜਾਣ ਦੀ ਤਿਆਰੀ ਹੀ ਕਰਦੇ ਸੀ ਕਿ 3 ਮਾਰਚ 1707 ਨੂੰ ਔਰੰਗਜ਼ੇਬ ਦੀ ਮ੍ਰਿਤੂ ਹੋ ਗਈ। ਬਹਾਦਰ ਸ਼ਾਹ (ਮੁਅਜਮ) ਜਮਰੋਦ ਵੱਲ ਸੀ। 3 ਮਈ ਨੂੰ ਰਾਵੀ ਪਾਰ ਕੀਤੀ ਤੇ ਦੋ ਦਿਨ ਲਾਹੌਰ ਰਹਿਣ ਤੋਂ ਬਾਅਦ 11 ਮਈ ਨੂੰ ਸਤਲੁਜ ਪਾਰ ਕੀਤਾ। ਭਾਈ ਨੰਦ ਲਾਲ ਜਿਨ੍ਹਾਂ ਨੇ ਬਹਾਦਰ ਸ਼ਾਹ ਨੂੰ ਫਾਰਸੀ ਸਿਖਾਈ ਸੀ। ਮੁਲਤਾਨ ਤੋਂ ਉਚੇਚਾ ਸੱਦਿਆ ਕਿਉਂਕਿ ਔਰੰਗਜ਼ੇਬ ਨੇ (ਬਹਾਦਰ ਸ਼ਾਹ ਅਤੇ ਚਾਰੇ ਪੁੱਤਰਾਂ ਨੂੰ ਕੈਦ ਕਰ ਦਿੱਤਾ ਸੀ) ਗੁਰੂ ਜੀ ਨੂੰ ਭਾਈ ਨੰਦ ਲਾਲ ਦੇ ਕਹਿਣ ਤੇ ਰਿਹਾ ਹੋਣ ਦੀ ਅਰਦਾਸ ਕੀਤੀ ਨਾਲ ਹੀ ਭਵਿੱਖਬਾਣੀ ਵੀ ਕੀਤੀ ਸੀ। ਬਹਾਦਰ ਸ਼ਾਹ ਬਾਦਸ਼ਾਹ ਬਣੇਗਾ। ਜਿਸ ਕਰਕੇ ਬਹਾਦਰ ਸ਼ਾਹ ਗੁਰੂ ਜੀ ਦਾ ਸਤਿਕਾਰ ਕਰਦਾ ਸੀ। ਅਨੰਦਪੁਰ 'ਤੇ ਹਮਲਿਆਂ ਸਮੇਂ ਪੰਜਾਬ ਹੋਣ ਦੇ ਬਾਵਜੂਦ ਹਮਲਿਆਂ ਵਿਚ ਹਿੱਸਾ ਨਹੀਂ ਸੀ ਲਿਆ।

ਜਦੋਂ ਨਵਾਬ ਸਰਹੰਦ ਵਜੀਦ ਖਾਂ ਨੂੰ ਬਹਾਦਰ ਸ਼ਾਹ ਦਾ ਗੁਰੂ ਜੀ ਦੀ ਮਿਲਣੀ ਦਾ ਪਤਾ ਲੱਗਾ ਤਾਂ ਉਹ ਬਹਾਦਰ ਸ਼ਾਹ ਨੂੰ ਮਿਲਣ ਆਇਆ, ਹਥਿਆਰ ਤੇ ਕੁਝ ਤੋਹਫ਼ੇ ਦੇ ਗਿਆ।

ਉਧਰ ਔਰੰਗਜ਼ੇਬ ਦੇ ਪੁੱਤਰ ਵਿਚ ਤਖ਼ਤ ਨਸ਼ੀਨੀ ਦੀ ਜੰਗ ਚੱਲ ਪਈ। ਜੰਗ ਵਿਚ ਮੁਹੰਮਦ ਆਜ਼ਮ ਕੋਲ ਬਹੁਤ ਵੱਡੀ ਫੌਜ ਸੀ। ਪਰ ਬਹਾਦਰ ਸ਼ਾਹ ਨੇ ਬਹੁਤ ਫੁਰਤੀ ਨਾਲ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕਰਕੇ, ਬਹੁਤ ਛੇਤੀ ਨਾਲ ਹਮਲਾ ਕੀਤਾ ਤੇ ਆਜ਼ਮ ਦੀਆਂ ਫੌਜਾਂ ਵਿਚ ਭਾਜੜ ਪੈ ਗਈ। ਗਰਮੀ ਬਹੁਤ ਸੀ, ਰੇਤਾ, ਮਿੱਟੀ, ਘੱਟਾ ਉੱਡ ਰਿਹਾ ਸੀ। ਆਜ਼ਮ ਦੀ ਫੌਜ ਨੂੰ ਕੁਝ ਸੁੱਝੇ ਹੀ ਨਾ। ਆਜਮ ਦਾ ਪੁੱਤਰ ਵੀ ਮਾਰਿਆ ਗਿਆ। ਲੱਖੀ ਜੰਗਲ ਦਾ ਸਿਪਾਹੀ ਧਰਮ ਸਿੰਘ ਨੇ ਐਸਾ ਤੀਰ ਮਾਰਿਆ, ਆਜ਼ਮ ਵੀ ਢੇਰ ਹੋ ਗਿਆ ਜੰਗ ਜਿੱਤ ਲਈ। 19 ਜੂਨ 1707 ਆਗਰੇ ਜਾ ਕੇ ਰਾਜ

ਗੱਦੀ ਸੰਭਾਲ ਲਈ ਨਾਲ ਹੀ ਜਥੇਦਾਰ ਧਰਮ ਸਿੰਘ ਦੇ ਹੱਥ ਸੁਨੇਹਾ ਭੇਜਿਆ ਕਿ ਗੁਰੂ ਜੀ ਮੈਨੂੰ ਆਗਰੇ ਮਿਲਣ ਜੁਲਾਈ 1707 ਗੁਰੂ ਜੀ ਆਗਰੇ ਸ਼ਹਿਰ ਤੋਂ ਬਾਹਰ ਪੰਜ ਮੀਲ ਤੇ ਡੇਰਾ ਲਾਇਆ। 2 ਅਗਸਤ ਨੂੰ ਮਿਲਣ ਦੀ ਤਾਰੀਖ ਰੱਖ ਲਈ।

ਮੁਲਾਕਾਤ ਵਾਲੇ ਦਿਨ ਗੁਰੂ ਜੀ ਤਲਵਾਰ ਪਙਿਨ ਅਤੇ ਕਲਗੀ ਸਜਾ ਕੇ ਗਏ। ਬਹਾਦਰ ਬਾਹ ਕਿਲੇ ਦੇ ਦਰਵਾਜ਼ੇ ਤੇ ਲੈਣ ਆਇਆ। ਸਤਿਕਾਰ ਵਜੋਂ ਧੁਖ ਧੁਖੀ ਸਰਾਇ ਪਰਦਾ, ਖੇਮਾ ਤੇ ਨਗਾਰਾ ਭੇਂਟ ਕੀਤਾ। ਗੁਰੂ ਜੀ ਨੇ ਇਕ ਸਿੱਖ ਰਾਹੀਂ ਆਪ ਨੇ ਕੈਂਪ ਵਿੱਚ ਭੇਜ ਦਿੱਤੀਆਂ। ਰਿਵਾਜ਼ ਮੁਤਾਬਕ ਇਹ ਵਸਤਾਂ ਇਕ ਬਾਦਸ਼ਾਹ ਸੁਤੰਤਰ ਬਾਦਸ਼ਾਹ ਨੂੰ ਭੇਂਟ ਕਰਦਾ ਹੈ। ਉਸ ਬਾਦਸ਼ਾਹ ਲਈ ਉਹ ਪਹਿਣਨੀ ਜ਼ਰੂਰੀ ਹੁੰਦੀਆਂ ਹਨ। ਨਾਲ ਹੀ ਤਖ਼ਤ ਪ੍ਰਾਪਤ ਕਰਨ ਲਈ ਆਪਦਾ ਧੰਨਵਾਦ ਕੀਤਾ। ਆਪਦੇ ਦਰਸ਼ਨ ਦੇਣ ਨਾਲ ਸਾਰੇ ਗੁੱਸੇ ਦੂਰ ਹੋ ਗਏ। ਤੁਹਾਡਾ ਹਰ ਹੁਕਮ ਸਿਰ ਮੱਥੇ ਪ੍ਰਵਾਨ ਹੋਵੇਗਾ।

ਕੱਟੜਪੰਥੀ ਮੁਲਾਣਿਆ ਨੇ ਬੁਰਾ ਮਨਾਇਆ। ਆਖਿਆ ਕਰਾਮਾਤ ਕਰਕੇ ਦਿਖਾਓ। ਆਖਿਆ ਕਰਾਮਾਤ ਦਾ ਮਾਲਕ ਅੱਲਾ ਹੈ, ਬਹਾਦਰ ਸ਼ਾਹ ਵੱਲ ਇਸ਼ਾਰਾ ਕਰਕੇ ਕਿਹਾ ਸਿਆਸਤ ਹੀ ਵੱਡੀ ਕਰਾਮਾਤ ਹੈ। ਹਾਕਮ ਜਦ ਮਰਜੀ ਕਿਸੇ ਦਾ ਸਿਰ ਲਾਹੁਣ ਦਾ ਹੁਕਮ ਦੇ ਦੇਵੇ, ਜਦੋਂ ਮਰਜੀ ਉਸਦੀ ਜਾਨ ਬਖਸ਼ੀ ਦਾ ਹੁਕਮ ਕਰ ਦੇਵੇ। ਆਪਣੀ ਮੋਹਰ ਥੱਲੇ ਸੁੱਟ ਦਿੱਤੀ ਤੇ ਆਖਿਆ ਮੋਹਰ ਸ਼ਕਤੀ ਦਾ ਪ੍ਰਤੀਕ ਹੈ ਕਰਾਮਾਤ ਹੈ।

ਫਿਰ ਦੂਜਾ ਪ੍ਰਸ਼ਨ ਕੀਤਾ– ਪੀਰ! ਹਮਾਰਾ ਮਜ਼ਹਬ ਅੱਛਾ ਹੈ ਜਾਂ ਤੁਮਾਰਾ

ਤੁਮ ਕੋ ਤੁਮਾਰਾ, ਹਮ ਕੋ ਹਮਾਰਾ ਖ਼ੂਬ

ਇਸ ਮੁਲਾਕਾਤਾਂ ਦਾ ਸਿਲਸਿਲਾ ਚੱਲਦਾ ਰਿਹਾ ਤਾਂ ਗੁਰੂ ਜੀ ਨੇ ਇਕ ਕਰਮਚਾਰੀ ਨੂੰ ਕਿਹਾ ਕਿ ਮੁਲ ਪਵਾ ਕੇ ਲਿਆਓ– ਵਾਪਸ ਆ ਕਹਿੰਦਾ ਇਸਨੂੰ ਕਿਸੇ ਨਹੀਂ ਲਿਆ।

ਫਿਰ ਆਖਿਆ ਦੇਖੋ ਮੋਹਰ ਹੈਗੀ

ਆਖਿਆ ਮੁਲ ਮੋਹਰ ਦਾ ਨਹੀਂ, ਧਾਤ ਦਾ ਹੈ।

ਸੁਭ ਅਮਲਾ ਬਗੈਰ ਨਾ ਦਰਗਹਿ ਪ੍ਰਵਾਨ

ਗੱਲਬਾਤ ਚੱਲਦੀ ਰਹੀ। ਧੌਲਪੁਰ ਦੀ ਸੰਗਤ ਨੂੰ ਲਿਖਿਆ ਅਸੀਂ ਗੱਲਬਾਤ ਸਿਰੇ ਚੜ੍ਹ ਜਾਣ ਤੇ ਅਨੰਦਪੁਰ ਸਾਹਿਬ ਪਹੁੰਚ ਰਹੇ ਹਾਂ। ਗੁਰੂ ਗੁਰੂ ਜਪਣਾ ਜਨਮ ਸਵਰੇਗਾ। ਖਾਲਸਾ ਹਥਿਆਰਬੰਦ ਹੋ ਕੇ ਉਥੇ ਪੁੱਜੇ।

ਉਧਰ ਬਹਾਦਰ ਸ਼ਾਹ ਦੇ ਰਾਜ ਵਿਚ ਬਗਾਵਤ ਸ਼ੁਰੂ ਹੋ ਗਈਆਂ। ਰਾਜਪੂਤਾਨੇ ਵੱਲ ਚੱਲ ਪਿਆ, ਉਥੋਂ ਖ਼ਬਰ ਮਿਲੀ ਕਿ ਕਾਸਮ ਬਖਸ਼ ਤੀਜਾ ਭਰਾ ਨੇ ਦੱਖਣ ਵਿੱਚ ਬਗਾਵਤ ਸ਼ੁਰੂ ਕਰ ਦਿੱਤੀ। ਉਹ ਵੀ ਦੱਖਣ ਵੱਲ ਚਲ ਪਿਆ। ਗੁਰੂ ਜੀ ਵੀ ਦੱਖਣ ਵੱਲ ਚੱਲ ਗਏ। ਉਧਰ ਰਾਹ ਵਿਚ ਰਾਜਪੂਤਾਂ ਦੇ ਤਿੰਨ ਲੱਖ ਘੋੜੇ ਤੇ ਘੋੜਸਵਾਰ ਸੀ।

ਜੇਕਰ ਕਿਤੇ ਇਕ ਝੰਡੇ ਥੱਲੇ ਇਕੱਠ ਹੋ ਜਾਣ ਤਾਂ ਜ਼ੁਲਮ ਰੋਕਿਆ ਜਾ ਸਕਦਾ ਹੈ। ਪਰ ਉਹ ਆਪਣੀਆਂ ਲੜਕੀਆਂ ਮੁਗਲਾਂ ਨੂੰ ਦਿੰਦੇ ਸਨ। ਗੁਰੂ ਜੀ ਨੇ ਅਣਖ ਗੈਰਤ ਨਾਲ ਜੀਣ ਰਹਿਣ ਦੀ ਪ੍ਰੇਰਣਾ ਦਿੱਤੀ। ਜਦੋਂ ਬੰਦਾ ਬਹਾਦਰ ਨੂੰ ਪੰਜਾਬ ਭੇਜਿਆ ਸੀ ਤਾਂ ਉਥੇ ਹੋਰ ਸ਼ਕਤੀ ਇਕੱਠੀ ਕਰਨ ਲਈ ਕਿਹਾਬਹਾਦਰ ਸ਼ਾਹ 17 ਮਈ 1708 ਔਰੰਗਾਬਾਦ, ਔਰੰਗਜ਼ੇਬ ਤੇ ਮਕਬਰੇ ਤੇ ਗਿਆ ਅਤੇ ਉਲਾਘਾ ਪੁੱਟਦਾ ਦੱਖਣ ਵੱਲ ਵੱਧ ਰਿਹਾ ਸੀ ਕਿ ਗੁਰੂ ਜੀ ਨਾਲ ਗੱਲਬਾਤ ਲਈ ਤਾਂ ਕਿ ਆਰਾਮ ਨਾਲ ਹੋ ਸਕੇ।

ਰਾਜਪੂਤਾਨੇ ਤੋਂ ਹੁੰਦੇ ਹੋਏ ਜੈਪੁਰ ਦੇ ਨੇੜੇ ਦਾਦੂ ਦਵਾਰੇ ਪੁੱਜੇ। ਉਹ ਬਹੁਤ ਧਾਰਮਿਕ ਵਿਅਕਤੀ ਸੀ, ਉਨ੍ਹਾਂ ਦੇ ਸਲੋਕ ਸਾਧੂ ਬਹੁਤ ਪ੍ਰੇਮ ਨਾਲ ਪੜ੍ਹਦੇ ਸਨ। ਉਨ੍ਹਾਂ ਦਾਦੂ ਦਵਾਰੇ ਦੇ ਮਹੰਤ ਨੂੰ ਦਾਦੂ ਦੇ ਸਲੋਕ ਉਚਾਰਣ ਲਈ ਕਿਹਾ

ਦਾਦੂ ਚਾਵਾ ਦੂਰ ਕਰਿ ਕਲਿਕਾ ਲੀਜੇ ਭਾਇ,
ਜੋ ਕੋ ਮਾਰੇ ਈਟ ਢੇਮ ਸੀਸ ਲਏ ਝੁਕਾਏ।

ਮਹਾਰਾਜ ਨੇ ਕਿਹਾ- ਹੁਣ ਦੇ ਸਮੇਂ ਮੁਤਾਬਕ ਇਸ ਤਰ੍ਹਾਂ ਕਹੋ
ਦਾਦੂ ਚਾਵਾ ਦੂਰ ਕਰਿ ਕਲਿਕਾ ਲੀਜੇ ਭਾਇ
ਜੇ ਕੋ ਮਾਰੇ ਈਟ ਢੇਮ ਪੱਥਰ ਲਏ ਵਸਾਇ।

ਚਿਤੌੜ ਤੋਂ ਹੁੰਦੇ ਹੋਏ ਗੁਰੂ ਜੀ ਦੱਖਣ ਵੱਲ ਕੂਚ ਕੀਤਾ, ਕਿਉਂਕਿ ਬਹਾਦਰ ਸ਼ਾਹ ਬੁਰਹਾਨਪੁਰ ਵੱਲ ਸੀ। ਗੱਲਬਾਤ ਨਿਰਣੇ ਜਨਕ ਢੰਗ ਨਾਲ ਸਿਰੇ ਨਹੀਂ ਪੁੱਜੀ। ਨਾਲ ਹੀ ਪੜਾਅ ਕਰਦੇ ਜਿਥੋਂ ਵੀ ਲੰਘਦੇ ਧਾਰਮਿਕ ਸਿੱਖਿਆ ਦਿੰਦੇ। ਲੋਕਾਂ ਦੇ ਇੱਕਠਾਂ ਵਿਚ ਵਿਖਿਆਨ ਕਰਦੇ, ਨਾਲ ਹੀ ਸਿੱਖਾਂ ਨੇ ਭੱਠ ਪਈ ਦੱਖਣ ਕਿਹਾ ਸੀ। ਉਹਨਾਂ ਕਿਹਾ ਦੱਖਣ ਵੀ ਮੈਨੂੰ ਪਿਆਰਾ ਹੈ, ਇਸ ਤਰ੍ਹਾਂ ਨਾ ਕਹੋ।

ਜਦੋਂ ਅਸੀਂ ਗੁਰੂ ਗੋਬਿੰਦ ਸਿੰਘ ਦੇ ਫਲਸਫ਼ੇ ਨੂੰ ਵਿਚਾਰ ਕਰਦੇ ਹਾਂ ਕਿ ਗੁਰੂ ਸਾਹਿਬ ਮਸਲਿਆਂ ਦਾ ਹੱਲ ਸੰਵਾਦ, ਗੱਲਬਾਤ, ਵਿਚਾਰ ਵਟਾਂਦਰਾ, ਇਕੱਠੇ ਬੈਠ ਕੇ, ਇਸ ਵਿਚ ਵਿਸ਼ਵਾਸ਼ ਕਰਦੇ ਸੀ, ਜਿਵੇਂ ਅੱਜ ਵੀ ਅਸੀਂ ਇਸ ਸਿੱਟ ਤੇ ਪੁੱਜਦੇ ਹਾਂ ਹਰ ਸਮੱਸਿਆ ਚਾਹੇ ਅੰਤਰਰਾਸ਼ਟਰੀ, ਰਾਸ਼ਟਰੀ, ਖਿੱਤਾ ਜਾਂ ਲੋਕਲ ਨਾਲ ਉਸਦਾ ਸੁਭਾ ਭਾਵੇਂ ਰਾਜਨੀਤਕ, ਆਰਥਿਕ, ਸਮਾਜਿਕ, ਧਾਰਮਿਕ, ਸੱਭਿਆਚਾਰਕ ਕਿਹੋ ਜਿਹਾ ਵੀ ਹੋਵੇ, ਉਹ ਸੰਵਾਦ ਰਾਹੀਂ ਹੱਲ ਕੱਢਿਆ ਜਾ ਸਕਦਾ ਹੈ। ਇਸ ਲਈ ਗੱਲਬਾਤ ਦਾ ਸਿਲਸਿਲਾ ਜਾਰੀ ਰਹਿਣਾ ਚਾਹੀਦਾ ਹੈ। ਕੋਈ ਅੜਿੱਕਾ ਜਾਂ ਰੁਕਾਵਟ ਉਸਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਗੱਲਬਾਤ ਚਲਦੀ ਰਹੇ ਤਾਂ ਟਕਰਾਅ ਨਾ ਹੋਵੇ ਇਹ ਸਿਲਸਿਲਾ ਭਾਵੇਂ ਜਲਦੀ ਨਾਲ ਸਿੱਟੇ ਵੀ ਨਾ ਕੱਢੇ ਫਿਰ ਵੀ ਚੰਗਾ ਜਾਂ ਵਧੀਆ ਹੁੰਦਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਦੇ ਫ਼ਲਸਫੇ ਨੂੰ ਗਹੁ ਨਾਲ ਵਿਚਾਰੀਏ ਤਾਂ ਇਹ ਤਕਨੀਕ ਪ੍ਰਮੁੱਖ ਸਥਾਨ ਰੱਖਦੀ ਹੈ। ਜਦੋਂ ਕਸ਼ਮੀਰੀ ਪੰਡਤ ਗੁਰੂ ਤੇਗ ਬਹਾਦਰ ਜੀ ਨੂੰ ਆ ਕੇ ਫਰਿਆਦ ਕੀਤੀ ਕਿ ਰਾਜਨੀਤਕ ਸੱਤਾ ਧਰਮ ਬਦਲਣ ਲਈ ਦਬਾਅ ਪਾ ਰਿਹਾ ਜਾਂ ਲਾਲਚ ਦੇ ਰਿਹਾ ਹੈ ਤਾਂ ਗੁਰੂ ਸਾਹਿਬ ਨੇ ਵਿਚਾਰਧਾਰਕ ਤੌਰ ਤੇ ਕਿਹਾ

ਉਨ੍ਹਾਂ ਨੂੰ ਆਖੋ ਉਨ੍ਹਾਂ ਨੂੰ ਧਰਮ ਬਦਲਾ ਲਓ, ਅਸੀਂ ਬਦਲ ਲਵਾਂਗੇ। ਇਹ ਨਹੀਂ ਕਿਹਾ ਜਾ ਕੋਈ ਟਕਰਾਅ ਕਰੋ। ਬਾਦਸ਼ਾਹ ਨੂੰ ਮਨ ਵਿਚ ਖੁਸ਼ੀ ਹੋਈ ਨਾਲ ਹੀ ਬਦਲਾ ਲਊ ਭਾਵਨਾ ਪੈਦਾ ਹੋਈ। ਉਧਰ ਔਰੰਗਜ਼ੇਬ ਨੂੰ ਸਾਰੀ ਗੱਲਬਾਤ ਪਹੁੰਚਾ ਦਿੱਤੀ ਕਿ ਛੇਵੀਂ ਪਾਤਸ਼ਾਹੀ ਗੁਰੂ ਹਰਗੋਬਿੰਦ ਜੀ ਨੇ ਸ਼ਾਹ ਜਹਾਨ ਨਾਲ ਯੁੱਧ ਕੀਤਾ ਸੀ। ਗੁਰੂ ਹਰ ਰਾਇ ਜੀ ਨੇ ਦਾਰਾ ਸ਼ਿਕੋਹ (ਔਰੰਗਜ਼ੇਬ ਦਾ ਵੱਡਾ ਭਰਾ) ਦੀ ਸਹਾਇਤਾ, ਹਮਦਰਦੀ ਕੀਤੀ ਸੀ, ਗੁਰੂ ਤੇਗ ਬਹਾਦਰ ਜੀ ਨੂੰ ਹਕੂਮਤ ਲਈ ਖਤਰਨਾਕ ਜਾਣ ਕੇ ਗ੍ਰਿਫ਼ਤਾਰ ਕੀਤਾ ਸੀ। ਰਾਜਾ ਰਾਮ ਸਿੰਘ ਨੇ ਵਿਚ ਪੈ ਕੇ ਛੁਡਾ ਦਿੱਤਾ ਸੀ। ਹੁਣ ਮੌਕਾ ਹੈ ਗ੍ਰਿਫ਼ਤਾਰ ਕਰਕੇ ਦਿੱਲੀ ਲਿਆਓ।

ਉਹ ਪਹਿਲਾਂ ਹੀ 1673 ਵਿਚ ਹੀ ਅਨੰਦਪੁਰ ਦੀਆਂ ਸੰਗਤਾਂ ਤੋਂ ਵਿਦਾ ਲੈ ਕੇ ਧਾਰਮਿਕ ਪ੍ਰਚਾਰ ਕਰਦੇ, ਡਰ ਭੈਅ ਤੋਂ ਭੈਭੀਤ ਰਹੋ, ਨਾ ਡਰੋ ਨਾ ਡਰਾਓ, ਜ਼ੁਲਮ ਦਾ ਮੁਕਾਬਲਾ ਗੰਭੀਰ ਦ੍ਰਿੜਤਾ ਨਾਲ ਕਰੋ। ਲੋਕ ਜਦ ਪਦਾਰਥ ਭੇਂਟਾਂ ਕਰਦੇ, ਉਹ ਖੂਹ ਬਾਉਲੀਆਂ, ਤਾਲ ਆਦਿ ਲਈ ਭੇਂਟਾ ਕਰੀ ਜਾਂਦੇ। ਇਸ ਗੱਲ ਨੂੰ ਹੀ ਹਕੂਮਤ ਨੇ ਨਵੀਂ ਲਹਿਰ ਜਾਂ ਬਗਾਵਤ ਲਈ ਉਕਸਾਉਣ ਲਈ ਨਾ ਦਿੱਤਾ। ਹੁਕਮ ਦਿੱਤਾ ਜਲਦੀ ਗ੍ਰਿਫ਼ਤਾਰ ਕਰਕੇ ਲਿਆਓ। ਆਗਰੇ ਪਹੁੰਚੇ, ਆਪਣੇ ਆਪ ਨੂੰ, ਸਰਕਾਰ ਦੇ ਹਵਾਲੇ ਕਰਵਾਉਣ ਲਈ ਕਿ ਸਰਕਾਰ ਨੂੰ ਪਤਾ ਲੱਗ ਜਾਵੇ। ਇਕ ਆਜੜੀ ਮੁੰਡੇ ਨੂੰ ਸੁੱਚਾ ਨਗ ਵਾਲੀ ਮੁੰਦਰੀ, ਕੀਮਤੀ ਦੁਸ਼ਾਲਾ ਦੇ ਕੇ ਹਲਵਾਈ ਦੀ ਦੁਕਾਨ ਤੇ ਭੇਜਿਆ ਕਿ ਵੇਚ ਕੇ ਦੋ ਰੁਪਏ ਦੀ ਮਠਿਆਈ, ਇਸ ਦੁਸ਼ਾਲੇ ਵਿਚ ਪਵਾ ਲਿਆ। ਹਲਵਾਈ ਨੂੰ ਸ਼ੱਕ ਪੈ ਗਿਆ। ਗੱਲ ਕੋਤਵਾਲ ਤੱਕ ਪਹੁੰਚ ਗਈ ਤੇ ਗ੍ਰਿਫ਼ਤਾਰ ਕਰਕੇ ਦਿੱਲੀ ਪਹੁੰਚਾ ਦਿੱਤਾ।

ਉਧਰ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਸਿੱਖ ਦਿੱਲੀ ਤੋਂ ਉਨ੍ਹਾਂ ਦਾ ਪਤਾ ਲਿਆਵੇ ਉਹਨਾਂ ਲਿਖ ਕੇ ਭੇਜਿਆ–

ਬਲੁ ਛੁਟਕਿਓ ਬੰਧਨ ਪਰੈ ਕਛੂ ਨਾ ਹੋਤ ਉਪਾਏ
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ।

ਜਦੋਂ ਸਿੱਖ ਗੁਰੂ ਗੋਬਿੰਦ ਜੀ ਲਈ ਗੁਰਵਾਕ ਲੈ ਕੇ ਅਨੰਦਪੁਰ ਪੁੱਜਾ ਤਾਂ ਉਹਨਾਂ ਨੇ ਉਤਰ ਵਜੋਂ ਗੁਰੂ ਤੇਗ ਬਹਾਦਰ ਜੀ ਨੂੰ ਲਿਖਿਆ–

ਬਲ ਹੋਆ ਬੰਧਨ ਛੁਟੇ ਸਭੁ ਕੁਝ ਹੋਤ ਉਪਾਇ॥
ਨਾਨਕ ਸਭੁ ਕਿਛੁ ਤੁਮਰੇ ਹਾਥ ਮੈ ਤੁਮ ਹੀ ਹੋਤ ਸਹਾਇ॥

ਗੁਰੂ ਤੇਗ ਬਹਾਦਰ ਜੀ ਨੂੰ ਵਿਸ਼ਵਾਸ਼ ਹੋ ਗਿਆ ਕਿ ਜ਼ੁੰਮੇਵਾਰੀ ਨਿਭਾਉਣ ਦੇ ਯੋਗ ਹਨ। ਗੁਰੂ ਗੋਬਿੰਦ ਸਿੰਘ ਜੀ ਨੂੰ ਅਨੰਦਪੁਰ ਰੇਹਿਣ ਉਪਰੰਤ ਮਹਿਸੂਸ ਕੀਤਾ ਕਿ ਪਹਾੜੀ ਰਾਜੇ ਈਰਖਾ ਦੀ ਅੱਗ ਵਿਚ ਸੜ ਰਹੇ ਹਨ। ਪਰਜਾ ਦੁਖੀ ਹੈ, ਉਹ ਪਰਜਾ ਤੇ ਅੱਤਿਆਚਾਰ ਕਰ ਰਹੇ ਹਨ ਕਿਉਂ ਨਾ ਉਹਨਾਂ ਨੂੰ ਪਰੇਰ ਕੇ ਇਸ ਤਰ੍ਹਾਂ ਢੰਗ ਤਰੀਕਿਆਂ ਨੂੰ ਰੋਕਿਆ ਜਾਵੇ। ਇਸ ਕੰਮ ਲਈ ਪਹਾੜੀ ਰਾਜਿਆਂ ਦੇ ਇਲਾਕੇ ਵਿਚ ਗਏ ਕਿ ਹਰ

ਸਮੇਂ ਲੜਦੇ ਰਹਿਣਾ ਠੀਕ ਨਹੀਂ। ਉਨ੍ਹਾਂ ਦਾ ਰੀਵਾਲਸਰ (ਮੰਡੀ) ਲਈ ਇਕੱਠ ਕੀਤਾ ਤੇ ਪਰਜਾ ਉਪਰ ਅੱਤਿਆਚਾਰ ਦੀ ਬਜਾਏ ਸਹਿਯੋਗ ਪ੍ਰਾਪਤ ਕਰੋ। ਭੀਮ ਚੰਦ (ਕਹਿਲੋਰਪੁਰ) ਦਾ ਰਾਜਾ ਇਹੋ ਜਿਹਾ ਆਦਰ ਸਤਿਕਾਰ ਦੇਖ ਹੋਰ ਗੁੱਸੇ 'ਚ ਆਇਆ।

ਉਧਰ ਰਾਜਾ ਮੇਦਨੀ ਪ੍ਰਕਾਸ਼ (ਨਾਹਲ) ਨੂੰ ਸੁਣ ਕੇ ਗੁਰੂ ਗੋਬਿੰਦ ਸਿੰਘ ਰਾਜਿਆਂ ਦੇ ਆਪਸੀ ਝਗੜੇ ਨਿਬੇੜ ਰਹੇ ਹਨ, ਮਿਲਜੁਲ ਕੇ ਰਹਿਣ ਦਾ ਉਪਦੇਸ਼ ਦੇ ਰਹੇ ਹਨ। ਕਿਉਂਕਿ ਫਤਹ ਸ਼ਾਹ (ਸ੍ਰੀਨਗਰ) ਗੜ੍ਹਵਾਲ ਦਾ ਰਾਜਾ ਉਸਦੇ ਇਲਾਕੇ ਤੇ ਕਬਜ਼ਾ ਕਰ ਰਿਹਾ ਹੈ। ਭਾਵੇਂ ਕਿ ਉਸ ਪ੍ਰਵਾਰ ਦੇ ਮੈਂਬਰ ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਵਿਚ ਮਿਲੇ ਸਨ, ਉਹ ਸ੍ਰੀਨਗਰ ਵੀ ਆਏ ਸਨ। ਗੁਰੂ ਹਰਗੋਬਿੰਦ ਜੀ ਨਾਨਕ ਮੱਤੇ ਤੋਂ ਹੋ ਕੇ ਸ੍ਰੀ ਨਗਰ ਵੀ ਆਏ ਸਨ ਕਿ ਫਤਹ ਸ਼ਾਹ ਦੇ ਵਡੇਰੇ ਗੁਰੂ ਘਰ ਨਾਲ ਪੁਰਾਣੇ ਸਬੰਧ ਹਨ। ਇਸ ਲਈ ਗੁਰੂ ਗੋਬਿੰਦ ਸਿੰਘ ਦੀ ਗੱਲ ਮੰਨ ਲਵੇਗਾ। ਉਨ੍ਹਾਂ ਗੁਰੂ ਸਾਹਿਬ ਅੱਗੇ ਅਰਜੋਈ ਕੀਤੀ ਤਾਂ ਉਹ ਸਿਰਮੌਰ ਜਾਣ ਦਾ ਮਨ ਬਣਾ ਲਿਆ।

ਰਾਜਾ ਮੇਦਨੀ ਪ੍ਰਕਾਸ਼ ਦੇ ਆਦਰ ਸਤਿਕਾਰ ਕਰਕੇ ਮਹਿਲਾ ਵਿਚ ਟਿਕਾਣਾ ਬਣਾ ਲਿਆ। ਅੱਜ ਉਥੇ ਗੁਰਦੁਆਰਾ ਸਥਾਪਿਤ ਹੈ ਜਿਥੇ ਹਰ ਸਾਲ ਰਾਜਾ ਆਪ ਆ ਕੇ ਦੁਸਹਿਰੇ ਨੂੰ ਨਿਸ਼ਾਨਾ ਦੇ ਬਸਤਰ ਬਦਲਦਾ ਹੈ ਅਤੇ ਮੰਜੀ ਸਾਹਿਬ ਨੂੰ ਪੁਸ਼ਾਕਾਂ ਪਹਿਨਾਉਂਦਾ ਹੈ।

ਪਾਉਂਟਾ ਸਾਹਿਬ ਜਾ ਕੇ ਫਤਹ ਸ਼ਾਹ ਨੂੰ ਸੱਦਿਆ ਤੇ ਸਮਝਾਇਆ ਕਿ ਦੂਜੇ ਦੇ ਇਲਾਕੇ ਤੇ ਕਬਜ਼ਾ ਕਰਨਾ ਠੀਕ ਨਹੀਂ, ਰਾਜਾ ਤਾਂ ਮੰਨ ਗਿਆ ਪਰ ਰਾਜਾ ਭੀਮ ਚੰਦ ਕਹਿਲੂਰ ਰਹਿਣ ਤੇ ਅੜ ਖੜੋਤਾ ਜਿਸ ਕਰਕੇ ਭੰਗਾਣੀ ਦਾ ਯੁੱਧ ਹੋਇਆ।

ਜਦ ਆਵ ਕੀ ਅਉਧ ਨਿਦਾਨ ਬਨੇ ਅਤਿ ਹੀ ਰਨ ਮੈ ਤਬ ਜੂਝ ਮਰੋ

ਰਾਮ ਰਾਇ ਨੇ ਮੁਗਲ ਹਕੂਮਤ ਔਰੰਗਜ਼ੇਬ ਦੀ ਮਦਦ ਨਾਲ ਡੇਹਰਾਦੂਨ ਆਪਣਾ ਗੁਰੂ ਡੰਮ ਚਲਾਇਆ ਤੇ ਕੁਝ ਮਸੰਦ ਅਤੇ ਹੋਰ ਚੇਲੇ ਬਾਲਕੇ ਨਾਲ ਲੈ ਕੇ ਗੁਰੂ ਅਖਵਾਉਣ ਲੱਗਾ। ਔਰੰਗਜ਼ੇਬ ਨਾਲ ਚੰਗੇ ਸਬੰਧ ਕਰਕੇ ਪਹਾੜੀ ਰਾਜਿਆਂ ਨੂੰ ਖਿਰਾਜ ਦੀਆਂ ਮੁਆਫ਼ੀਆਂ ਜਾਂ ਇਮਦਾਦ ਦਿਵਾਉਂਦਾ। ਜਿਹੜੇ ਮਸੰਦਾਂ ਜਾਂ ਚੇਲੇ ਬਾਲਕਿਆਂ ਨੂੰ ਨਾਲ ਲੈ ਕੇ ਗੁਰੂ ਘਰ ਗੱਦੀ ਚਲਾਈ ਤੇ ਉਹ ਉਸਦੀ ਜਾਨ ਦੇ ਵੈਰੀ ਹੋ ਗਏ। ਉਹ ਹੁਣ ਪਛਤਾਵਾ ਕਰ ਰਹੇ ਸਨ। ਗੁਰੂ ਜੀ ਕੋਲ ਸਹਾਇਤਾ ਲਈ ਬੇਨਤੀ ਕੀਤੀ ਤੇ ਗੁਰੂ ਜੀ ਬੇੜੀ ਵਿਚ ਸਵਾਰ ਹੋ ਕੇ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ ਪਰ ਮੱਥੇ ਨਹੀਂ ਲੱਗੇ ਤੇ ਭਰੋਸਾ ਦਿਵਾਇਆ ਅਗਲੇ ਸਾਲ ਪਤਾ ਲੱਗਾ ਕਿ ਰਾਮ ਰਾਇ ਨੂੰ ਮਸੰਦਾਂ ਨੇ ਰਜਾਈ ਵਿਚ ਮੂੰਹ ਘੁੱਟ ਕੇ ਮਾਰ ਦਿੱਤਾ। ਮਾਤਾ ਪੰਜਾਬ ਕੌਰ (ਰਾਮ ਰਾਇ ਦੀ ਪਤਨੀ) ਦੇ ਸੱਦੇ ਤੇ ਭੋਗ ਤੇ ਗਏ ਅਤੇ ਅਤ ਕਰੜੀਆਂ ਸਜ਼ਾਵਾਂ ਦਿੱਤੀਆਂ।

ਭਾਵੇਂ ਅਨੰਦਪੁਰ ਆ ਕੇ ਸਤਲੁਜ ਦੇ ਕਿਨਾਰੇ ਨਿਰਮੋਹਹੋਲਗੜ੍ਹ, ਲੋਹਗੜ੍ਹ ਕਿਲੇ ਬਣਾਏ ਤਾਂ ਇਸਦਾ ਅਰਥ ਜੰਗਾਂ ਲਈ ਨਹੀਂ ਸੀ ਸਗੋਂ ਸਵੈ ਰੱਖਿਆ ਲਈ ਸੀ। ਉਨ੍ਹਾਂ ਨੇ ਸੰਸਕ੍ਰਿਤ ਦੀ ਪੜ੍ਹਾਈ ਪੰਜ ਸਿੰਘ ਬਨਾਰਸ ਇਸ ਲਈ ਭੇਜੇ। ਬ੍ਰਾਹਮਣ

ਹਰਗੋਬਿੰਦ ਜੀ ਦੇ ਸਮੇਂ ਤੋਂ ਮਜ਼ਾਕ ਉਡਾਉਂਦੇ ਸਨ ਜਿਨ੍ਹਾਂ ਨੂੰ ਅਸੀਂ ਬਾਅਦ ਨਿਰਮਲੇ ਅਖਵਾਏ। ਅਨੰਦਪੁਰ ਆ ਕੇ ਮਸੰਦਾਂ ਦਾ ਖਾਤਮਾ ਕੀਤਾ ਤੇ ਐਲਾਨ ਕਰ ਦਿੱਤਾ ਕਿ ਮਸੰਦਾਂ ਨੂੰ ਹੱਥ ਪੈਰ ਬੰਨ੍ਹ ਕੇ, ਦਾੜ੍ਹੀ ਤੋਂ ਫੜ੍ਹ ਕੇ ਲਿਆਓ। ਇਹ ਦਾੜ੍ਹੀਆਂ ਝੂਠੀਆਂ ਹਨ ਤੇ ਅੱਗ ਵਿਚ ਜਲਾਏ।

ਮਾਰਚ 1698 ਨੂੰ ਸੰਗਤਾਂ ਜੋ ਗੁਰੂ ਜੀ ਲਈ ਭੇਟਾਵਾਂ-ਦਸਵੰਧ ਅਨੰਦਪੁਰ ਸਾਹਿਬ ਲੈ ਕੇ ਆਉਂਦੀਆਂ ਤਾਂ ਰੰਗੜਾਂ ਲੁੱਟਣਾ ਸ਼ੁਰੂ ਕੀਤਾ। ਉਸ ਸਮੇਂ ਲੜਾਈ ਨਹੀਂ ਕੁਝ ਚੋਣਵੇਂ ਸਿੰਘ ਹੀ ਭੇਜੇ ਜਦੋਂ ਸਿੰਘਾਂ ਨੇ ਰੰਗੜਾਂ ਦੀ ਇਕ ਲੜਕੀ ਚੁੱਕ ਲਿਆਂਦੀ ਤਾਂ ਗੁੱਸੇ ਵਿਚ ਆ ਕੇ ਸਨਮਾਨ ਨਾਲ ਉਨ੍ਹਾਂ ਦੇ ਘਰ ਪਹੁੰਚਾਉਣ ਲਈ ਆਖਿਆ।

ਗੁਰੂ ਜੀ ਇਕ ਉੱਚ ਆਚਰਣ ਦੀ ਕੌਮ ਉਸਾਰਨਾ ਚਾਹੁੰਦੇ ਸਨ ਕਿ ਉਹ ਯੁੱਧ ਵਿਚ ਆਪਣਾ ਆਚਰਣ ਨਾ ਖੋਵੇ। ਹਿਦਾਇਤ ਕੀਤੀ ਕਿ ਤੁਰਕਣੀ ਨਾਲ ਸੰਗ ਕਦੇ ਨਹੀਂ ਕਰਨਾ। ਇਕ ਵਾਰ ਇਕ ਸੱਜਣ ਆ ਕੇ ਫਰਿਆਦ ਕੀਤੀ ਕਿ ਮੇਰੀ ਜਬਰਦਸਤੀ ਸੁੰਨਤ ਕਰ ਦਿੱਤੀ। ਸਾਂਤਮਈ ਜਵਾਬ ਦਿੱਤਾ ਸੁੰਨਤ ਨਾਲ ਤੁਰਕ ਨਹੀਂ ਹੁੰਦਾ ਜਦ ਤਕ ਤੁਰਕਣੀ ਸੰਗ ਸਾਥ ਨਹੀਂ ਕਰਨਾ।

ਇਕ ਸਿੱਖ ਗੁਰੂ ਜੀ ਨੇ ਬੇਨਤੀ ਕੀਤੀ ਕਿ ਜੇ ਮਾਇਆ ਬਿਖ ਹੈ ਤਾਂ ਕਿਉਂ ਲੈਂਦੇ ਹੋ ਬੜੇ ਪਿਆਰ ਨਾਲ ਸ਼ੰਕਾ ਨਿਵਾਰਨ ਕੀਤਾ। ਦਾਨ ਲੈਣਾ ਜਾਂ ਅਮਾਨਤ ਲੈਣਾ ਇਕ ਹੀ ਲੱਗਦਾ ਹੈ। ਅਮਾਨਤ ਰੱਖ ਕੇ ਪਰ ਉਪਕਾਰ ਕਰਨਾ ਹੈ ਕਿਉਂਕਿ ਇਹ ਅਮਾਨਤ ਰੂਪ ਸਮਝਦੇ ਵਰਤਦੇ ਹਾਂ ਇਸ ਲਈ ਮੈਂ ਸਿੱਖਾਂ ਨੂੰ ਨਹੀਂ ਦਿੰਦਾ ਕਿਉਂਕਿ ਮੈਨੂੰ ਸਿੱਖ ਬਹੁਤ ਪਿਆਰੇ ਹਨ।

ਇਕ ਵਾਰ ਭਗਤੀ ਬਾਰੇ ਗੱਲਾਂ ਕਰਦਿਆਂ ਕਿਹਾ ਕਿ ਕਬੀਰ ਜੀ ਵੇਲੇ ਕੌਣ ਰਾਜਾ ਸੀ, ਕਿਸੇ ਨੂੰ ਨਹੀਂ ਸੀ ਪਤਾ ਸਭ ਇਹ ਜਾਣਦੇ ਸਨ ਕਿ ਕਬੀਰ ਜੀ ਪਾਸ ਪੱਕੀ ਕੁੱਲੀ ਵੀ ਨਹੀਂ ਸੀ। ਪਰ ਸਾਰੇ ਉਨ੍ਹਾਂ ਦਾ ਆਦਰ ਸਤਿਕਾਰ ਕਰਦੇ ਹਨ। ਉਹਨਾਂ ਸ਼ਬਦਾਂ, ਕਥਨਾਂ ਅੱਗੇ ਸਿਰ ਝੁਕਾਉਂਦੇ ਹਨ। ਜਿਵੇਂ ਬਜੀਦਪੁਰ ਦੀ ਘਟਨਾ ਹੋਈ ਕਿ ਜੱਟ ਨੇ ਬਾਣੀਏ ਦਾ ਕਰਜ਼ਾ ਨਾ ਮੋੜਿਆ ਤੇ ਕਿਹਾ-

ਲੇਖਾ ਕੋਈ ਨਾ ਪੁਛਈ
ਜੋ ਗੁਰੂ ਬਖਸੰਦਾ।

ਅੱਗੋਂ ਕਿਹਾ-

ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ।
ਗੁਰੂ ਪੀਰ ਹਾਮਾ ਤਾਂ ਭਰੇ ਜਾ ਮੁਰਦਾਰ ਨਾ ਖਾਇ॥

ਇਕ ਵਾਰ ਰਬਾਬੀਆਂ ਨੇ ਬਹੁਤ ਵਧੀਆ ਕੀਰਤਨ ਕੀਤਾ। ਸੰਗਤਾਂ ਧੰਨ ਧੰਨ ਕਰ ਦਿੱਤੀ ਪਰ ਗੁਰੂ ਜੀ ਨੇ ਕਿਹਾ ਸ਼ਬਦ ਰਾਹੀਂ ਮਾਇਆ ਦੀ ਨਿਖੇਧੀ ਕੀਤੀ ਪਰ ਆਪ ਲੋਕਾਂ ਤੋਂ ਵੱਧ ਤੋਂ ਵੱਧ ਮਾਇਆ ਦੇ ਚਾਹਵਾਨ ਹਨ।

ਗੁਰਬਾਣੀ ਨੂੰ ਸ਼ੁੱਧ ਪੜ੍ਹਨ ਲਈ ਪ੍ਰੇਰਦੇ ਸਨ।

ਗੁਰੂ ਜੀ ਹਮੇਸ਼ਾ ਸਵੰਦ, ਤਰਕ ਦੇ ਰਾਹੀਂ ਹੀ ਗੱਲ ਮੁਕਾਉਣੀ ਚਾਹੁੰਦੇ ਸਨ। ਅਨੰਦਪੁਰ ਦੀ ਜੰਗ ਸਮੇਂ ਵਜੀਰ ਪਰਮਾਨੰਦ ਨੇ ਕੁਝ ਚਿਰ ਲਈ ਅਨੰਦਪੁਰ ਛੱਡਣ ਲਈ ਕਿਹਾ ਤੇ ਕਸਮਾਂ ਖਾਦੀਆਂ ਅਤੇ ਆਪ ਪਰਵਾਨ ਕੀਤਾ। ਭਾਵੇਂ ਉਨੀ ਕਸਮਾਂ ਤੋੜ ਦਿੱਤੀਆਂ।

ਗੁਰੂ ਨਾਨਕ ਦੇਵ ਜੀ ਤੋਂ ਦਲੀਲ, ਤਰਕ, ਸੰਵਾਦ, ਭਰਾਤਰੀ ਪਿਆਰ, ਵਿਵੇਕ, ਸੇਵਾ, ਕੁਰਬਾਨੀ, ਤਿਆਗ ਆਦਿ ਜੀ ਤੋਂ ਹੀ ਇਹ ਫਲਸਫਾ ਚੱਲਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਭਾਵੇਂ ਵਿਲੱਖਣ ਰੂਪੀ ਖਾਲਸੇ ਦੀ ਸਿਰਜਣਾ ਕੀਤੀ, ਜਿਹੜਾ ਅਨੁਸ਼ਾਸ਼ਨ ਵਿਚ ਰਹਿ ਕੇ ਸਵੈ ਰੱਖਿਆ ਆਤਮਕ ਬਲ ਕੇ ਸਮਰੱਥ ਬਣਿਆ-

ਗੁਰੂ ਨਾਨਕ ਦੇਵ ਜੀ ਨੇ 'ਕਿਰਤ ਕਰੋ', 'ਨਾਮ ਜਪੋ', 'ਵੰਡ ਛਕੋ' ਇਕ ਸਿੱਖ ਜਾ ਮਾਨਵ ਦੀ ਜ਼ਿੰਦਗੀ ਦਾ ਉਦੇਸ਼ ਹੋਵੇ। ਕਿਉਂਕਿ ਗੁਰੂ ਸਾਹਿਬ ਕਿਰਤ ਕਰਨ ਦਾ ਸੱਭਿਆਚਾਰ ਸਥਾਪਤ ਕਰਨਾ ਚਾਹੁੰਦੇ ਸਨ ਕਿਉਂਕਿ ਮਨੁੱਖਤਾ ਤਾਂ ਸੁਭਾਵਿਕ ਤੌਰ ਤੇ ਵਿਹਲੜ, ਰੁਚੀ ਰੱਖਦੀ ਸੀ। ਪ੍ਰਮਾਤਮਾ ਦੀ ਰਹਿਮ, ਕਰਮ ਉਪਰ ਵਿਸ਼ਵਾਸ ਕਰਦੇ ਸਨ। ਮੁੱਢਲੇ ਜੀਵਨ ਤੋਂ ਲੈ ਕੇ ਅਖੀਰ ਤਕ ਕਿਰਤ ਨੂੰ ਪ੍ਰਮੁੱਖ ਮੰਨਿਆ। ਬਚਪਨ ਮੱਝਾਂ ਗਾਈਆਂ ਜਾਂ ਪਸ਼ੂ ਚਾਰੇ, ਵਪਾਰ ਕੀਤਾ, ਹੱਟੀ ਕੀਤੀ ਜਾਂ ਸੌਦਾ ਵੇਚਿਆ ਉਦਾਸੀਆਂ ਤੇ ਗਏ ਜਦੋਂ ਵਾਪਸ ਆਉਂਦੇ ਫਿਰ ਖੇਤੀ ਵਿਚ ਘਰ ਦੇ ਕੰਮਕਾਜ ਵਿਚ ਜੁੱਟ ਗਏ। ਅਖੀਰਲ ਸਾਹ ਤੱਕ ਖੇਤੀ ਕੀਤੀ, ਮੱਝਾਂ ਗਾਈਆਂ ਚਾਰੀਆਂ। ਭਾਈ ਲਾਲੋ ਕਿਰਤੀ ਨੂੰ ਸਨਮਾਨ ਦਿੱਤਾ, ਉਸਦੀ ਸੁੱਕੀ ਮਿੱਸੀ ਖਾਧੀ। ਗੁਰੂ ਗੋਬਿੰਦ ਸਿੰਘ ਜੀ ਜਦੋਂ ਪਾਉਂਟਾ ਤੋਂ ਕੁਝ ਸਮਾਂ ਰਹਿ ਕੇ ਅਨੰਦਪੁਰ ਸਾਹਿਬ ਆਏ ਤਾਂ ਤਕਰੀਬਨ ਅਨੰਦਪੁਰ ਸਾਹਿਬ ਉਜੜ ਚੁੱਕਾ ਸੀ। ਕੁਝ ਵਿਹਲੜ ਆਦਮੀ, ਨਿਕੰਮੇ, ਜਿਹੜੇ ਦਸਵੰਧ ਖਾਈ ਜਾਂਦੇ ਸਨ ਉਥੋਂ ਕੱਢ ਦਿੱਤੇ। ਇਸ ਲਈ ਕਿਰਤ ਕਰਨ ਪ੍ਰਤੀ ਇੰਨੇ ਸੰਜੀਦਾ ਸਨ ਅੱਜ ਦੇ ਸਮੇਂ ਵਿਚ ਭਗਤ ਪੂਰਨ ਸਿੰਘ ਜੀ ਨੂੰ ਦੇਖਿਆ ਕਿ ਜਿਥੇ ਵੀ ਗਏ ਕਿਸੇ ਵੀ ਰੂਪ ਦੀ ਕਿਰਤ ਹੀ ਕੀਤੀ। ਦੂਜਾ ਨਾਮ ਜਪੋ ਦੇ ਸਿਧਾਂਤ ਨੂੰ ਵੀ ਆਪਣੇ ਜੀਵਨ ਕਾਲ ਵਿੱਚ ਅਪਣਾਇਆ। ਇਸ ਢੰਗ ਨਾਲ ਨਾਮ ਨਹੀਂ ਜੱਪਿਆ ਕਿ ਚਲੋ ਅੱਜ ਦਾ ਪਾਠ ਕਰਕੇ ਉਲਾਂਭਾ ਲਾਹ ਦਿੱਤਾ ਵਾਲੀ ਗੱਲ ਨਹੀਂ ਕੀਤੀ। ਸਗੋਂ ਲਗਨ ਨਾਲ ਅਰਾਧਨਾ ਨਾ ਕਿਸੇ ਧਾਰਮਿਕ ਵਿਚਾਰ ਨੂੰ ਬੁਰਾ ਕਿਹਾ, ਪਰ ਉਸ ਅਕਾਲ ਪੁਰਖ ਵੱਲ ਧਿਆਨ ਕੇਂਦਰਤ ਕਰਨ ਦੀ ਗੱਲ ਕੀਤੀ। ਜਦੋਂ ਸੁਲਤਾਨਪੁਰ ਲੋਧੀ ਵਿਖੇ, ਜਦੋਂ ਇਲਹਾਮ ਹੋਇਆ ਨੇ ਕਿਹਾ ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ ਇਹ ਚਰਚਾ ਸਾਰੇ ਸ਼ਹਿਰ ਵਿਚ ਹੋਣ ਲੱਗੀ।

ਕਾਜ਼ੀ ਨੇ ਜਾ ਨਵਾਬ ਦੌਲਤ ਖਾਂ ਕੋਲ ਸ਼ਿਕਾਇਤ ਕੀਤੀ ਕਿ ਸਾਡਾ ਧਰਮ ਜਾਂ ਦੀਨ ਤਾਂ ਵਧਦਾ ਜਾ ਰਿਹਾ, ਨਾਨਕ ਇਹੋ ਜਿਹੇ ਬਚਨ ਕਰ ਰਿਹਾ ਹੈ। ਨਵਾਬ ਨੇ ਬੁਲਾਇਆ ਤਾਂ ਪਹਿਲਾਂ ਤਾਂ ਗਏ ਨਹੀਂ ਕਿ ਮੈਂ ਤਾਂ ਨਵਾਬ ਦੀ ਨੌਕਰੀ ਛੱਡ ਦਿੱਤੀ ਹੈ, ਨਵਾਬ ਫਿਰ ਬਹੁਤ ਨਿਰਮਤਾ ਨਾਲ ਬੇਨਤੀ ਕੀਤੀ ਤਾਂ ਗੁਰੂ ਜੀ ਦਰਬਾਰ ਪਹੁੰਚ ਗਏ,

ਚਰਚਾ ਹੁੰਦੀ ਰਹੀ, ਪ੍ਰਮਾਤਮਾ ਤਾਂ ਇਕ ਹੈ ਪਰ ਧਰਮ ਦੇ ਨਾਂ ਤੇ ਰਾਹ ਵੱਖੋ ਵੱਖਰੇ ਅਪਣਾਏ ਹੋਏ ਹਨ ਆਦਿ ਇੰਨੇ ਨੂੰ ਨਮਾਜ਼ ਦਾ ਸਮਾਂ ਹੋ ਗਿਆ। ਕਾਜ਼ੀ ਨੇ ਨਾਨਕ ਨੂੰ ਕਿਹਾ ਕਿ ਇਹ ਗੱਲ ਹੈ ਸਾਡੇ ਨਾਲ ਜਾ ਕੇ ਨਮਾਜ਼ ਪੜੋ, ਗੁਰੂ ਜੀ ਚੱਲ ਪਏ। ਕਾਜ਼ੀ ਸਭ ਤੋਂ ਅੱਗੇ ਖੜ ਕੇ ਨਮਾਜ਼ ਪੜ੍ਹਨ ਲੱਗਾ ਤਾਂ ਗੁਰੂ ਜੀ ਉਸਦੇ ਪਿੱਛੇ ਖੜੋ ਗਏ ਤੇ ਮਗਰ ਅਡੋਲ ਖੜੇ ਰਹੇ। ਕਾਜ਼ੀ ਨੇ ਨਵਾਬ ਨੂੰ ਕਿਹਾ ਕਿ ਨਮਾਜ਼ ਕਿਉਂ ਨਹੀਂ ਪੜ੍ਹੀ ਤਾਂ ਗੁਰੂ ਜੀ ਨੇ ਜਵਾਬ ਦਿੱਤਾ ਕਿ ਕਾਜ਼ੀ ਹੁਣੀ ਤਾਂ ਘਰ ਦੇ ਵਿਹੜੇ ਵਿਚ ਖੁਲੀ ਬਛੇਰੀ ਬਾਰੇ ਸੋਚਦੇ ਰਹੇ ਕਿਤੇ ਖੂਹੀ ਵਿਚ ਨਾ ਡਿੱਗ ਪਵੇ। ਉਧਰ ਨਵਾਬ ਸਾਹਿਬ ਕਾਬਲ ਵਿਚ ਘੋੜੇ ਖਰੀਦਦੇ ਰਹੇ। ਨਵਾਬ ਗੁਰੂ ਜੀ ਦੇ ਚਰਨੀ ਪੈ ਗਿਆ। ਗੁਰੂ ਜੀ ਦਾ ਸਿੱਖ ਬਣ ਗਿਆ।

ਵੰਡ ਛਕੋ- ਨੂੰ ਜੀਵਨ ਵਿਚ ਅਮਲੀ ਜਾਮਾ ਪਹਿਨਾਇਆ, ਵਪਾਰ ਕਰਨ ਲਈ 20 ਰੁਪਏ ਦਿੱਤੇ ਗਏ। ਭੁੱਖੇ ਸਾਧੂਆਂ ਨੂੰ ਅੰਨ ਪਾਣੀ ਛਕਾਇਆ ਗਿਆ। ਕਰਤਾਰਪੁਰ ਖੇਤੀ ਕਰਦੇ, ਦਾਣਾ ਫੱਕਾ ਘਰ ਲੈ ਜਾਂਦੇ ਤੇ ਵੰਡ ਕੇ ਛਕਦੇ ਜਿਸ ਨੂੰ ਵੀ ਲੋੜ ਹੋਵੇ ਘਰ ਦੇ ਦਰਵਾਜ਼ੇ ਖੁੱਲ੍ਹੇ ਰਹਿੰਦੇ, ਉਸਨੂੰ ਵਪਾਰ ਜਾ ਲਾਭ ਲਈ ਨਹੀਂ ਵਰਤਿਆ ਤਾਂ ਹੀ ਨਾਨਕ ਹਿੰਦੂਆਂ ਦਾ ਗੁਰੂ ਤੇ ਮੁਸਲਮਾਨਾਂ ਦੇ ਪੀਰ।

ਗੁਰੂ ਸਾਹਿਬ ਵੀ 'ਚੜ੍ਹਿਆ ਸੋਧਣ ਧਰਤ ਲੁਕਾਈ' ਬੜੇ ਹੀ ਸ਼ਾਂਤਮਈ ਸੁਭਾਅ ਨਾਲ ਲੋਕਾਂ ਨੂੰ ਕੁਕਰਮਾ ਤੋਂ ਬਚੋ, ਛੂਤ ਛਾਤ, ਜਾਤ ਪਾਤ ਤੋਂ ਵਰਜਦੇ, ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦਾ ਸਿਧਾਂਤ, ਪ੍ਰਤੀ ਤਰਕ ਸਾਹਿਤ ਖਤਮ ਕਰਨ ਲਈ ਕਹਿੰਦੇ ਸੱਜਣ ਵਰਗਿਆਂ ਨੂੰ ਸੱਜਣ ਬਣਨ ਲਈ ਪ੍ਰੇਰਦੇ। ਤਨ ਮਨ ਦੀ ਸਫਾਈ ਤੇ ਜ਼ੋਰ ਦਿੰਦੇ। ਮੁਸਲਮਾਨਾਂ ਨੂੰ ਧਰਮ ਦੇ ਨਾਂ ਤੇ ਭੇਦਭਾਵ ਨਾ ਕਰਨ ਲਈ ਕਿਹਾ। ਹੱਕ ਹਲਾਲ ਦੀ ਕਮਾਈ ਖਾਓ, ਰਾਕਸ਼ਾਂ ਨੂੰ ਮਨੁੱਖਾਂ ਦੀ ਸੇਵਾ ਕਰਨ ਲਈ ਕਿਹਾ। ਜੋਗੀਆਂ ਨੂੰ ਸਮਝਾਇਆ ਕਿ ਨਸ਼ੇ ਛੱਡੋ ਕਰਤਾਰ ਨੂੰ ਮਨ ਵਿਚ ਵਸਾਓ ਨਾਮ ਦੀ ਕਿਰਤ ਕਰੋ। ਗਿਆਨ ਨੂੰ ਵਿਸ਼ੇਸ਼ ਸਥਾਨ ਦਿੱਤਾ-

ਗਿਆਨ ਦਾ ਬੱਧਾ ਮਨ ਰਹੇ।
ਗੁਰ ਬਿਨ ਗਿਆਨ ਨ ਹੋਇ।

ਜਿਥੇ ਕਿਤੇ ਵੀ ਉਹ ਗਏ ਉਨ੍ਹਾਂ ਦੇ ਪ੍ਰੇਮ ਬਚਨ ਸੁਣ ਕੇ ਸਭ ਪ੍ਰਭਾਵਿਤ ਹੋ ਜਾਂਦੇ ਇੱਥੋਂ ਤੱਕ ਬਾਬਰ ਵਰਗੇ ਜ਼ਾਲਮ ਬਾਦਸ਼ਾਹ ਦੇ ਅੱਤਿਆਚਾਰ ਨੂੰ ਵੇਖਦੇ ਹੋਏ ਅਕਾਲ ਪੁਰਖ ਨੂੰ ਵੀ ਵੰਗਾਰਿਆ-

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕੁਰਲਾਣੇ ਤੈ ਕੀ ਦਰਦੁ ਨ ਆਇਆ॥
ਕਰਤਾ ਤੂੰ ਸਭਨਾ ਕਾ ਸੋਈ॥
ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਨਾ ਰੋਸ ਨ ਹੋਈ॥

ਆਸਾ ਮਹਲਾ ੧ ਅੰਗ 360

ਅਮਲੀ ਤੇ ਸੱਚੇ ਜੀਵਨ ਨੂੰ ਸਭ ਤੋਂ ਉਪਰ ਮੰਨਦੇ-

'ਸਚਹੁ ਓਰੈ ਸਭੁ ਕੋ ਉਪਰਿ ਸਚੁ ਅਚਾਰੁ'

ਇਸ ਤਰ੍ਹਾਂ ਸੰਵਾਦ, ਵਿਚਾਰ, ਵਟਾਂਦਰਾ, ਤਰਕ, ਬਿਬੇਕ, ਸੱਚ ਅਤੇ ਅਹਿੰਸਾ ਉਨ੍ਹਾਂ ਦੇ ਜੀਵਨ ਦਾ ਮੁਖ ਪਹਿਲੂ ਸੀ। ਜਿਥੇ ਵੀ ਜਾਂਦੇ ਮਨ ਲੋਕਾਂ ਦੇ ਹਿਰਦੇ ਵਿੰਨੀ ਜਾਂਦੇ ਸਨ। ਉਧਰ ਗੁਰੂ ਅੰਗਦ ਦੇਵ ਜੀ ਤਿਆਗ ਦੀ ਮੂਰਤ ਸਨ, ਦੁਨੀਆਂ ਤੋਂ ਅਭੇਦ ਰਹਿਣਾ ਚਾਹੁੰਦੇ ਸਨ।

ਭਾਈ ਗੁਰਦਾਸ ਜੀ ਨੇ ਵਾਰ ਪਹਿਲੀ-

'ਦਿੱਤਾ ਛਡ ਕਰਤਾਰਪੁਰ ਬੈਠ ਖੰਡੂਰੇ ਜੋਤਿ ਜਗਾਈ'

ਆਗਿਆਕਾਰੀ ਸਿੱਖ ਦੀ ਪਦਵੀ ਪਾਈ। ਹਰ ਹੁਕਮ ਸਤਬਚਨ ਕਹਿ ਕੇ ਪਾਲਣਾ ਕਰਦੇ। ਅਥਾਹ ਸ਼ਰਧਾ, ਅਪਾਰ ਵਿਸ਼ਵਾਸ਼, ਨਿਮਰਤਾ, ਸੇਵਾ, ਸਿਮਰਨ ਦੀ ਮੂਰਤ ਸਨ। ਗੁਰੂ ਅਮਰਦਾਸ ਜੀ ਨੇ ਜਾਤ ਪਾਤ ਦੇ ਕੋਹੜ ਨੂੰ ਖਤਮ ਕਰਨ ਲਈ ਇਕ ਜਗ੍ਹਾ ਇਸ਼ਨਾਨ, ਇਕ ਜਗ੍ਹਾ ਪਾਣੀ ਪਿਆ ਦਿੱਤਾ। ਸਤੀ ਦੀ ਪ੍ਰਥਾ ਖਤਮ ਕਰਨ ਲਈ ਜ਼ੋਰ ਦਿੱਤਾ।

ਭੀ ਸੋ ਸਤੀਆ ਜਾਣੀਅਨਿ, ਸੀਲ ਸੰਤੋਖਿ ਰਹੰਨਿ।
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲਿਨ।

ਨਿਮਰਤਾ ਦੀ ਮੂਰਤ ਰਾਮਦਾਸ ਜੀ

ਧੰਨ ਧੰਨ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤ ਆਪਿ ਸਿਰਜਣਹਾਰੇ ਧਾਰਿਆ॥

ਸ਼ਹੀਦਾਂ ਦੇ ਸਰਤਾਜ, ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਸੀਹੇ ਝੱਲਦੇ ਹੋਏ ਸੀ ਨਾ ਕੀਤੀ-

ਤੇਰਾ ਕੀਆ ਮੀਠਾ ਲਾਗੈ।
ਹਰ ਨਾਮੁ ਪਦਾਰਥੁ ਨਾਨਕ ਮਾਗੇ॥

ਗੁਰੂ ਜੀ ਨੇ ਸਭ ਕੁਝ ਲੁੱਟ ਲੁਟ ਕੇ ਵੀ ਸੰਵਾਦ ਵਿਚਾਰ ਵਟਾਂਦਰਾ, ਲੋਕ ਰਾਏ ਨੂੰ ਸ਼ਕਤੀਸਾਲੀ, ਪ੍ਰਭੂਸੱਤਾ ਸੰਪੰਨ ਜਾਣਦੇ ਹੋਏ ਔਰੰਗਜ਼ੇਬ ਨੂੰ ਜ਼ਫ਼ਰਨਾਮਾ ਲਿਖਿਆ, ਜਿਵੇਂ ਅੱਜ ਦੇ ਸੰਦਰਭ ਵਿਚ ਮੈਮੋਰੰਡਮ ਪਟੀਸ਼ਨ, ਮੰਗ ਪੱਤਰ ਆਦਿ ਜ਼ੁਲਮਾਂ ਦੀ ਦਾਸਤਾ, ਹੋ ਰਹੇ ਅਨਿਆ, ਆਪਣੇ ਹੱਕਾਂ ਦੀ ਸੁਰੱਖਿਆ ਲਈ, ਦੇਸ਼ ਦੀ ਹਕੂਮਤ ਨੂੰ ਐਡਰੇਸ ਕਰਦੇ ਜਾਂ ਸੰਬੋਧਨ ਕਰਕੇ ਲੋਕ ਰਾਇ ਲਈ ਜਾਂ ਲੋਕਾਂ ਦੀ ਕਚਹਿਰੀ ਵਿਚ ਰੱਖਦੇ ਹਾਂ। ਲਿਖਿਆ ਕਿ ਨਿਆਂ ਹੋਣਾ ਚਾਹੀਦਾ, ਜ਼ੁਲਮਾਂ ਦਾ ਅੰਤ ਹੋਣਾ ਚਾਹੀਦਾ। ਸਾਡੇ ਹੱਕ, ਸੁਤੰਤਰਤਾਵਾਂ, ਧਾਰਮਿਕ, ਸਮਾਜਿਕ, ਆਰਥਿਕ ਰਾਖਵੀਆਂ ਹੋਣੀਆਂ ਚਾਹੀਦੀਆਂ ਹਨ। ਜੋ ਔਰੰਗਜ਼ੇਬ ਨੇ ਕਬੂਲ ਕੀਤੀਆਂ। ਪੜ੍ਹ ਕੇ ਰੰਗ ਪੀਲਾ ਹੋ ਗਿਆ। ਗੁਰੂ ਜੀ ਨੂੰ ਲਿਖਿਆ ਆ ਕੇ ਮਿਲਣ-

ਫਿਰ ਫਤਹਨਾਮਾ ਲਿਖਿਆ- ਉਧਰ ਔਰੰਗਜ਼ੇਬ ਨੂੰ ਸਿਸ਼ਕਤਨਾਮਾ ਲਿਖਿਆ। ਬਹਾਦਰ ਸ਼ਾਹ ਨਾਲ Protocal ਮੁਤਾਬਕ ਗੱਲਬਾਤ ਦਾ ਸਮਾਂ ਨਿਸ਼ਚਿਤ ਹੋਇਆ।

ਆਗਰੇ ਦੇ ਕਿਲੇ ਤੇ ਗੁਰੂ ਜੀ ਦਾ ਸਵਾਗਤ ਇਸ ਤਰ੍ਹਾਂ ਹੋਇਆ ਜਿਵੇਂ ਇਕ Sovereign head ਦਾ ਹੁੰਦਾ ਹੈ। ਬਹਾਦਰਸ਼ਾਹ ਨਾਲ ਆਗਰੇ ਦੀ ਮੁਲਾਕਾਤ ਇਹ ਦਰਸਾਉਂਦੀ ਹੈ ਕਿ ਉਨ੍ਹਾਂ ਨੇ ਕਿਸੇ ਵੀ ਹਾਲਤ ਵਿਚ ਸੰਵਾਦ ਦਾ ਰਾਹ ਨਹੀਂ ਛੱਡਿਆ। ਸਗੋਂ ਆਸਵੰਦ ਰਹੇ ਕਿ ਗੱਲਬਾਤ ਰਾਹੀਂ ਕੋਈ ਹੱਲ ਨਿਕਲ ਆਵੇਗਾ।

ਇਹ ਸਿਰਫ਼ ਗੁਰੂ ਗੋਬਿੰਦ ਸਿੰਘ ਜੀ ਨਹੀਂ ਸਨ ਸਗੋਂ ਜਿਨ੍ਹਾਂ ਹਾਲਤਾਂ ਜਾਂ ਵਾਤਾਵਰਣ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਰਿਆਂ ਗੁਰੂ ਸਾਹਿਬਾਨ ਨੇ ਸੰਵਾਦ, ਗੱਲਬਾਤ, ਸ਼ਾਂਤਮਈ ਤਰੀਕਿਆਂ ਵਿਚ ਵਿਸ਼ਵਾਸ਼ ਕੀਤਾ।

'ਜਬ ਆਵ ਕੀ ਆਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋ'

ਜਿਵੇਂ ਸ੍ਰੀ ਕ੍ਰਿਸ਼ਨ ਜੀ ਅਖੀਰਲੇ ਸਮੇਂ ਤਕ ਕੋਸ਼ਿਸ਼ ਕਰਦੇ ਰਹੇ ਕਿ ਕੌਰਵਾਂ-ਪਾਡਵਾਂ ਵਿਚ ਸਮਝੌਤਾ ਹੋ ਜਾਵੇ। ਲੜਾਈ ਨਾ ਹੋਵੇ। ਪਰ ਕੌਰਵ ਮੁਖੀ ਦਰਯੋਧਨ ਪਾਡਵਾਂ ਨੂੰ ਰਹਿਣ ਲਈ ਕੁਝ ਪਿੰਡ ਦੇਣ ਲਈ ਤਿਆਰ ਨਹੀਂ ਹੋਇਆ। ਅੰਤ ਕੁਰਕਸ਼ੇਤਰ ਵਿਚ ਘਮਸਾਨ ਦਾ ਮਹਾਂਭਾਰਤ ਹੋਇਆ।

ਕਰਾਮਾਤ ਨੂੰ ਰੱਦ ਕਰਨਾ

ਪਹਿਲਾਂ ਅਸੀਂ ਕਰਾਮਾਤ ਦੇ ਪੱਖ ਦਾ ਧਿਆਨ ਮਾਰੀਏ ਜਿਵੇਂ ਕਿ ਕਹਿ ਸਕਦੇ ਹਾਂ ਕੋਈ ਰਿੱਧੀ ਸਿਧੀ, ਸਿਲੇ, ਤਪ, ਧੂਣੇ, ਅੰਗੀਠੇ ਬਾਲ ਕੇ ਦਰਿਆਵਾਂ, ਨਦੀਆਂ ਕਿਨਾਰੇ ਜਾਂ ਵਿਚ ਖੜੋਤੇ, ਸ਼ਮਸ਼ਾਨ ਭੂਮੀ ਜਾਂ ਤਪ ਅਸਥਾਨਾਂ ਤੇ ਜਾ ਕੇ ਕੁਝ ਪ੍ਰਮਾਤਮਾ ਦੇ ਨਿਯਮ ਦੇ ਵਿਰੁੱਧ ਪ੍ਰਾਪਤ ਕੀਤੀਆਂ ਹੋਣ ਤੇ ਸਮੇਂ-ਸਮੇਂ ਆਪਣੀ ਮਹਿਮਾ, ਪ੍ਰਭਾਵ, ਸ਼ਾਖ, ਸਵੀਕਾਰਤਾ ਵਿਖਾਉਣ ਲਈ ਵਰਤੀਆ ਜਾਣ ਤੇ ਆਮ ਸਧਾਰਨ ਲੋਕ ਇਹ ਦੇਖ ਕੇ ਉਨ੍ਹਾਂ ਦੇ ਪਿੱਛੇ ਅੱਗੇ ਤੁਰਨ ਤੇ ਉਨ੍ਹਾਂ ਦੀ ਤੂਤੀ ਬੋਲਦੀ ਰਹੀ। ਕਰਾਮਾਤਾਂ ਦਾ ਪੱਖ ਸਮੇਂ-ਸਮੇਂ ਤੇ ਹਰ ਗੁਰੂ ਸਾਹਿਬਾਨ ਨੇ ਨਿੰਦਿਆਂ ਜਾਂ ਰੱਦ ਕੀਤਾ, ਵਿਰੋਧ ਕੀਤਾ ਜੇਕਰ ਪੰਥਕ ਟਕਸਾਲ ਦੇ ਕਿਸੇ ਪ੍ਰਵਾਰਕ ਮੈਂਬਰ, ਸੇਵਕ ਨੇ ਇਹੋ ਜਿਹਾ ਕੋਈ ਕਾਰਜ ਕਰ ਦਿੱਤਾ। ਉਸਦੀ ਘੋਰ ਨਿੰਦਿਆ ਕੀਤੀ ਸਗੋਂ ਟਕਸਾਲ 'ਚੋਂ ਖਾਰਜ ਕਰ ਦਿੱਤਾ। ਆਪਣੇ ਆਪ ਨੂੰ ਸਧਾਰਨ ਮਨੁੱਖੀ ਜੀਵ ਦੇ ਤੌਰ ਤੇ ਪ੍ਰਤੱਖ ਪੇਸ਼ ਕੀਤਾ। ਭਾਵੇਂ ਸਮੇਂ ਸਮੇਂ ਭੋਲੇ ਭਾਲੇ ਲੋਕਾਂ ਨੂੰ ਭਰਮਾਉਣ ਲਈ ਜਾਂ ਵਿਚਾਰਕਾਂ ਨੇ ਇਹਨਾਂ ਦਾ ਪ੍ਰਚਾਰ ਕੀਤਾ ਤੇ ਆਪਣੀ ਮੁੱਠੀ ਚਾਪੀ ਵੀ ਕਰਵਾਈ ਜਾਂਦੇ ਹਨ। ਗੁਰੂ ਸਾਹਿਬਾਨ ਜੀ ਨੇ ਉਸ ਗੱਲ ਨੂੰ ਰੱਦ ਕੀਤਾ ਜਿਹੜੀ ਕੁਦਰਤ ਦੇ ਨਿਯਮ ਜਾਂ ਅਸੂਲ ਦੇ ਵਿਰੁੱਧ ਜਾਂਦੀ ਹੋਵੇ। ਗੁਰੂ ਨਾਨਕ ਦੇਵ ਜੀ ਨਾਲ ਕਈ ਗੱਲਾਂ ਜੋੜ ਦਿੱਤੀਆਂ ਜਾਂਦੀਆਂ ਹਨ। ਬੀਬੀ ਨਾਨਕੀ ਨੇ ਸੋਚਿਆ ਮੇਰਾ ਵੀਰ ਫੁਲਕਾ ਮੇਰੇ ਕੋਲ ਆ ਕੇ ਖਾਵੇ, ਇਹ ਸੂਖਮ ਪ੍ਰੀਕ੍ਰਿਆ ਹੈ। ਅੱਜ ਬਹੁਤ ਵਾਰੀ ਇਕ ਦੂਜੇ ਦਿਲ ਦੀ ਗੱਲ ਜਾਣ ਲੈਂਦੇ। ਜਿਹੋ ਜਿਹਾ ਸਬੰਧ ਹੁੰਦਾ ਹੈ, ਕਾਂ ਤਾਂ ਬਨੇਰੇ ਤੇ ਬੋਲਣਾ ਇਕ ਆਉਣ ਦਾ ਸੁਨੇਹਾ ਮੰਨਿਆ ਜਾਂਦਾ ਹੈ ਕਿ ਕੋਈ ਆ ਰਿਹਾ ਹੈ। ਆਦਿ ਜਦੋਂ ਬਹੁਤ ਦੂਰ ਦੁਰੇਡੇ ਮਾਨ

ਸਰੋਵਰ, ਢਾਕੇ ਤਕ, ਮੱਕੇ ਮਦੀਨੇ ਤਕ, ਚਾਰ ਉਦਾਸੀਆਂ ਦੇ ਸਮੇਂ ਪਹੁੰਚੇ, ਬਹੁਤ ਕਰਾਮਾਤ ਦਾ ਨਾਂ ਦਿੰਦੇ ਹਨ ਨਹੀਂ ਇਹ ਸੰਭਵ ਹੈ, ਜਦੋਂ ਕੋਈ ਵੀ ਮਨੁੱਖ ਉਥੇ ਪਹੁੰਚਣ ਦਾ ਨਿਸ਼ਚਾ ਕਰ ਲਵੇ, ਪਹੁੰਚਿਆ ਜਾ ਸਕਦਾ ਹੈ। ਪੰਜਾ ਸਾਹਿਬ ਹੰਕਾਰ, ਅਭਿਆਨ ਤੋੜਨ ਦਾ ਕਰਮ ਹੈ, ਬਾਬਰ ਦੀਆਂ ਚੱਕੀਆਂ ਪੀਸਣ ਦੀ ਗੱਲ ਕਰੀਏ ਜਦੋਂ ਤੁਸੀਂ ਪ੍ਰਮਾਤਮਾ ਦੇ ਨਾਲ ਲਿਵ ਲਾ ਲੈਂਦੇ ਹੋ, ਤੁਹਾਡੇ ਚਿਹਰੇ ਤੇ ਕੋਈ ਥਕੇਵੇਂ ਜਾਂ ਅਕੇਵੇਂ ਦਾ ਪ੍ਰਤੀਕਰਮ ਨਹੀਂ ਹੁੰਦਾ। ਗੁਰੂ ਅਰਜਨ ਦੇਵ ਜੀ ਨੇ ਉਪਰ ਤਸ਼ੱਦਦ ਨੂੰ ਅਟੱਲ ਵਿਸ਼ਵਾਸ ਦੀ ਸੂਰਤ ਵਿਚ ਦੇਖੋ।

ਗੁਰ ਨਾਨਕ ਦੇਵ ਜੀ ਬਾਰੇ ਵੀ ਇਹ ਗੱਲ ਉਡਾ ਦਿੰਦੇ ਕਿ ਸੱਪ ਨੇ ਛਾਂ ਕੀਤੀ। ਇਸ ਕਰਕੇ ਕੁਝ ਵੀ ਕਹੇ ਇਹ ਕੋਈ ਕਰਾਮਾਤ ਨਹੀਂ ਸਗੋਂ ਇਕ ਫਲਸਫੇ ਜਿਸ ਉਪਰ ਪੂਰੇ ਉਤਰੇ। ਜੇ ਕਰਾਮਾਤ ਹੋਈ ਤਾਂ ਨਿੰਦਿਆ ਹੋਈ। ਜਿਵੇਂ ਗੁਰੂ ਅੰਗਦ ਵੇਲੇ ਮੀਂਹ ਨਹੀਂ ਸੀ ਪੈਂਦਾ ਕਿਸਾਨ ਦੁਖੀ ਸੀ ਪਾਣੀ ਦੀ ਫ਼ਸਲ ਨੂੰ ਲੋੜ ਸੀ। ਤਪੋ ਤੋਂ ਵੀ ਉਮੀਦ ਪੂਰੀ ਨਾ ਹੋਈ ਤਾਂ ਗੁਰੂ ਅਮਰਦਾਸ ਜੀ ਜਿਹੜੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਹਰ ਸਮੇਂ ਤਤਪਰ ਰਹਿੰਦੇ ਸੀ। ਇਹ ਕਹਿ ਦਿੱਤਾ ਧੰਨ ਧੰਨ ਗੁਰੂ ਕਹੋ ਮੀਂਹ ਵਰਸ ਪਿਆ। ਕਿਸਾਨਾਂ ਨੇ ਖਿੱਚ-ਖਿੱਚ ਕੇ ਤਪੇ ਨੂੰ ਮਾਰ ਦਿੱਤਾ। ਗੁਰੂ ਅੰਗਦ ਦੇਵ ਜੀ ਨੇ ਆਖਿਆ ਤੁਸੀਂ ਕਰਾਮਾਤ ਕਿਉਂ ਵਿਖਾਈ ਜਿਹੜੀ ਕਿ ਤਪੇ ਦੀ ਮੌਤ ਦਾ ਕਾਰਨ ਬਣੀ। ਗੁਰੂ ਅਮਰਦਾਸ ਜੀ ਨੇ ਕਿਹਾ ਸੱਚੇ ਪਾਤਸ਼ਾਹ ਭੁੱਲ ਹੋ, ਬਖਸ਼ ਦਿਓ।

ਗੁਰੂ ਹਰਗੋਬਿੰਦ ਜੀ ਦੇ ਸਪੁੱਤਰ ਅਟੱਲ ਰਾਏ ਆਪਣੇ ਮਿੱਤਰ ਨਾਲ ਹਰ ਰੋਜ਼ ਖੇਡਦੇ ਸੀ, ਅਗਲੇ ਦਿਨ ਖੇਡਣ ਨਾ ਆਏ, ਅਟੱਲ ਰਾਏ ਘਰੋਂ ਪਤਾ ਕਰਨ ਗਏ ਤੇ ਮੌਤ ਹੋ ਚੁੱਕੀ ਸੀ, ਅਟੱਲ ਰਾਏ ਜੀ ਨੇ ਬਚਨ ਕੀਤੇ ਉਹ ਜੀਵਤ ਹੋ ਗਏ। ਜਦੋਂ ਹਰਗੋਬਿੰਦ ਜੀ ਨੂੰ ਇਸ ਵਿਰਤਾਂਤ ਦਾ ਪਤਾ ਲੱਗਾ ਤਾਂ ਉਨ੍ਹਾਂ ਆਖਿਆ ਤੁਸੀਂ ਕੁਦਰਤ ਦੇ ਵਿਰੁੱਧ ਜਾ ਕੇ ਇਹ ਕੀਤਾ ਜਿਸਦਾ ਸਿੱਟਾ ਹੋਇਆ ਕਿ ਉਨ੍ਹਾਂ ਨੇ ਗਲਤੀ ਪਸ਼ਤਾਪ ਇਸ ਤਰ੍ਹਾਂ ਕੀਤਾ ਤੇ ਪੂਰੇ ਹੋ ਗਏ।

ਗੁਰੂ ਹਰਗੋਬਿੰਦ ਜੀ ਨਾਲ ਸਬੰਧਤ ਨਾਲ ਹੋਰ ਘਟਨਾ ਸਬੰਧਤ ਹੈ ਕਿ ਉਨ੍ਹਾਂ ਦੇ ਵੱਡੇ ਸਪੁੱਤਰ ਗੁਰੂ ਹਰ ਰਾਇ ਜੀ ਦੇ ਪਿਤਾ ਭਾਈ ਗੁਰਦਿੱਤਾ ਜੀ ਨੇ ਕੀਰਤਪੁਰ ਸਾਹਿਬ ਗਊ ਜੀਵਤ ਕਰ ਦਿੱਤੀ ਤਾਂ ਗੁਰੂ ਹਰਗੋਬਿੰਦ ਜੀ ਨੇ ਬੁਰਾ ਮਨਾਇਆ। ਪਸ਼ਤਾਤਾਪ ਕਰਨ ਲਈ ਚਾਦਰ ਤਾਣ ਕੇ ਪੈ ਗਏ ਤੇ ਪੂਰੇ ਹੋ ਗਏ। ਸੰਦੇਸ਼ ਕਰਾਮਾਤ ਨਹੀਂ ਦਿਖਾਉਣੀ ਕੁਦਰਤ ਦੇ ਸਿਧਾਂਤ ਦੇ ਉਲਟ ਹੈ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਤਿੰਨ ਸਵਾਲ ਕੀਤੇ। ਸਰਾਂ ਵਿਚ ਸ਼ਾਮਲ ਹੋਵੋ ਤੇ ਮਰਾਤਬ ਪਾਉ। ਦੀਨ ਕਬੂਲ ਕਰੋ ਨਹੀਂ ਤਾਂ ਪ੍ਰਾਣਾ ਨੂੰ ਗਿਆ ਸਮਝੋ, ਜਾਂ ਕਰਾਮਾਤ ਦਿਖਾਓ। ਜਦੋਂ ਇਹੋ ਜਿਹੀਆਂ ਕੀਤੀਆਂ ਗਈਆਂ ਤਾਂ ਉਨ੍ਹਾਂ ਕਿਹਾ–

'ਝਖੁ ਨਾ ਮਾਰ' ਕਰਾਮਾਤ ਨਾ ਹੈ ਕਹਿਰ ਦਾ'

ਜਦੋਂ ਬਹਾਦਰ ਸ਼ਾਹ ਅਤੇ ਗੁਰੂ ਗੋਬਿੰਦ ਸਿੰਘ ਦੀ ਆਗਰੇ ਵਿਚ ਸ਼ਾਂਤ ਪੂਰਵਕ ਮੁਲਕਾਤ ਸੀ ਤਾਂ ਗੁਰੂ ਜੀ ਦਾ ਸਤਿਕਾਰ ਦੇਖ ਕੇ ਕੱਟੜਪੰਥੀਆਂ ਨੇ ਰੋਸ ਮਨਾਇਆ ਤੇ ਭਰੇ ਦਰਬਾਰ ਵਿਚ ਕਿਹਾ ਕਿ ਜੇ ਦੀਨੀ ਆਗੂ ਹੈ ਤਾਂ ਕਰਾਮਾਤ ਦਿਖਾਏ। ਜਦੋਂ ਬਹਾਦਰ ਸ਼ਾਹ ਨੇ ਇਸ ਗੱਲ ਧਿਆਨ ਵਿਚ ਲਿਆਂਦੀ ਤਾਂ ਕਿਹਾ ਕਰਾਮਾਤ ਦਾ ਮਾਲਕ ਸਿਰਫ ਅਲਾਹ ਹੈ। ਕਰਾਮਾਤ ਦਿਖਾਉਣੀ ਸੋਭਦੀ ਨਹੀਂ। ਅਨੰਦਪੁਰ ਸਾਹਿਬ ਵਿਚ ਇਕ ਵਾਰ ਐਸਾ ਨਿਸ਼ਾਨੇ ਤੇ ਤੀਰ ਮਾਰਿਆ। ਵਜੀਦ ਖਾਨ ਚਿਲਾਇਆ 'ਕਰਾਮਾਤ' ਤੇ ਮਹਾਰਾਜ ਨੇ ਦੂਜੇ ਤੀਰ ਵਿਚ ਲਿਖ ਕੇ ਭੇਜਿਆ- ਕਰਾਮਾਤ ਨਹੀਂ ਕਿਸਬ (ਅਭਿਆਸ)

ਇਸ ਤਰ੍ਹਾਂ ਸਿੱਖ ਤਹਿਰੀਕ ਵਿਚ ਕਈ ਵਾਰੀ ਘਟਨਾਵਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਰਿਹਾ ਪਰ ਜਦੋਂ ਪੜਚੋਲ ਕਰਦੇ ਹਾਂ ਗੁਰੂ ਸਾਹਿਬਾਨ ਦਾ ਜੀਵਨ ਦਰਸ਼ਨ ਵੇਖਦੇ ਹਾਂ ਅਤੇ ਉਨ੍ਹਾਂ ਨੇ ਆਪਣੇ ਆਪ ਹੀ ਨਿੰਦਿਆਂ ਕੀਤੀ ਅਤੇ ਅਤੇ ਮੁੱਢ ਤੋਂ ਹੀ ਰੱਦ ਕਰ ਦਿੱਤਾ ਹੈ। ਇਸ ਲਈ ਜੋ ਵੀ ਸਿੱਖ ਫਲਸਫਾ ਸਾਡੇ ਕੋਲ ਮੌਜੂਦ ਹੈ ਉਹ ਇਕ ਵਿਵਚਾਰਕ ਦਰਸ਼ਨ ਹੈ, ਜਿਹੜਾ ਕੋਈ ਸਾਧਾਰਨ ਰੂਹ ਵੀ ਵਰਤੋਂ ਕਰ ਸਕਦੀ ਹੈ ਜਾਂ ਜਿਹੜਾ ਕਿ ਵਰਤੋਂ ਵਿਚ ਲਿਆਂਦਾ ਸਕਦਾ ਹੈ।

ਗੁਰੂ ਜੀ ਜਿਥੇ ਵੀ ਪੜਾਅ ਕਰਦੇ, ਸੰਸਾਰੀ ਲੋਕਾਂ ਨੂੰ ਇਕੱਠੇ ਕਰਕੇ ਵਿਖਿਆਨ ਕਰਦੇ ਕਿ ਆਪਣੇ ਖਿਆਲਾਂ ਦੀ ਸੁਤੰਤਰਤਾ ਹੋਣੀ ਚਾਹੀਦੀ ਹੈ। ਸੁਭ ਅਮਲ ਹੀ ਦਰਗਾਹ ਪ੍ਰਵਾਨ ਹੋਣੇ ਹਨ। ਜਬਰ, ਧੱਕੇ, ਜ਼ੁਲਮ ਤੇ ਬੇਇਨਸਾਫ਼ੀ ਦੇ ਵਿਰੁੱਧ ਹਿੱਕਾਂ ਤਾਣ ਕੇ ਡਟੋ। ਜਾਤ ਪਾਤ, ਊਚ ਨੀਚ, ਭੇਦਭਾਵ, ਛੂਤ ਛਾਤ ਦਾ ਖਾਤਮਾ ਕਰੋ।

ਇਸ ਤਰ੍ਹਾਂ ਪੜਾਅ ਕਰਕੇ ਗੰਗਾਂ ਮਾਤਾ ਗੁਦਾਵਰੀ ਦੇ ਕੰਢੇ 'ਤੇ ਪਹੁੰਚੇ, ਉਹ ਬਹੁਤ ਹੀ ਰਮਣੀਕ ਇਲਾਕਾ ਸੀ। ਉੱਚੇ-ਉੱਚੇ ਚੀਲ ਦੇ ਦਰਖਤ ਤੇ ਥੱਲੇ ਪੂਰੀ ਸਫਾਈ ਉਥੇਉਨ੍ਹਾਂ ਨੇ ਆਪਣਾ ਆਸਣ ਲਾ ਲਿਆ। ਸਿੰਘਾਂ ਦੇਖ ਕੇ ਆਪਣੇ ਗੱਡੇ, ਗੱਡੀਆਂ, ਹਾਥੀ, ਘੋੜੇ ਰੋਕ ਲਏ ਤੇ ਗੰਗਾ ਮਾਤਾ ਗੁਦਾਵਰੀ ਦੇ ਇਲਾਕੇ ਵਿਚ ਦੂਰ-ਦੂਰ ਤੱਕ ਤੰਬੂ ਲਾ ਲਏ। ਗੰਗਾ ਮਾਤਾ ਗੁਦਾਵਰੀ ਵਿਚ ਨਹਾਉਣ ਧੋਣ ਲੱਗੇ, ਲੰਗਰ ਪ੍ਰਸ਼ਾਦੇ ਤਿਆਰ ਹੋਣ ਲੱਗੇ, ਜੰਗਲ ਵਿਚ ਮੰਗਲ ਲੱਗ ਗਿਆ।

ਮਰਿਆਦਾ ਮੁਤਾਬਕ ਸ੍ਰੀ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਤੇ ਗੁਰੂ ਗਰੰਥ ਸਾਹਿਬ ਵਿਚੋਂ ਹੁਕਮਨਾਮਾ ਲਿਆ ਗਿਆ। ਸ੍ਰੀ ਦਮਦਮਾ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਅੰਤਮ ਸਰੂਪ ਦੇ ਦਿੱਤਾ ਗਿਆ ਸੀ। ਬਾਬਾ ਦੀਪ ਸਿੰਘ ਜੀ ਸ਼ਹੀਦ ਨੂੰ ਸ੍ਰੀ ਦਮਦਮਾ ਸਾਹਿਬ ਜੀ ਦੇ ਕਾਰਜ ਸੰਭਾਲਣ ਦੀ ਸੇਵਾ ਲਈ ਛੱਡ ਕੇ, ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸੇਵਾ ਲਈ ਭੇਜ ਕੇ, ਉਥੋਂ ਦੱਖਣ ਲਈ ਚੱਲੇ ਸੀ। ਸੰਗਤਾਂ ਨੂੰ ਹੁਕਮਨਾਮੇ ਭੇਜ ਕੇ ਤਕੜੇ ਬੈਲ ਅਤੇ ਗੱਡੇ ਗੱਡੀਆਂ ਮੰਗਵਾ ਲਈਆਂ ਸਨ। ਸ੍ਰੀ ਗੁਰੂ ਗਰੰਥ ਸਾਹਿਬ ਇਕ ਵਿਸ਼ੇਸ਼ ਗੱਡੀ ਵਿੱਚ ਭਾਈ ਦਇਆ ਸਿੰਘ ਅਤੇ ਹੋਰ ਸਿੰਘਾਂ ਦੀ ਦੇਖਰੇਖ ਵਿਚ ਬਿਰਾਜਮਾਨ ਕਰਵਾ ਕੇ

ਚੱਲੇ ਸੀ। ਉਥੇ ਪੁੱਜ ਕੇ ਗੰਗਾ ਮਾਤਾ ਗੁਦਾਵਰੀ ਵਿਚ ਇਸ਼ਨਾਨ ਕਰਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਹੁਕਮਨਾਮਾ ਲਿਆ ਗਿਆ–

ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ॥
ਮਨ ਇਛੇ ਸੇਈ ਫਲ ਪਾਏ ਕਰਤੇ ਆਪਿ ਵਸਾਇਆ ਰਾਮ॥

ਸੂਹੀ ਮਹਲਾ 5

ਇਸ ਤਰ੍ਹਾਂ ਸਿੰਘਾਂ ਦੇ ਇਕੱਠ ਦੀਆਂ ਰੌਣਕਾਂ ਦੇਖ ਕੇ ਇਲਾਕੇ ਵਿਚ ਰੌਲਾ ਪੈ ਗਿਆ ਕਿ ਸਿੱਖਾਂ ਦੇ ਗੁਰੂ ਸਾਹਿਬ ਆਏ ਹਨ। ਸੰਗਤਾਂ ਨੇ ਦਰਸ਼ਨਾਂ ਲਈ ਵਹੀਰਾਂ ਘੱਤ ਲਈ। ਦਰਸ਼ਨ ਕਰਨ ਆਈਆਂ ਸੰਗਤਾਂ ਭੇਟਾਵਾਂ ਭੇਂਟ ਕਰਦੀਆਂ, ਗੁਰੂ ਸਾਹਿਬ ਪ੍ਰਵਾਨ ਕਰਦੇ, ਅਸੀਸਾਂ ਦਿੰਦੇ, ਸੰਗਤਾਂ ਦੇ ਦਰਸ਼ਨ ਲਈ ਆਉਣਾ ਨਿੱਤ ਦਾ ਕਰਮ ਹੋ ਗਿਆ।

ਇਕ ਸ਼ਰਧਾਲੂ ਦਰਸ਼ਨਾਂ ਲਈ ਸੁੱਚੇ ਤਿਲੇ ਦੀ ਕਢਾਈ ਵਾਲਾ ਬਹੁਤ ਸੁੰਦਰ ਦੁਸ਼ਾਲਾ (ਨਗੀਨਾ) ਭੇਂਟ ਕਰਨ ਲਈ ਘਰੋਂ ਚੱਲਿਆ ਤੇ ਸੋਚਦਾ ਕਿ ਗੁਰੂ ਜੀ ਦੇਖ ਕੇ ਬਹੁਤ ਖੁਸ਼ ਹੋਣਗੇ। ਗੁਰੂ ਜੀ ਜਾਣੀ ਜਾਣ ਸਨ ਕਿ ਇਸ ਵਿਚ ਹੰਕਾਰ ਆ ਗਿਆ ਤੇ ਆ ਜਾਵੇਗਾ ਤੇ ਗੁਰੂ ਜੀ ਨੇ ਦੁਸ਼ਾਲਾ ਪ੍ਰਵਾਨ ਕੀਤਾ ਤੇ ਗੰਗਾ ਮਾਤਾ ਗੁਦਾਵਰੀ ਵਿਚ ਵਗਾਹ ਕੇ ਮਾਰਿਆ ਤੇ ਆਖਿਆ ਜਿਨੇ ਦੁਸ਼ਾਲੇ ਲੈਣੇ ਹਨ ਲੈ ਲਵੋ। ਕਿਉਂਕਿ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ ਚੱਲਦੇ ਸਨ।

ਮੋਤੀ ਤਾਂ ਮੰਦਰ ਉਸ ਾਹਿ ਰਤਨੀ ਤ ਹੋਹਿ ਜੜਾਓ॥
ਕਸਤੂਰਿ ਕੁੰਗ ਅਗਰ ਚੰਦਨਿ ਲੀਪਿ ਆਵੇ ਚਾਉ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ॥

ਰਾਗ ਸਿਰੀ ਰਾਗੁ ਮਹਲਾ ਪਹਿਲਾ ਘਰ 1- ਅੰਗ 14

ਇਸ ਜਗ੍ਹਾ ਅੱਜ ਨਗੀਨਾ ਘਾਟ ਗੁਰਦੁਆਰਾ ਸ਼ੁਸੋਭਿਤ ਹੈ।

ਗੁਰੂ ਜੀ ਨੇ ਪਹਿਲਾਂ ਦਮਦਮੇ, ਫਿਰ ਦਾਦੂ ਦਵਾਰੇ (ਪਿੰਡ ਨਰਾਇਣਾ ਰਾਜਸਥਾਨ) ਫਿਰ ਬੁਰਰਾਨਪੁਰ ਵਿਚ ਸੁਣਿਆ ਇਕ ਵੈਰਾਗੀ ਬਹੁਤ ਰਿਧੀਆ ਸਿਧੀਆਂ ਅਤੇ ਅਨੋਖੀਆਂ ਕਲਾਵਾਂ ਦਾ ਮਾਲਿਕ ਹੈ। ਉਸਨੇ ਪਲੰਘ ਆਪਣੇ ਉੱਚ ਸ਼ਕਤੀਵਾਨ ਮਹਾਂਪੁਰਸ਼ ਦੀ ਭਾਲ ਵਿਚ ਰੱਖਿਆ ਹੋਇਆ ਹੈ। ਗੁਰੂ ਜੀ ਨੇ ਕਿਹਾ ਅਸੀਂ ਤਾਂ ਕੋਹਾਂ ਦੂਰ ਤੋਂ ਵੈਰਾਗੀ ਦੀ ਭਾਲ ਵਿਚ ਆਏ ਹਾਂ। ਉਧਰ ਦੇ ਭਾਣੇ ਮਾਧੋ ਦਾਸ ਦੇ ਮਨ ਦੀ ਵੀ ਤਾਂਘ ਸੀ। ਇਹੋ ਜਿਹੇ ਮਹਾਂਪੁਰਸ਼ ਦੇ ਦਰਸ਼ਨ ਹੋਣ। ਸੱਚੀ ਕਹਾਵਤ ਹੈ ਕਿ ਪ੍ਰਭੂ ਦੇ ਘਰ ਦੇਰ ਹੈ ਅੰਧੇਰ ਨਹੀਂ।

ਗੁਰੂ ਜੀ ਜਾਣ ਬੁੱਝ ਕੇ ਸੂਰਜ ਗ੍ਰਹਿਣ ਵਾਲੇ ਦਿਨ ਵੈਰਾਗੀ ਮਾਧੋ ਦਾਸ ਦੇ ਡੇਰੇ ਤੇ 3 ਸਤੰਬਰ 1708 ਨੂੰ ਪਹੁੰਚੇ ਤੇ ਸਿੰਘਾਂ ਨੇ ਬੱਕਰਾ ਝਟਕ ਕੇ ਮਾਸ ਰਿੱਝਣਾ ਰੱਖ ਦਿੱਤਾ। ਆਪ ਪਲੰਘ ਤੇ ਬੈਠ ਗਏ। ਮਾਧੋ ਦਾਸ ਦੇ ਚੇਲਿਆਂ ਨੂੰ ਬਹੁਤ ਰੋਕਿਆ ਕਿ ਤੁਸੀਂ ਇਸ ਪਵਿੱਤਰ ਦਿਨ ਇਸ ਤਰ੍ਹਾਂ ਨਾ ਕਰੋ ਤੇ ਮਾਧੋ ਦਾਸ ਦੂਰ ਦੁਰਾਡੇ ਨਦੀ ਦੇ

ਕਿਨਾਰੇ ਬੈਠ ਕੇ ਤਪ ਕਰਦੇ ਸਨ। ਨਿਸ਼ਕਾਮ ਭਗਤੀ ਦੇ ਕਰਮਾ ਦਾ ਫਲ ਜਰੀਏ ਲੋਕਾਂ ਦੀਆਂ ਈਛਾਵਾਂ ਪੂਰੀਆਂ ਕਰਨ ਦੀ ਮੁਕਤੀ ਪ੍ਰਾਪਤ ਕਰ ਲਈ ਸੀ। ਸੰਗਤਾਂ ਉਸਦੇ ਡੇਰੇ ਤੇ ਆਉਂਦੀਆਂ ਭੇਟਾਵਾਂ ਭੇਂਟ ਕਰਦੀਆਂ। ਡੇਰ ਤੇ ਕੋਈ ਥੁੜ ਨਹੀਂ ਸੀ। ਬਹੁਤ ਸਾਰੇ ਚੇਲੇ ਬਾਲਕੇ ਪਾਲ ਰੱਖੇ ਸਨ। ਉਨ੍ਹਾਂ ਖ਼ਬਰ ਦਿੱਤੀ ਤੇ ਉਹ ਬਹੁਤ ਕਲਪਿਆ ਰਿਧੀਆਂ-ਸਿਧੀਆਂ ਦੀ ਵਰਤੋਂ ਕੀਤੀ। ਰਿੱਧੀ ਸਿੱਧੀ ਕਿਸੇ ਕੰਮ ਨਾ ਆਉਂਦੀ ਦੇਖ ਕਲਪ ਉੱਠਿਆ ਮਾਧੋਦਾਸ

ਬੰਦਾ- ਤੁਸੀਂ ਕੌਣ ਹੋ
ਗੁਰੂ ਜੀ- ਜਿਸਨੂੰ ਤੂੰ ਜਾਣਦਾ ਹੈ
ਮਾਧੋ ਦਾਸ- ਮੈਂ ਕੀ ਜਾਣਦਾ ਹਾਂ
ਗੁਰੂ ਜੀ- ਆਪਣੇ ਅੰਦਰ ਦੇਖ
ਮਾਧੋ ਦਾਸ- ਗੁਰੂ ਗੋਬਿੰਦ ਸਿੰਘ ਜੀ ਹੋ
ਮਾਧੋ ਦਾਸ- ਤੁਸੀਂ ਇਧਰ ਕਿਸ ਤਰ੍ਹਾਂ ਆਏ
ਗੁਰੂ ਜੀ- ਸਿੱਖ ਬਣਾਉਣ
ਮਾਧੋ ਦਾਸ- ਮੈਨੂੰ ਪਰਵਾਨ ਹੈ, ਮੈਂ ਤੁਹਾਡਾ ਬੰਦਾ ਹਾਂ।

ਜਿਵੇਂ ਸਦੀਆਂ ਤੋਂ ਵਿਛੜੇ ਪ੍ਰੇਮੀ ਦੀ ਭਟਕ ਰਹੀ ਮਿਲਣ ਦੀ ਤ੍ਰਿਸ਼ਨਾ ਮਿੱਟ ਗਈ। ਗੁਰੂ ਜੀ ਦੀ ਹਜ਼ੂਰੀ ਵਿਚ ਰਹਿ ਕੇ ਪ੍ਰੇਮ ਭਗਤੀ ਦਾ ਰਸ ਮਾਨਣ ਲਈ ਤਤਪਰ ਹੋਇਆ। ਸਿੰਘਾਂ ਦੀ ਵੱਖਰੀ ਪਹਿਚਾਣ, ਮਰਿਆਦਾ, ਉਚੇ ਸੁੱਚੇ ਆਚਰਣ, ਪਰਉਪਕਾਰੀ, ਤਿਆਗ, ਸ਼ੇਰ ਦਿਲ, ਖੁੱਲ੍ਹੀਆਂ ਦਾਹੜੀਆਂ, ਹੱਥੀਂ ਕੜੇ, ਸ਼ੇਰ ਦੇ ਸ਼ਿਕਾਰ ਦੇ ਸ਼ੌਕੀਨ, ਨਿਧੜਕ ਸੂਰਮਿਆ ਵਿਚ ਰਹਿਣ ਦਾ ਮਨ ਬਣਾਇਆ। ਸਾਰੇ ਪੰਜਾਬ ਅਤੇ ਖਾਸ ਤੌਰ ਤੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਸੁਣ ਕੇ, ਜ਼ਾਲਮਾਂ ਪ੍ਰਤੀ ਘਿਰਣਾ ਹੋ ਗਈ। ਮਨੋ ਮਨੀ ਝੋਰਾ, ਨੈਣ ਸੁਪਨਾ ਲੈਣ ਲੱਗਾ, ਖ਼ੂਨ ਉਬਾਲੇ ਮਾਰਨ ਲੱਗਾ। ਇਕ ਦਿਨ ਸ਼ਿਕਾਰ ਗਏ, ਗੁਰੂ ਜੀ ਵਿਸ਼ਰਾਮ ਕਰ ਰਹੇ ਸਨ। ਉਹ ਚਰਨ ਦਬਾ ਰਿਹਾ ਸੀ ਤੇ ਧਰਮ, ਪ੍ਰਭੂ ਪ੍ਰੇਮ, ਗਿਆਨ ਆਦਿ ਦੀਆਂ ਗੱਲਾਂਬਾਤਾਂ ਚੱਲਦੀਆਂ ਰਹੀਆਂ ਸਨ। ਗੁਰੂ ਸਾਹਿਬ ਜੀ ਨੇ ਪੰਜਾਬ ਜਾਣ ਲਈ ਪ੍ਰੇਰਿਆ। ਪਰ ਉਹ ਹੁਣ ਗੁਰੂ ਜੀ ਤੋਂ ਜੁਦਾ ਨਹੀਂ ਹੋਣਾ ਚਾਹੁੰਦਾ ਸੀ। ਹੁਕਮ ਵੀ ਟਾਲ ਨਹੀਂ ਸਕਦਾ ਸੀ। ਗੁਰੂ ਜੀ ਨੇ ਖਾਲਸਾ ਪੰਥ ਦਾ ਜਰਨੈਲ ਥਾਪ ਦਿੱਤਾ। ਉਸਨੂੰ ਅਥਾਹ ਸ਼ਕਤੀ ਦੇਣ ਵਜੋਂ ਭੱਥੇ ਵਿਚੋਂ ਪੰਜ ਤੀਰ, ਪੰਜ ਸਿੰਘ ਭਾਈ ਵਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ। ਆਦੇਸ਼ ਦਿੱਤਾ ਇਨ੍ਹਾਂ ਦੀ ਹਰ ਸਲਾਹ ਨਾਲ ਤੁਰਨਾ, ਮੇਰੇ ਪਿਆਰੇ ਖਾਲਸਾ ਜੀ ਦੀ ਆਗਿਆ ਵਿਚ ਰਹਿਣਾ। ਨਾਲ ਹੀ ਕਿਹਾ 'ਰਾਜ ਕਰੇਗਾ ਖਾਲਸਾ'।

ਉਧਰ ਵਜੀਦ ਖਾਨ ਨਵਾਬ ਸਰਹੰਦ ਨੂੰ ਗੁਰੂ ਸਾਹਿਬ ਜੀ ਦੀ ਬਾਦਸ਼ਾਹ ਬਹਾਦਰ ਸ਼ਾਹ ਦੀ ਕਿਵੇਂ ਪ੍ਰਭੂ ਸੱਤਾ ਧਾਰੀ ਰਾਜਿਆਂ ਵਾਂਗ ਸਵਾਗਤ ਅਤੇ ਮੁਲਾਕਾਤ

ਹੋਈ ਹੈ ਪਤਾ ਲੱਗ ਚੁੱਕਾ ਸੀ। ਖਿਆਲ ਸੀ ਕਿ ਕੋਈ ਪੱਕੀ ਸੰਧੀ ਕਰਕੇ ਮੁੜਨਗੇ। ਇਸ ਲਈ ਵਜੀਦ ਖਾਨ ਨੇ ਜਮਸ਼ੇਦ ਖਾਨ ਅਤੇ ਗੁਲ ਖਾਨ ਨੂੰ ਭੇਜਿਆ ਕਿ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਜਾਵੇ। ਥਹੁ ਟਿਕਾਣਾ ਪਤਾ ਕਰਕੇ ਦੱਖਣ ਵੱਲ ਚੱਲ ਪਏ। ਉਧਰ ਗੁਰੂ ਸਾਹਿਬ ਵੀ ਨੰਦੇੜ ਵੱਲ ਚਲੇ ਹੋਏ ਸਨ। ਗੁਰੂ ਸਾਹਿਬ ਜੀ ਨੇ ਗੰਗਾ ਮਾਤਾ ਗੁਦਾਵਰੀ ਕੰਢੇ ਆਪਣਾ ਡੇਰਾ ਲਾਇਆ ਹੋਇਆ ਸੀ। ਮਰਿਯਾਦਾ ਪੂਰਵਕ ਕਾਰ ਵਿਹਾਰ ਚੱਲ ਰਿਹਾ ਸੀ। ਅੰਮ੍ਰਿਤ ਵੇਲੇ ਗੁਰੂ ਗਰੰਥ ਸਾਹਿਬ ਜੀ ਦੇ ਪ੍ਰਕਾਸ਼ ਉਪਰੰਤ ਆਸਾ ਜੀ ਦੀ ਵਾਰ ਦੇ ਕੀਰਤਨ ਹੁੰਦੇ ਭੋਗ ਪੈਂਦੇ, ਸ਼ਾਮ ਨੂੰ ਰਹਿਰਾਸ ਦੇ ਪਾਠ ਹੁੰਦੇ ਭੋਗ ਪੈਂਦੇ। ਦਿਨ ਸਮੇਂ ਗੁਰੂ ਜੀ ਆਸਣ ਲਗਾਉਂਦੇ ਸੰਗਤਾਂ ਦਰਸ਼ਨਾਂ ਨੂੰ ਆਉਂਦੀਆਂ, ਕੁਝ ਸੰਗਤ ਦਰਸ਼ਨ ਉਪਰੰਤ ਬੈਠ ਜਾਂਦੇ ਕੁਝ ਲੋਕ ਆ ਜਾਂਦੇ, ਜੋੜ ਮੇਲਾ ਬਣਿਆ ਰਹਿੰਦਾ ਕਦੇ ਵਿਚਾਰ ਕਰਦੇ, ਕਦੇ ਅੱਖਾਂ ਬੰਦ ਕਰਕੇ ਇਕਾਗਰ ਚਿੱਤ ਸ਼ਾਂਤਮਈ ਬੈਠ ਜਾਂਦੇ। ਵਜੀਦ ਖਾਨ ਦੇ ਬੰਦੇ ਇਸ ਤਰ੍ਹਾਂ ਸੰਗਤ ਵਿਚ ਆਉਂਦੇ ਜਾਂਦੇ ਅਤੇ ਮੌਕੇ ਦੀ ਤਾਕ ਵਿਚ ਰਹਿੰਦੇ, ਇਕ ਦਿਨ ਗੁਰੂ ਸਾਹਿਬ ਅੱਖਾਂ ਬੰਦ ਕਰਕੇ ਬੈਠੇ ਸਨ ਤਾਂ ਵਿਸਾਹ ਕੇ ਛੁਰੇ ਦਾ ਵਾਰ ਕਰ ਦਿੱਤਾ। ਗੁਰੂ ਸਾਹਿਬ ਇੰਨੇ ਫੁਰਤੀਲੇ, ਚੁਕੰਨੇ ਸਨ ਨਾਲ ਹੀ ਮਿਆਨ ਵਿਚੋਂ ਤਲਵਾਰ ਕੱਢ ਕੇ ਵਾਰ ਕਰ ਦਿੱਤਾ। ਕਹਿੰਦਾ ਹਾਏ ਮਾਂਨੀ ਬੋਲੇ ਅਲਹ ਕਹੋ। ਅਖੀਰ ਦੇ ਸਮੇਂ ਪ੍ਰਮਾਤਮਾ ਨੂੰ ਯਾਦ ਕਰੀਦਾ। ਦੂਜਾ ਦੌੜਨ ਲੱਗਾ ਸਿੰਘਾਂ ਨੇ ਫੜ ਕੇ ਕੁੱਟ-ਕੁੱਟ ਕੇ ਮਾਰ ਦਿੱਤਾ।

ਜਰਾਹ ਨੇ ਗੁਰੂ ਸਾਹਿਬ ਦੇ ਮਲਮ ਪੱਟੀ ਕੀਤੀ ਤੇ ਹੌਲੀ-ਹੌਲੀ ਖ਼ੂਨ ਬੰਦ ਹੋ ਗਿਆ ਤੇ ਜ਼ਖ਼ਮ ਨੂੰ ਆਰਾਮ ਆਉਣ ਲੱਗਾ। ਹਾਲੇ ਜ਼ਖ਼ਮ ਕੱਚਾ ਸੀ ਬਹਾਦਰ ਸ਼ਾਹ ਲਾਮ ਲਸ਼ਕਰ ਨਾਲ ਗੁਰੂ ਸਾਹਿਬ ਦੇ ਦਰਸ਼ਨ ਨੂੰ ਅਬਚਲ ਨਗਰ ਆ ਗਿਆ। ਗੁਰੂ ਸਾਹਿਬ ਬਹਾਦਰ ਸ਼ਾਹ ਨਾਲ ਸ਼ਿਕਾਰ ਤੇ ਗਏ। ਉਥੇ ਖਰਗੋਸ਼ ਦਾ ਸ਼ਿਕਾਰ ਕੀਤਾ। ਬਹਾਦਰ ਸ਼ਾਹ ਨੇ ਪੁੱਛਿਆ ਤੁਸੀਂ ਇਸ ਨੂੰ ਕਿਉਂ ਮਾਰਿਆ ਉਨ੍ਹਾਂ ਨੇ ਆਖਿਆ ਕਿ ਇਹ ਮੁਲਾ ਖਤਰੀ ਸੀ। ਇਸਦੀ ਗਤੀ ਨਹੀਂ ਸੀ ਹੋਈ।

ਸ਼ਿਕਾਰ ਦੇ ਦੌਰਾਨ ਬਹਾਦਰ ਸ਼ਾਹ ਤੇ ਆਪ ਕਾਫੀ ਘੁਲ ਮਿਲ ਗਏ ਸਨ ਤੇ ਇਸ ਤੇ ਬਹਾਦਰ ਸ਼ਾਹ ਨੇ ਪਿਆਰ ਦੀ ਨਿਸ਼ਾਨੀ ਹੀਰਾ ਭੇਂਟ ਕੀਤਾ। ਗੁਰੂ ਸਾਹਿਬ ਜੀ ਦਾ ਇਹੋ ਜਿਹੀਆਂ ਵਸਤਾਂ ਨਾਲ ਲਗਾਅ ਨਹੀਂ ਸੀ ਤੇ ਲਾਗੇ ਹੀ ਗੰਗਾ ਮਾਤਾ ਗੋਦਾਵਰੀ ਨੂੰ ਭੇਂਟ ਕਰ ਦਿੱਤਾ।

ਅਗਲੇ ਪੜਾਅ ਤੇ ਸਿੰਘਾਂ ਨੂੰ ਹੁਕਮ ਕੀਤਾ ਕਿ ਖ਼ਜਾਨਾ ਪੁਟਵਾ ਕੇ ਲਿਆਓ। ਸਿੰਘ ਗੱਡੇ ਭਰ ਕੇ ਲਿਆਏ ਤਾਂ ਗੁਰੂ ਸਾਹਿਬ ਜੀ ਗੁਰਦੁਆਰਾ ਸੰਗਤ ਸਾਹਿਬ ਵਾਲੀ ਜਗ੍ਹਾ ਮੋਹਰਾ ਢਾਲਾ ਨਾਲ ਵੰਡੀਆਂ।

ਇਹ ਖਜ਼ਾਨਾ ਜਦੋਂ ਗੁਰੂ ਨਾਨਕ ਦੇਵ ਜੀ ਦੱਖਣ ਫੇਰੀ ਦੌਰਾਨ ਨਾਂਦੇੜ ਸਾਹਿਬ ਤੋਂ ਹੁੰਦੇ ਹੋਏ ਗੁਰਦੁਆਰਾ ਨਾਨਕ ਝੀਰਾ (ਬਿਦਰ) ਜਾਂਦੇ ਹੋਏ ਇਸ ਜਗ੍ਹਾ ਨੂੰ ਪਹਿਲਾ ਚਕਰੀ ਮਾਲ ਅਤੇ ਮਾਲ ਟਿੱਕਾ ਵੀ ਕਿਹਾ ਜਾਂਦਾ ਸੀ। ਹੁਣ ਗੁਰਦੁਆਰਾ ਮਾਲ ਟੇਕੜੀ

ਸਾਹਿਬ ਕਹਿੰਦੇ ਹਨ।

ਜਦੋਂ ਗੁਰੂ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਕਰਤਾਰਪੁਰ ਵਿਖੇ ਬਿਰਾਜੇ ਸਨ। ਉਥੇ ਇਕ ਫਕੀਰ ਹਰ ਰੋਜ਼ ਆਇਆ ਕਰਦਾ ਸੀ। ਇਕ ਦਿਨ ਗੁਰੂ ਜੀ ਖੁਸ਼ ਬੈਠੇ ਸਨ। ਫਕੀਰ ਅਇਆ ਤੇ ਪਿਆਰ ਵਾਰਤਾ ਹੋਈ ਤਾਂ ਫ਼ਕੀਰ ਖੁਸ਼ ਹੋ ਕੇ ਕਹਿੰਦਾ ਕੋਈ ਕੰਮ ਦੱਸੋ ਗੁਰੂ ਜੀ ਨੇ ਕਿਹਾ ਨਾਂਦੇੜ ਚਲੇ ਜਾਓ, ਜਾ ਕੇ ਗੁਰੂ ਨਾਨਕ ਦੇਵ ਜੀ ਦੇ ਗੁਪਤ ਖ਼ਜ਼ਾਨੇ ਦੀ ਰਾਖੀ ਕਰੋ। ਫਕੀਰ ਨਾਂਦੇੜ ਸਾਹਿਬ ਆ ਕੇ ਸੇਵਾ ਕਰਨ ਲੱਗਾ ਤਾਂ ਲੱਕੜ ਸ਼ਾਹ ਦੇ ਨਾਂ ਤੇ ਪ੍ਰਸਿੱਧ ਹੋਇਆ। ਗੁਰੂ ਗੋਬਿੰਦ ਸਿੰਘ ਜੀ ਸ਼ਾਮ ਵੇਲੇ ਲੰਘਦੇ ਲੱਕੜ ਸ਼ਾਹ ਨੂੰ ਮਿਲੇ ਤਾਂ ਆਖਿਆ ਕੀ ਹਾਲ ਹੈ ਤੇ ਉਸਨੂੰ ਪਤਾ ਲੱਗ ਗਿਆ। ਗੁਰੂ ਜੀ ਹਨ, ਉਹ ਚਰਨੀ ਪੈ ਗਿਆ।

ਫੌਜਾਂ ਜਦੋਂ ਆਪਣੇ ਕੈਂਪਾਂ ਵਿਚ ਆਈਆਂ ਤਾਂ ਕੁਝ ਰਾਜਪੂਤ ਜਰਨੈਲ ਗੁਰੂ ਸਾਹਿਬ ਅਤੇ ਸਿੰਘਾਂ ਦੇ ਹਥਿਆਰ ਦੇਖਣ ਲੱਗੇ। ਇਕ ਬੰਦੂਕ ਬਹੁਤ ਭਾਰੀ ਸੀ ਕਹਿਣ ਲੱਗੇ ਇਸਨੂੰ ਕੌਣ ਚਲਾਉਂਦਾ ਹੋਵੇਗਾ ਜਾਂ ਦਿਖਾਵੇ ਲਈ ਰੱਖੀ ਹੈ।

ਗੁਰੂ ਜੀ ਇਸ ਤਰ੍ਹਾਂ ਸੁਣ ਕੇ ਬੁਰਾ ਲੱਗਾ, ਉਨ੍ਹਾਂ ਬੰਦੂਕ ਚਲਾਈ ਤਾਂ ਇਨ੍ਹਾਂ ਜ਼ੋਰ ਦਾ ਝਟਕਾ ਲੱਗਾ ਤਾਂ ਜ਼ਖ਼ਮ ਖੁੱਲ੍ਹ ਗਏ। ਚੁੱਪ ਚਾਪ ਚੀਸ ਵੱਟ ਲਈ, ਉਨ੍ਹਾਂ ਜਾਣ ਤੋਂ ਬਾਅਦ ਦੇਖਿਆ ਤਾਂ ਲਹੂ ਸਿਮਣ ਲੱਗਾ।

ਸਿੰਘਾਂ ਜਰਾਹ ਨੂੰ ਬੁਲਾਇਆ ਤਾਂ ਗੁਰੂ ਜੀ ਨੇ ਮਲਮ ਪੱਟੀ ਕਰਨ ਤੋਂ ਨਾਂਹ ਕਰ ਦਿੱਤੀ, ਜੋ ਹੋਣਾ ਸੀ ਹੋ ਗਿਆ ਹੈ। ਕੋਈ ਯਤਨ ਕਰਨ ਦੀ ਲੋੜ ਨਹੀਂ, ਮੇਰੇ ਅਕਾਲ ਪੁਰਖ (ਪ੍ਰਭੂ) ਦਾ ਸੱਦਾ ਆ ਗਿਆ ਹੈ –

ਤੇ ਸਿੰਘਾਂ ਨੇ ਕਿਹਾ ਅਗਲਾ ਹੁਕਮ–

ਗੁਰੂ ਜੀ ਕਹਿੰਦੇ ਅਕਾਲ ਪੁਰਖ ਤੋਂ ਦਿਸ਼ਾ ਨਿਰਦੇਸ਼ ਲੈ ਕੇ ਦੱਸਾਂਗਾ ਕੀ ਹੁਕਮ ਹੈ। ਗੁਰੂ ਜੀ ਬਹੁਤ ਡੂੰਘੀ ਵਿਚਾਰ ਵਿਚ ਪੈ ਗਏ, ਮਨੋਮਨੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸਾਰੇ ਗੁਰੂ ਸਾਹਿਬਾਨ ਦੀ ਤਹਿਰੀਕ ਬਾਰੇ ਵਿਚਾਰ ਕਰਦੇ। ਸਮੁੱਚਾ ਰਮਾਇਣ, ਮਹਾਂਭਾਰਤ, ਵੇਦਾਂ, ਵੱਖੋ ਵੱਖਰੇ ਧਰਮਾਂ, ਗੁਰੂ, ਪੀਰਾਂ, ਮਹਾਤਮਾ ਦਾ ਗਿਆਨ ਉਨ੍ਹਾਂ ਦੇ ਸੋਚ ਵਿਚ ਆ ਗਿਆ। ਇਕ ਤਰ੍ਹਾਂ ਗੁਰੂ ਸਾਹਿਬਾਨ ਨੇ ਆਪਣੀਆਂ ਪੰਥ ਪ੍ਰਤੀ ਜ਼ੁੰਮੇਵਾਰੀਆਂ ਨੂੰ ਨਿਭਾਉਣ ਲਈ ਕਿਸ ਭਾਵਨਾ, ਉਦੇਸ਼, ਯੋਗਤਾ, ਸਮਰਥਾ, ਸੁਹਿਰਦਤਾ, ਆਚਰਣ ਬਾਰੇ ਗਹੁ ਨਾਲ ਵਿਚਾਰ ਕੀਤਾ ਤੇ ਆਪਣੀ ਗੁਰਗੱਦੀ ਸੌਂਪੀ, ਜਿਹੜਾ ਕਿ ਗੁਰਗੱਦੀ ਦੀਆਂ ਜ਼ੁੰਮੇਵਾਰੀਆਂ ਨੂੰ ਸਮਝ ਕੇ ਠੀਕ ਤਰ੍ਹਾਂ ਸੰਭਾਲ ਕਰੇ, ਕਿਸੇ ਮੋਹ, ਮਾਇਆ, ਭੈਅ ਜਾਂ ਲਾਲਚ ਵਿਚ ਆ ਕੇ ਥਿੜਕੇ ਨਹੀਂ। ਉਨ੍ਹਾਂ ਨੇ ਠੀਕ ਫੈਸਲਿਆਂ ਕਰਦੇ ਹੀ ਪੰਥ ਇਸ ਸਤਹ ਤੇ ਪਹੁੰਚਿਆ। ਪੰਥ ਨਿਡਰ, ਨਿਰਭੈਅ, ਦਲੇਰ, ਬਹਾਦਰ, ਸੂਰਬੀਰ, ਜ਼ੁਲਮ ਜ਼ਬਰ ਨਾਲ ਟੱਕਰ ਲੈਣ ਤੇ ਨਾਲ ਹੀ ਅਨੁਸ਼ਾਸਨ ਅਤੇ ਵੱਖਰੀ ਪਛਾਣ ਬਣਾਈ।

ਹੇ ਅਕਾਲ ਪੁਰਖ ਮੈਨੂੰ ਵੀ ਸਮਰੱਥਾ ਬਖਸ਼ੋ, ਮੈਂ ਵੀ ਅੱਗੋਂ ਫੈਸਲਾ ਲੈ ਸਕਾ।

ਕਿਉਂਕਿ ਅੱਜ ਪੰਥ ਜਿਸ ਸਥਿਤੀ ਤੇ ਪਹੁੰਚ ਚੁੱਕਾ ਹੈ ਉਸਦਾ ਭਵਿੱਖ ਮੇਰੇ ਫੈਸਲੇ ਤੇ ਹੀ ਨਿਰਭਰ ਕਰਨਾ ਹੈ। ਜਿਵੇਂ ਗੁਰੂ ਸਾਹਿਬਾਨ ਦੂਰ ਅੰਦੇਸ਼ੀ ਅਤੇ ਪਰਖ ਦੇ ਫੈਸਲੇ ਲੈਂਦੇ ਰਹੇ। ਮੇਰਾ ਫੈਸਲਾ ਵੀ ਕਿਲ੍ਹੇ ਦੀ ਆਖਰੀ ਇੱਟ ਹੀ ਸਾਬਤ ਹੋਣੀ ਹੈ।

ਪਿਛਲੇ 230 ਸਾਲ ਤੋਂ ਖਾਲਸਾ ਪੰਥ ਦੁਨੀਆਂ ਵਿਚ ਇਕ ਵੱਖਰੀ ਹੈਸੀਅਤ ਬਣਾ ਚੁੱਕਾ ਹੈ। ਜਿਵੇਂ ਹਰ ਪ੍ਰਵਾਰ, ਕੌਮ, ਬਹਾਦਰੀ, ਭਾਈਚਾਰਾ, ਟਕਸਾਲ ਆਦਿ ਦੇ ਆਗੂ ਨੂੰ ਆਪਣੀ ਜਗ੍ਹਾ ਮੁੱਖੀ ਥਾਪਣਾ ਔਖਾ ਹੁੰਦਾ ਹੈ। ਇਹ ਦੁਬਿਧਾ ਦੀ ਸਥਿਤੀ ਗੁਰੂ ਗੋਬਿੰਦ ਸਿੰਘ ਜੀ ਦੀ ਬਣ ਗਈ ਸੀ।

ਜਿਵੇਂ ਕਿ ਆਮ ਤੌਰ ਤੇ ਹਰ ਵਿਦਵਾਨ, ਅਲੋਚਕ, ਵਿਸ਼ਲੇਸ਼ਕ ਇਹ ਕਹਿ ਕੇ ਗੱਲ ਮੁਕਾ ਦਿੰਦਾ ਹੈ ਕਿ ਗੁਰੂ ਸਾਹਿਬ ਜੀ ਗੁਰੂ ਗਰੰਥ ਸਾਹਿਬ ਜੀ ਪ੍ਰਕਾਸ਼ ਕਰਵਾ ਕੇ, ਨਾਰੀਅਲ ਭੇਂਟਾ ਕਰਕੇ, ਕੇਸਰ ਤਿਲਕ ਲਾ ਕੇ ਰੁਮਾਲਾ ਸਾਹਿਬ ਚੜ੍ਹਾ ਕੇ ਗੁਰੂ ਗਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਤੇ ਹੁਕਮ ਦਿੱਤਾ ਕਿ ਅੱਜ ਤੋਂ ਤੁਹਾਡਾ ਗੁਰੂ ਗਰੰਥ ਸਾਹਿਬ ਹੈ। ਸ਼ਬਦ ਗੁਰੂ ਹੈ।

ਗੁਰੂ ਗਰੰਥ ਸਾਹਿਬ ਜੀ ਨੂੰ ਗੁਰਗੱਦੀ ਦੇਣਾ ਸਾਧਾਰਨ ਪ੍ਰਕਿਰਿਆ ਨਹੀਂ ਨਾ ਹੀ ਕੋਈ ਕਰਾਮਾਤ ਸੀ। ਇਸਦੇ ਪਿਛੇ ਬਹੁਤ ਪੜਚੋਲ, ਵਿਸ਼ਲੇਸ਼ਣ ਹਿਸਾਬ ਕਿਤਾਬ ਲੇਖਾ ਜੋਖਾ ਸੀ।

ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਤੋਂ ਅਸੀਂ ਇਹ ਸਿੱਟਾ ਕੱਢਦੇ ਹਾਂ ਕਿ ਉਹ ਇਕ ਵਿਲੱਖਣ ਕੌਮ ਸਿਰਜਣਾ ਚਾਹੁੰਦੇ ਸਨ। ਜਿਸ ਦਾ ਸਾਨੀ ਕੋਈ ਨਾ ਹੋਵੇ। ਅਕਾਲ ਪੁਰਖ ਦਾ ਹੀ ਰੂਪ ਹੋਵੇ। ਗੁਰੂ ਗੱਦੀ ਦੇ ਵਾਰਸਾਂ ਉਨ੍ਹਾਂ ਦੇ ਸਿਧਾਂਤਾਂ 'ਕਿਰਤ ਕਰਨਾ', 'ਨਾਮ ਜਪਣਾ, 'ਵੰਡ ਛਕਣ' 'ਤੇ ਪੂਰਾ ਪਹਿਰਾ ਦਿੱਤਾ, ਜਿਸ ਕਰਕੇ ਸਿੱਖ ਧਰਮ ਕਾਫੀ ਵਿਕਸਿਤ ਹੋਇਆ। ਮੰਜੀ ਪ੍ਰਥਾ, ਮਸੰਦ ਪ੍ਰਥਾ, ਸ੍ਰੀ ਹਰਮੰਦਰ ਸਾਹਿਬ, ਸ੍ਰੀ ਗੁਰੂ ਗਰੰਥ ਸਾਹਿਬ ਦੀ ਸੰਪਾਦਨਾ, ਸੰਗਤ ਤੇ ਪੰਗਤ ਤੇ ਗੁਰੂ ਹਰਗੋਬਿੰਦ ਜੀ ਦੀ ਨੀਤੀ ਨੇ ਸਿੱਖ ਇਕ ਵੱਖਰਾ ਸਰੂਪ ਬਣਾ ਦਿੱਤਾ। ਗੁਰੂ ਅਰਜਨ ਦੇਵ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸ਼ਾਹਦਤਾਂ ਨੇ ਸਿੱਖ ਧਰਮ ਵਿਚ ਸਵੈਮਾਨ, ਸਵੈ-ਵਿਸ਼ਵਾਸ਼ ਤੇ ਕੁਰਬਾਨੀ ਦੀ ਭਾਵਨਾ ਭਰ ਦਿੱਤੀ। ਆਪ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਗਊਆਂ ਨੂੰ ਸ਼ੇਰ ਬਣਾ ਦਿੱਤਾ, ਕੌਮ ਇਕ ਅਨੁਸ਼ਾਸ਼ਨ ਵਿਚ ਬੰਨ੍ਹ ਦਿੱਤੀ। ਉਨ੍ਹਾਂ ਨੇ ਮਹਿਸੂਸ ਕੀਤਾ ਕੌਮ ਕੋਲ ਇਕ ਵਿਚਾਰਧਾਰਾ ਸਿਧਾਂਤ ਮੌਜੂਦ ਹੈ ਜਿਸਨੇ ਸਦੀਵੀ ਰਹਿਣਾ ਹੁੰਦਾ ਹੈ ਇਸ ਲਈ ਸਿਧਾਂਤ ਵਿਚਾਰਧਾਰਾ ਵੱਲ ਨੂੰ ਝੁਕਾ ਬਣਿਆ।

ਸਮੁੱਚੇ ਤੌਰ ਤੇ ਜਦੋਂ ਸਾਰੇ 230 ਸਾਲ ਗੁਰੂ ਪੰਥ ਦੇ ਫਲਸਫ਼ੇ ਪਾ ਕੇ ਧਿਆਨ ਕਰਦਾ ਤੇ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ 42 ਸਾਲ ਦੀ ਉਮਰ ਵਿਚ ਇੰਨੇ ਮਹਾਨ ਕਾਰਜ ਕਰ ਦੇਣੇ ਭਾਵੇਂ ਕਰਾਮਾਤ ਤੋਂ ਘੱਟ ਦਿਖਾਈ ਨਹੀਂ ਦਿੰਦੇ। ਇਕ ਹੀ ਸ਼ਖ਼ਸ਼ੀਅਤ ਵਿਚ ਇਤਨੇ ਗੁਣ ਇਕ ਜਗ੍ਹਾ ਇਕੱਠੇ ਹੋਏ ਅਸੰਭਵ ਜਿਹੇ ਲਗਦੇ ਹਨ ਉਨ੍ਹਾਂ ਦਾ ਸਿੱਖਾਂ ਨਾਲ ਪਿਆਰ ਦਾ ਕੋਈ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਉਨ੍ਹਾਂ ਦੇ ਇੰਨੇ

ਮਿੱਠੇ ਬੋਲ, ਮੁਰਦਿਆਂ ਵਿਚ ਜਾਨ ਪਾ ਦਿੰਦੇ, ਕਈ ਵਿਚਾਰਕ ਉਨ੍ਹਾਂ ਨੂੰ 'ਨਾਨਕ ਮਰਦ' ਵੀ ਕਹਿੰਦੇ ਹਨ।

ਜਿਨ੍ਹਾਂ ਰਾਜਿਆਂ ਦੇ ਦਰਬਾਰ ਵਿਚ ਜਾਣ ਲਈ ਲੋਕ ਸਾਲਾਬੱਧੀ ਉਡੀਕ ਕਰਦੇ ਹਨ ਉਹ ਗੁਰੂ ਦੇ ਦਰਬਾਰ ਦੇ ਪਹਿਰੇਦਾਰ ਬਣੇ। ਉਹ ਸਿੱਖਾਂ ਨੂੰ ਹੱਸਦੇ ਹਸਾਉਂਦੇ ਈ ਰਹਿੰਦੇ ਸਨ ਕਦੇ ਗਧੇ ਨੂੰ ਸ਼ੇਰ ਦੀ ਖਲ ਪਾ ਦੇਣੀ ਤਾਂ ਸਿੱਖ ਤਾਂ ਸਿਖਣੀਆਂ ਦੇ ਹੀ ਹਨ, ਕੜਾਹ ਪ੍ਰਸ਼ਾਦ ਵਰਤਾਉਣ ਦੇ ਸਮੇਂ ਕਹਿਣਾ ਲੁੱਟ ਕੇ ਖਾ ਲਓ, ਕਾਇਰਾਂ ਨੂੰ ਸ਼ੇਰ ਬਣਾ ਦੇਣਾ, ਹਲਵਾਈ ਤੋਂ ਜਰਨੈਲ ਮਰਵਾ ਦੇਣੇ। ਜਦ ਰਣਜੀਤ ਨਗਾਰਾ ਵੱਜਦਾ ਸੀ। ਪਹਾੜੀ ਘੁਰਨਿਆਂ ਵਿਚ ਵੜ ਜਾਂਦੇ ਸਨ, ਜਿਵੇਂ ਪਰਸ ਰਾਮ ਬਾਰੇ ਸੁਣੀਦਾ ਕਿ ਉਸਦੇ ਕੁਹਾੜੇ ਅੱਗੇ ਕੋਈ ਅੜ ਨਹੀਂ ਸਕਦਾ ਸੀ, ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾਨ ਅੱਗੇ ਕੋਈ ਵੀ ਨਹੀਂ ਸੀ ਅੜ ਸਕਦਾ ਸੀ। ਜ਼ੁਲਮਾਂ ਦਾ ਟਾਕਰਾ ਕਰਨ ਲਈ ਹੀ ਨੀਤੀਆਂ ਬਣਾਈਆਂ ਉਹ ਇਕ ਉੱਚੀ ਸੋਚ ਦਾ ਸਬੂਤ ਸੀ।

ਗੁਰੂ ਗੋਬਿੰਦ ਸਿੰਘ ਜੀ ਇਕ ਅਮਲੀ ਫਿਲਾਸਫ਼ਰ ਸਨ। ਉਨ੍ਹਾਂ ਵਿਗਿਆਨਕ ਦਰਸ਼ਨ ਉਹ ਫਲਸਫ਼ਾ ਦਿੱਤਾ ਜੋ ਅਮਲ ਯੋਗ ਹੈ।

ਇਸ ਕਰਕੇ ਮੈਂ ਅਨੁਭਵ ਕਰਦਾ ਹਾਂ ਕਿ ਗੁਰੂ ਗਰੰਥ ਸਾਹਿਬ ਜੀ ਨੂੰ ਗੁਰਗੱਦੀ ਦੇਣ ਸਮੇਂ ਇਹ ਸਭ ਸਮਝ ਸੂਝਬੂਝ ਤੋਂ ਕੰਮ ਲਿਆ ਗਿਆ। ਜਿਹੜਾ ਕਿ ਮੌਕੇ ਮੁਤਾਬਕ ਢੁਕਵਾਂ ਸੀ, ਅੱਗੇ ਸ਼ਖਸੀ ਗੱਦੀ ਦੀ ਲੋੜ ਨਹੀਂ ਸੀ ਜਿਵੇਂ ਸਭ ਪਾਸੇ ਜਿਵੇਂ ਗੁਰੂ ਗਰੰਥ ਸਾਹਿਬ ਨੂੰ ਸੰਪੂਰਨਤਾ ਦਾ Status ਦੇ ਚੁੱਕੇ ਸਨ। ਪਰਿਵਾਰ ਜਾਂ ਕੁੱਲ ਵੰਸ਼ ਪਹਿਲਾਂ ਹੀ ਪੰਥ ਤੋਂ ਕੁਰਬਾਨ ਕਰ ਚੁੱਕੇ ਸਨ। ਕੀ ਸਖ਼ਸ਼ੀਅਤ ਜਾਂ ਵਿਅਕਤੀ ਦੀ ਚੋਣ ਕਰਨੀ ਬਣਦੀ ਸੀ, ਵਿਅਕਤੀ ਗੁਰੂ ਨੂੰ ਸਮੇਂ-ਸਮੇਂ ਕਿਹੜੀਆਂ ਘਟਨਾਵਾਂ ਦਾ ਸਾਹਮਣਾ ਕਰਨਾ ਪਿਆ ਉਹ ਵੀ ਧਿਆਨ ਵਿਚ ਸੀ ਕਿਉਂਕਿ ਗੁਰੂ ਸਾਹਿਬ ਜੀ ਨੇ ਇਹ ਸਪੱਸ਼ਟ ਕਰ ਦਿੱਤੀ।

ਜੋ ਹਮ ਕੋ ਪਰਮੇਸ਼ਰ ਉਚਿਰ ਹੈ ਤੇ ਸਭਿ ਨਰਕਿ ਕੁੰਡ ਮਹਿ ਪਰਿ ਹੈ
ਮੈ ਕੋ ਦਾਸੁ ਤਵਨ ਕਾ ਜਾਨੋ॥ ਯਾ ਮੈ ਭੇਦ ਨਾ ਰੰਚ ਪਛਾਨੋ।

ਨਾਲ ਹੀ ਆਖਿਆ ਕਿ–

'ਮੈਂ ਹੋ ਪਰਮ ਪੁਰਖ ਕੋ ਦਾਸਾ॥ ਦੇਖਿਨ ਆਯੋ ਜਗਤ ਤਮਾਸਾ'

ਇਸ ਗੱਲ ਤੋਂ ਸਪੱਸ਼ਟ ਹੋ ਜਾਂਦਾ ਹੈ ਮੈਂ ਇਕ ਅਕਾਲ ਪੁਰਖ ਦਾ ਭੇਜਿਆ ਹੋਇਆ ਬੰਦਾ ਹਾਂ। ਇਸ ਲਈ ਜੋ ਵੀ ਤੱਥ ਨਿਖਾਰਨੇ ਹਨ। ਅਕਾਲ ਪੁਰਖ ਦੀ ਮੌਜ ਵਿਚ ਹੀ ਰਹਿ ਕੇ ਕਰਨੇ ਹਨ। ਇਸ ਲਈ ਗੁਰੂ ਜੀ ਨੇ ਅਕਾਲ ਪੁਰਖ ਅੱਗੇ ਬੰਦਨਾ ਕੀਤੀ ਕਿ ਮੇਰੇ-ਤੇ ਬਖਸ਼ਿਸ਼ ਕਰੋ, ਯੋਗ ਅਗਵਾਈ ਦੀ ਚੋਣ ਕਰ ਸਕਾਂ।

ਜਦੋਂ ਗੁਰੂ ਜੀ ਇਕਾਂਤਵਾਸ, ਡੂੰਘੀ ਚਿੰਤਾ ਵਿਚ ਗਮਗੀਨ ਸਨ, ਬਹੁਤ ਸਾਰੇ ਪੱਖ ਉਨ੍ਹਾਂ ਦੇ ਸਾਹਮਣੇ ਸਨ। ਉਨ੍ਹਾਂ ਦਾ ਲੇਖਾ ਜੋਖਾ ਕਰਕੇ ਪੂਰੀ ਪੜਚੋਲ, ਵਿਆਖਿਆ, ਵਿਸ਼ਲੇਸ਼ਣ ਕਰਦੇ ਸਨ ਕਿ ਆਉਣ ਵਾਲੇ ਸਮੇਂ ਵਿਚ ਕਿਹੋ ਜਿਹੀਆਂ ਸਮੱਸਿਆਵਾਂ

ਦਾ ਸਾਹਮਣਾ ਕਰਨਾ ਪੈ ਸਕਦਾ ਹੈ ਆਦਿ। ਮੈਂ ਅਨੁਭਵ ਕਰਦਾ ਹਾਂ ਕਿ ਉਨ੍ਹਾਂ ਨੇ ਗੁਰੂ ਗਰੰਥ ਸਾਹਿਬ ਰੂਪੀ ਸੰਸਥਾ ਨੂੰ ਮਾਨਤਾ ਦੇਣ ਦੀ ਵਿਚਾਰ ਕੀਤੀ ਕਿ ਕੌਮ ਨੂੰ ਅਗਵਾਈ ਗੁਰੂ ਗ੍ਰੰਥ ਸਾਹਿਬ ਦੇਣ ਦੇ ਯੋਗ ਹਨ। ਜਿਹੜੇ ਇਕ ਕੌਮ, ਵਰਗ, ਸਮੁਦਾਇ ਲਈ ਤੱਥ ਚਾਹੀਦੇ ਹਨ ਤੇ ਸਿੱਖ ਇਕ ਸੰਪੂਰਨ ਕੌਮ, ਰਾਸ਼ਟਰੀਅਤਾ ਲਈ ਚਾਹੀਦੇ ਹਨ ਉਹ ਸਿੱਖ ਪੰਥ ਵਿਚ ਮੌਜੂਦ ਹਨ।

Unique Indentification ਵੱਖਰੀ ਪਛਾਣ :- ਗੁਰੂ ਜੀ ਨੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੀ ਵਿਥਿਆ ਭਾਈ ਜੈਤਾ ਜੀ ਤੋਂ ਸੁਣ ਕੇ ਮਹਿਸੂਸ ਕੀਤਾ ਕਿ ਸਿੱਖਾਂ ਨੂੰ ਵੱਖਰੀ ਪਛਾਣ ਦੀ ਜ਼ਰੂਰਤ ਹੈ, ਜਿਸ ਕਰਕੇ ਦਾੜੀ ਕੇਸ ਰੱਖਣੇ ਅੰਮ੍ਰਿਤ ਛਕਾ ਕੇ ਜ਼ਰੂਰੀ ਕਰ ਦਿੱਤੇ ਕਿ ਸਿੱਖ ਲੱਖਾਂ ਵਿਚ ਖੜੋਤਾ ਸਪੱਸ਼ਟ ਨਜ਼ਰ ਆਵੇਗਾ, ਦਾੜੀ ਕੇਸਾਂ ਦਾ ਧਾਰਨੀ ਹੋਵੇ, ਭਾਵੇਂ ਪਹਿਲੇ ਗੁਰੂ ਸਾਹਿਬਾਨ ਨੇ ਕੇਸ ਰੱਖਣ ਲਈ ਪ੍ਰੇਰਿਆ ਸੀ–

ਖਾਲਸਾ ਮੇਰਾ ਰੂਪ ਹੈ ਖਾਸ॥
ਖਾਲਸੇ ਮੈਂ ਕਰੂ ਨਿਵਾਸ॥

ਪੰਜਾ ਕਰਾਰਾ ਕੇਸ, ਕੰਘਾ, ਕੜਾ, ਕਛਹਰਾ, ਕਿਰਪਾਨ ਦਾ ਧਾਰਨੀ ਹੋਵੇ। ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਜੀ ਕਾਜ਼ੀ ਅਬਦੁਲ ਵਾਹਬ ਅੱਗੇ ਪੇਸ਼ ਕੀਤਾ ਗਿਆ। ਆਖਿਆ ਜਾਂ ਤਾਂ ਸ਼ਰਾਂ ਵਿਚ ਆਓ, ਦੀਨ ਕਬੂਲ ਕਰੋ ਜਾਂ ਪ੍ਰਾਣਾ ਨੂੰ ਗਿਆ ਸਮਝੋ। ਕਿਸੇ ਪੱਖ ਤੋਂ ਡੋਲੇ ਨਹੀਂ ਤੇ ਜਵਾਬ ਦਿੱਤਾ ਕਿ ਦਿਲੀ ਸਰੀਰ ਦੇਣ ਲਈ ਹੀ ਆਏ ਹਾਂ। ਜਲਾਲਦੀਨ ਜਲਾਦ ਨੇ ਚਾਂਦਨੀ ਚੌਂਕ ਵਿਚ ਲੋਕਾਂ ਦੇ ਭਾਰੀ ਇਕੱਠ ਵਿਚ ਸ਼ਹੀਦ ਕਰ ਦਿੱਤਾ ਤੇ ਨਾਲ ਹੀ ਐਲਾਨ ਕਰ ਦਿੱਤਾ ਕਿ ਜਿਹੜਾ ਵੀ ਇਸ ਦੇ ਸਰੀਰ ਨੂੰ ਹੱਥ ਲਗਾਏਗਾ, ਉਸਦਾ ਹਸ਼ਰ ਵੀ ਇਹੋ ਹੋਵੇਗਾ। ਸਭ ਦੇ ਮਨਾ ਵਿਚ ਡਰ ਸਹਿਮ ਪੈਦਾ ਹੋ ਗਿਆ ਜਿਨ੍ਹਾਂ ਨੇ ਸਿਰ ਤਲੀ ਤੇ ਰੱਖੇ ਹੁੰਦੇ ਹਨ ਉਹ ਕਿਸੇ ਪ੍ਰਵਾਹ ਨਹੀਂ ਕਰਦੇ। ਉਹ ਤਾਂ ਮੌਕਾ ਹੀ ਭਾਲਦੇ ਹਨ ਇਕਦਮ ਹਨੇਰੀ ਦਾ ਵਾਰੋਲਾ ਜਿਹਾ ਉਠਿਆ ਭਾਈ ਜੈਤਾ ਜੀ ਨੇ ਸੀਸ ਉਠਾ ਕੇ, ਜਮਨਾ ਪਾਰ ਕਰਕੇ, ਬਾਗਪਤ ਦੇ ਰਾਹ ਦਰਿਆ ਦੇ ਕੰਢੇ-ਕੰਢੇ ਪੰਜਾਬ ਵੱਲ ਚੱਲ ਪਏ। ਅਨੰਦਪੁਰ ਪਹੁੰਚ ਕੇ ਸੀਸ ਗੁਰੂ ਗੋਬਿੰਦ ਸਿੰਘ ਜੀ ਨੂੰ ਭੇਂਟ ਕੀਤਾ ਤੇ ਉਨ੍ਹਾਂ ਸਤਿਕਾਰ ਸਾਹਿਤ ਪ੍ਰਵਾਨ ਕਰਕੇ ਅੰਗੀਠਾ ਬਣਾਇਆ ਅਤੇ ਆਪਣੇ ਹੱਥੀਂ ਸੰਸਕਾਰ ਕੀਤਾ। ਭਾਈ ਜੈਤਾ ਜੀ ਤੋਂ ਉਥੋਂ ਸਾਰਾ ਹਾਲ ਜਾਣਿਆ। ਪੁਛਿਆ ਕਿ ਕੋਈ ਹੋਰ ਸਿੱਖ ਵੀ ਸੀ, ਉਸ ਨੇ ਕਿਹਾ ਹੋਣਗੇ ਪਰ ਪਛਾਣ ਨਹੀਂ। ਇਹ ਗੱਲ ਉਨ੍ਹਾਂ ਧੁਰ ਅੰਦਰ ਅਸਰ ਕਰ ਗਈ ਤੇ ਮੈਂ ਇਕ ਇਹ ਜਿਹਾ ਨਿਰਾਲਾ ਖਾਲਸਾ ਬਣਾਵਾਂਗਾ ਜਿਸ ਦੀ ਆਪਣੀ ਵੱਖਰੀ ਪਛਾਣ ਹੋਵੇਗੀ ਉਹਨਾਂ ਇਕ ਸੰਕਲਪ ਲੈ ਲਿਆ।

ਇਸ ਦੀ ਪੂਰਤੀ ਵਿਸਾਖੀ 1699 ਸਾਰੇ ਪਾਸੇ ਹੁਕਮਨਾਮੇ ਭੇਜੇ ਕਿ ਸਮੁੱਚਾ ਸਿੱਖ ਵਿਸਾਖੀ ਤੇ ਅਨੰਦਪੁਰ ਸਾਹਿਬ ਪੁੱਜੇ। ਇਸ ਇਕੱਠ ਵਿਚ ਖਾਲਸੇ ਦੀ ਸਿਰਜਣਾ

ਕੀਤੀ ਗਈ। ਇਕੱਠ ਵਿਚ ਸੀਸਾਂ ਦੀ ਮੰਗ ਕੀਤੀ ਗਈ, ਵਾਰੋ ਵਾਰੀ ਪੰਜ ਸਿੰਘਾਂ ਨੂੰ ਤੰਬੂ ਵਿਚ ਲੈ ਗਏ। ਉਨ੍ਹਾਂ ਨੂੰ ਇਕੋ ਜਿਹੇ ਸੁੰਦਰ ਪੁਸ਼ਾਕੇ ਪਹਿਨਾ ਕੇ ਸੰਗਤਾਂ ਦੇ ਸਾਹਮਣੇ ਲਿਆਂਦਾ, ਅੰਮ੍ਰਿਤ ਤਿਆਰ ਕੀਤਾ ਤੇ ਅੰਮ੍ਰਿਤ ਛਕਾਇਆ (ਸਿੰਘ) ਦਾ ਉਪਨਾਮ ਦਿੱਤਾ ਤੇ ਆਪੋ ਉਨ੍ਹਾਂ ਤੋਂ ਅੰਮ੍ਰਿਤ ਛਕਿਆ ਤੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣ ਗਏ।

ਵਾਹ ਵਾਹ ਗੁਰੂ ਗੋਬਿੰਦ ਸਿੰਘ, ਆਪੇ ਗੁਰੂ ਚੇਲਾ

ਰਹਿਤ ਮਰਿਆਦਾ ਦ੍ਰਿੜ ਕਰਵਾਈ। ਪੰਜਾਂ ਕਰਾਰਾਂ ਦੀ ਰਹਿਤ ਰੱਖਣੀ ਕੇਸ, ਕੰਘਾ, ਕੜਾ, ਕੱਛਾ, ਕਿਰਪਾਨ।

ਚਾਰ ਬੱਜਰ ਕਰੁਹਿਤਾ ਨਹੀਂ ਕਰਨੀਆਂ

1. ਕੇਸਾਂ ਦੀ ਬੇਅਦਬੀ ਨਹੀਂ ਕਰਨੀ
2. ਕੁਠਾ ਨਹੀਂ ਖਾਣਾ (ਹਲਾਲ)
3. ਪਰਾਈ ਇਸਤਰੀ ਜਾਂ ਪੁਰਸ਼ ਨਾ ਭੋਗਣਾ
4. ਤਮਾਕੂ ਨਾ ਵਰਤਣਾ

ਕਹਿਣੀ ਰਹੇ ਸਿੱਖ ਮੇਰਾ, ਕੇਸ ਗੁਰੂ ਦੀ ਮੋਹਰ
ਰਹਿਤ ਪਿਆਰੀ ਮੁਝਕੋ ਸਿੱਖ ਪਿਆਰਾ ਨਾਹੀ

ਗੁਰੂ ਜੀ ਨਿਯਮਬੱਧ ਢੰਗ ਨਾਲ ਕੇਸਾਂ ਨੂੰ ਲਾਜ਼ਮੀ ਕਰਾਰ ਦਿੱਤਾ। ਪਰ ਜਦੋਂ ਕੇਸਾਂ ਦੇ ਇਤਿਹਾਸਕ ਪਿਛੋਕੜ ਦੀ ਗੱਲ ਕਰਦੇ ਹਾਂ ਤਾਂ ਇਸਦੀ ਤਿਆਰੀ ਗੁਰੂ ਨਾਨਕ ਦੇਵ ਜੀ ਸਮੇਂ ਤੋਂ ਹੀ ਸ਼ੁਰੂ ਹੋ ਚੁੱਕੀ ਸੀ। ਆਪ ਅਤੇ ਆਪ ਦੇ ਸੰਗੀ ਸਾਥੀ ਜਾਂ ਕੋਈ ਵੀ ਆਪਦੇ ਸੰਪਰਕ ਵਿਚ ਆਉਂਦਾ ਕੁਦਰਤੀ ਤੌਰ ਉਸ ਉਪਰ ਆਪਣੀ ਸ਼ਖਸ਼ੀਅਤ ਦਾ ਪ੍ਰਭਾਵ ਪੈਂਦਾ ਉਹ ਦਾੜੀ ਕੇਸ ਕੱਟਣ ਬਾਰੇ ਧਿਆਨ ਹੀ ਖਤਮ ਹੋ ਜਾਂਦਾ, ਉਹਨਾਂ ਦੇ ਸਰੂਪ ਵਿਚ ਆਉਣ ਦੀ ਤ੍ਰਿਸ਼ਨਾ ਪੈਦਾ ਹੁੰਦੀ। ਇਸ ਤੋਂ ਬਾਅਦ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਦੇ ਸੇਵਕ ਸਿੱਖ, ਮੰਜੀਆਂ ਦੇ ਮੁਖੀ, ਮਸੰਦ, ਆਪਣੇ ਹੀ ਵੱਖਰੀ ਪਛਾਣ ਬਣਦੇ ਗਏ। ਇਸ ਗੱਲ ਤੋਂ ਸਪਸ਼ਟ ਹੋ ਜਾਂਦਾ ਹੈ ਬਾਬਾ ਸ੍ਰੀ ਚੰਦ ਜੀ ਗੁਰੂ ਰਾਮਦਾਸ ਜੀ ਨੂੰ ਮਿਲਣ ਰਾਮਦਾਸ ਪੁਰ ਆਏ, ਗੁਰੂ ਜੀ ਨੇ ਬਹੁਤ ਆਦਰ ਸਤਿਕਾਰ ਦਿੱਤਾ। ਉਨ੍ਹਾਂ (ਬਾਬਾ ਸ੍ਰੀ ਚੰਦ ਜੀ) ਸਵਾਲ ਕੀਤਾ ਕਿ ਦਾਹੜਾ ਕਿਉਂ ਇਤਨਾ ਲੰਮਾ ਕੀਤਾ ਹੈ। ਗੁਰੂ ਰਾਮਦਾਸ ਜੀ ਨੇ ਬਹੁਤ ਨਿਮਰਤਾ ਸਹਿਤ ਜਵਾਬ ਦਿੱਤਾ ਕਿ ਆਪ ਕੈਸੇ ਮਹਾਂਪੁਰਸ਼ਾਂ ਦੇ ਚਰਨ ਝਾੜਨ ਲਈ। ਬਾਬਾ ਸ੍ਰੀ ਚੰਦ ਜੀ ਦੇ ਚਰਨ ਝਾੜਨ ਲੱਗੇ।

ਇਕ ਪੁਛ ਦੇ ਉਤਰ ਵਿਚ ਹਰਬੰਸ ਤਪੋ ਨੂੰ ਗੁਰੂ ਅਰਜਨ ਦੇਵ ਜੀ ਨੇ ਕਿਹਾ ਕਿ ਅਸੀਂ ਕਿਰਪਾਨ ਪਹਿਨਣੀ ਹੈ ਪਰ ਹਰਗੋਬਿੰਦ ਰੂਪ ਵਿਚ ਤੇ ਉਹਨਾਂ ਨੇ ਦੋ ਕਿਰਪਾਨਾਂ ਮੀਰੀ ਤੇ ਪੀਰੀ ਦੀਆਂ ਪਹਿਨੀਆਂ। ਖਾਲਸਾ ਸਾਜਨਾ ਤੋਂ ਪਹਿਲਾਂ ਵੀ ਕੇਸਾਂ ਦਾ ਸਤਿਕਾਰ ਅਤੇ ਸੰਭਾਲ ਦੇ ਹੁਕਮ ਕਰਦੇ ਰਹਿੰਦੇ ਸਨ। ਇਕ ਵਾਰੀ ਭਰੇ

ਦਰਬਾਰ ਵਿਚ ਪੁੱਛਿਆ ਕੋਈ ਔਰਤ ਹੈ ਜਿਸਨੇ ਆਪਣੇ ਪਤੀ ਦੇ ਦਾਹੜੀ ਕੇਸ ਕੱਟਣ ਕਰਕੇ ਫਿਟਕਾਰਿਆ ਹੋਵੇ। ਇਕ ਮਾਈ ਨੇ ਕਿਹਾ ਆਪਦੀ ਕ੍ਰਿਪਾ ਨਾਲ ਇਹ ਬਲ ਮਿਲਿਆ। ਤੁਹਾਡੇ ਤੋਂ ਕੇਸਾਂ ਦੇ ਸਤਿਕਾਰ ਦੀ ਸੋਝੀ ਆਈ ਹੈ। ਫੁਰਮਾਨ ਕੀਤਾ–'ਬਗੈਰ ਦਾੜੀ ਸ਼ੈਤਾਨ'

ਇਸ ਲਈ ਕਕਾਰ ਇਕੋ ਦਿਨ ਖਾਲਸੇ ਦਾ ਅੰਗ ਨਹੀਂ ਬਣ ਗਏ, ਦੋ ਸਦੀਆਂ ਦੀ ਘਾਲਣਾ ਦਾ ਇਤਿਹਾਸ ਹੈ। ਗੁਰੂ ਨਾਨਕ ਦੇਵ ਜੀ ਨੇ ਕੇਸਾਂ ਦਾ ਸਤਿਕਾਰ ਦਰਸਾਇਆ।

ਗੁਰੂ ਰਾਮਦਾਸ ਜੀ ਨਿਮਰਤਾ ਦੇ ਪੁੰਜ ਨੇ ਕੇਸਾਂ ਦੀ ਮਹੱਤਤਾ ਹੋਰ ਵਧਾ ਦਿੱਤੀ। ਗੁਰੂ ਹਰਿ ਰਾਇ ਜੀ ਪਾਸ ਦੋ ਸ਼ਰਧਾਵਾਨ ਸਿੱਖ ਸਿਆਲਕੋਟ ਤੋਂ ਆਏ ਤਾਂ ਗੁਰੂ ਜੀ ਤੋਂ ਉਪਦੇਸ਼ ਮੰਗਿਆ ਉਨ੍ਹਾਂ ਕਿਹਾ–

1. ਕੇਸ ਨਾ ਕਟਾਉਣਾ
2. ਤਮਾਕੂ ਨਾ ਪੀਣਾ
3. ਟੋਪੀ ਨਾ ਪਹਿਨਣੀ

ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਕੀਤਾ। ਕੇਸਾਂ ਦਾ ਸਬੰਧ ਜਥੇਬੰਦੀ ਨਾਲ ਹੈ। ਕੇਸ ਰੱਖਣ ਨਾਲ ਜਥੇਬੰਦੀ ਮਜਬੂਤ ਹੁੰਦੀ ਹੈ। ਕਟਾਉਣ ਨਾਲ ਉਨੀ ਹੀ ਗੁਰੂ ਭਗਤੀ ਵਿਚ ਕਮਜ਼ੋਰੀ ਹੋਵੇਗੀ। ਸਿੱਖ ਅਵੇਸਲਾ ਨਾ ਰਹੇ। ਗੁਰੂ ਜੀ ਨੇ ਕੇਸ ਰੱਖਣ ਦਾ ਹੁਕਮ ਦਿੱਤਾ।

ਕਿਰਪਾਨ ਕੋਈ ਮਾਰੂ ਹਥਿਆਰ ਨਹੀਂ ਸਗੋਂ ਸਵੈਮਾਨ ਦਾ ਚਿੰਨ ਹੈ। ਇਸ ਦੀ ਵਰਤੋਂ ਸਤਾ ਪ੍ਰਾਪਤੀ ਲਈ ਨਹੀਂ ਸਗੋਂ ਅਤਿਆਚਾਰ ਵਿਰੁੱਧ ਵਰਤੋਂ ਕਰਨ ਲਈ। ਇਸ ਨਾਲ ਲੁਕ ਕੇ ਵਾਰ ਨਹੀਂ ਕਰਨਾ, ਵਿਸਾਹ ਨਹੀਂ ਕਰ ਸਕਦਾ। ਸਦੀਆਂ ਤੋਂ ਜ਼ੁਲਮ ਕਰਦਿਆਂ ਨੂੰ ਤੇਗ ਜਾਂ ਕਿਰਪਾਨ ਨੇ ਮੁਕਾਇਆ ਤੇ ਰਾਜਸੀ ਸੁਤੰਤਰਤਾ ਲੈ ਦਿੱਤੀ। ਕਛਿਹਰਾ ਸਦਾਚਾਰ ਦਾ ਚਿੰਨ ਹੈ ਤੇ ਧਾਰਮਕ ਤੌਰ ਤੇ ਸੁਤੰਤਰਤਾ ਦਿੱਤੀ।

ਕੜਾ– ਵਹਿਮਾਂ ਭਰਮਾਂ, ਸ਼ੰਕਿਆਂ ਨੂੰ ਖਤਮ ਕਰਨ ਦਾ ਪ੍ਰਤੀਕ ਹੈ।

ਕੰਘਾ– ਸਫਾਈ ਕਿ ਵਾਲਾਂ ਨੂੰ ਖੁੱਲ੍ਹਾ (ਜਾਂ ਝਾਟਾ ਖਿਲਾਰ ਕੇ ਨਹੀਂ ਰੱਖਣਾ) ਸਗੋਂ ਸੋਧ ਕੇ, ਵਾਹ ਕੇ, ਸੰਵਾਰ ਕੇ ਰੱਖਣਾ। ਇਸ ਤਰ੍ਹਾਂ ਗੁਰੂ ਜੀ ਨੇ ਇਕ ਵਿਲੱਖਣ ਸ਼ਖਸ਼ੀਅਤ ਨਿਖਾਰ ਦਿੱਤੀ ਉਸਨੂੰ ਗਹੁ ਨਾਲ ਵਿਚਾਰਿਆ ਜੋ ਪੱਖ ਵੱਖਰੀ ਕੌਮ ਲਈ ਲਾਜ਼ਮੀ ਤੱਤ ਹੋ ਨਿਬੜਿਆ।

Spirit ਆਤਮਕ ਬਲ :- ਭਾਰਤੀ ਸਮਾਜ ਵੱਖੋ ਵੱਖਰੇ ਧਰਮਾਂ, ਜਾਤਾਂ ਪਾਤਾਂ, ਭੇਦ ਭਾਵ, ਵਹਿਮਾਂ ਭਰਮਾਂ ਦਾ ਸ਼ਿਕਾਰ ਸੀ, ਪ੍ਰਮਾਤਮਾ ਦੇ ਰਹਿਮ ਕਰਮ ਉਪਰ ਹੀ ਵਿਸ਼ਵਾਸ਼ ਕਰਦਾ ਸੀ। ਨਿੱਜਬਲ ਖਤਮ ਹੋ ਚੁੱਕਾ ਸੀ। ਲੁੱਟ ਖਸੁੱਟ, ਸ਼ੋਸ਼ਣ ਦਾ ਸ਼ਿਕਾਰ ਸੀ। ਪਾਟੋਧਾੜ ਸੀ, ਰਾਜਨੀਤਕ ਸਤਾ, ਐਸੋਪ੍ਰਸਤੀ ਵਿਚ ਗੁਲਤਾਨ ਸੀ। ਇਨ੍ਹਾਂ ਹਾਲਤਾਂ ਦਾ ਮੌਕਾ ਉਠਾਉਂਦੇ ਹੋਏ ਜਿਹੜੇ ਵੀ ਮੁਸਲਮਾਨ ਬਾਦਸ਼ਾਹ ਆਏ ਉਨ੍ਹਾਂ ਨੇ

ਹਿੰਦੂ ਸਮਾਜ ਨੂੰ ਹਰ ਪੱਖ ਤੋਂ ਕੁਚਲਣ ਦਾ ਯਤਨ ਕੀਤਾ, ਕਿਉਂਕਿ ਕਿ ਉਨ੍ਹਾਂ ਵਿਚ ਸਾਹਸ, ਹੌਸਲਾ, ਸਵੈਵਿਸ਼ਵਾਸ਼ ਖਤਮ ਹੋ ਚੁੱਕਾ ਸੀ, ਉਹ ਹਥਿਆਰ ਉਠਾਉਣਾ ਤਾਂ ਕੀ, ਸ਼ਬਦੀ ਵਿਰੋਧ ਵੀ ਨਹੀਂ ਸੀ ਕਰ ਸਕਦੇ, ਅਲਾਉਦੀਨ ਖਿਲਜੀ ਨੇ ਆਮਦਨ ਦੇ ਉਪਰ ਕਈ ਕਰੜੇ ਕਾਨੂੰਨ ਬਣਾਏ, ਲੋਧੀ ਵੰਸ਼ ਦੇ ਸਿਕੰਦਰ ਬਾਦਸ਼ਾਹ ਨੇ ਹਿੰਦੂ ਮੰਦਰ ਢਾਹ ਕੇ ਮਸੀਤਾਂ ਬਣਾ ਦਿੱਤੀ। ਇਨਸਾਫ਼ ਕਾਜ਼ੀਆਂ ਦੇ ਹੱਥ ਸੌਂਪ ਦਿੱਤਾ। ਬਾਬਰ ਨੇ ਆ ਦੇ ਚਾਰੇ ਪਾਸੇ ਕੁਹਰਾਮ ਮਚਾ ਦਿੱਤਾ। ਤਲਵਾਰ ਦੇ ਜ਼ੋਰ ਨਾਲ ਭਾਰਤ 'ਤੇ ਕਬਜ਼ਾ ਕਰ ਲਿਆ ਸਭ ਪਾਸੇ ਲੁੱਟ ਖਸੁੱਟ ਕਰਨ ਦੀ ਖੁੱਲ੍ਹ ਦਿੱਤੀ। ਗੁਰੂ ਨਾਨਕ ਦੇਵ ਜੀ ਨੇ–

'ਪਾਪ ਕੀ ਜੰਞ ਲੈ ਕਾਬਲ ਧਾਇਆ ਜੋਰੀ ਮੰਗੇ ਦਾਨ ਵੇ ਲਾਲੋ'

ਉਸਦੇ ਰਾਜ ਵਿਚ ਲੋਕਾਂ ਦੀ ਜਾਨ ਮਾਲ ਦੀ ਕੋਈ ਸੁਰੱਖਿਆ ਨਹੀਂ ਸੀ, ਸਮਾਜ ਤਾਂ ਕੀ ਉਸਦੇ ਰਾਜਨੀਤਕ ਪ੍ਰਬੰਧਕੀ ਢਾਂਚਾ ਵੀ ਲਾ ਪਰਵਾਹ ਹੋਇਆ ਸੀ।

ਰਾਜੇ ਸ਼ੀਹ ਮੁਕੱਦਮ ਕੁੱਤੇ, ਜਾਇ ਜਗਾਈਨ ਬੈਠੇ ਸੁਤੇ ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਉਸ ਸਮੇਂ ਬਹੁਤ ਸਪੱਸ਼ਟ ਤਸਵੀਰ ਪੇਸ਼ ਕਰਦੀ ਹੈ। ਨਿਆਂ ਦੀ ਕੋਈ ਗੱਲ ਨਹੀਂ ਸੀ। ਪਾਖੰਡ ਜ਼ੋਰਾਂ 'ਤੇ ਸੀ। ਧਰਮ ਕਰਮ ਧੋਖਾ ਵਧ ਗਿਆ ਸੀ। ਫਿਰ ਥੋੜਾ ਸਮਾਂ ਸ਼ੇਰ ਸ਼ਾਹ ਸੂਰੀ ਆਇਆ ਤਾਂ ਧਾਰਮਕ ਸ਼ਹਿਣਸ਼ੀਲਤਾ ਦੀ ਨੀਂਹ ਰੱਖੀ। ਗੈਰ ਮੁਸਲਮਾਨਾਂ ਨਾਲ ਵੀ ਅੱਛਾ ਸਲੂਕ ਕੀਤਾ।

ਅਕਬਰ ਇਸ ਗੱਲ ਨੂੰ ਸਮਝ ਗਿਆ ਕਿ ਹਿੰਦੂਆਂ ਅਤੇ ਰਾਜਪੂਤਾਂ ਨਾਲ ਨਫ਼ਰਤ ਕਰਕੇ, ਮੁਗਲ ਰਾਜ ਦੀਆਂ ਨੀਂਹਾ ਪੱਕੀਆਂ ਨਹੀਂ ਹੋ ਸਕਦੀਆਂ ਧਾਰਮਕ ਉਦਾਰਵਾਦੀ ਨੀਤੀ ਚਲਾਈ। ਰਾਜਪੂਤਾਂ ਨੂੰ ਉੱਚੇ ਅਹੁਦੇ ਦਿੱਤੇ। ਗੁਰੂ ਘਰ ਨਾਲ ਸ਼ਰਧਾ ਪ੍ਰਗਟ ਕੀਤੀ। 12 ਪਿੰਡ ਪਰਗਨੇ ਝਬਾਲ ਦੇ ਅਰਪਨ ਕੀਤੇ। ਜਹਾਂਗੀਰ ਨੇ ਤਖ਼ਤ ਨਸ਼ੀਨੀ ਮਗਰੋਂ ਕੱਟੜ ਇਸਲਾਮੀ ਸ਼ਰਾਂ ਨੂੰ ਮੁੜ ਲਾਗੂ ਕੀਤਾ, ਗੁਰੂ ਹਰਗੋਬਿੰਦ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ। ਅਕਬਰ ਜਹਾਂਗੀਰ ਕਾਮ ਦੇ ਪੁਜਾਰੀ ਸਨ, ਹਰਮ ਸੁੰਦਰ ਇਸਤਰੀਆਂ ਨਾਲ ਭਰੇ ਰਹਿੰਦੇ।

ਭਾਈ ਗੁਰਦਾਸ ਜੀ ਨੇ ਲਿਖਿਆ–

'ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ'

ਸੱਚਾ ਰਾਹ ਦਿਖਾਉਣ ਵਾਲਾ ਕੋਈ ਨਹੀਂ ਸੀ। ਹਿੰਦੂ ਕੌਮ ਵਰਨਾਂ ਵਿਚ ਵੰਡੀ ਹੋਈ ਸੀ। ਧਾਰਮਕ ਅਗਵਾਈ ਕਰਨ ਵਾਲੇ ਵੀ ਭੈਭੀਤ ਹੋ ਕੇ ਜੰਗਲਾਂ ਜਾਂ ਪਹਾੜਾਂ ਵਿਚ ਜਾ ਲੁਕੇ ਅਸਲ ਗੱਲ– 'ਬਾਂਝ ਗੁਰੂ ਡੁਬਾ ਸੰਸਾਰਾ'।

ਗੁਰੂ ਨਾਨਕ ਦੇਵ ਜੀ ਨੇ ਨਿਡਰਤਾ, ਨਿਰਵੈਰਤਾ ਨਾਲ ਆਪਣੇ ਸਮੇਂ ਦੇ ਸਮਾਜਕ ਰਾਜਸੀ ਤੇ ਧਾਰਮਿਕ ਵਾਤਾਵਰਣ ਦੇ ਕੋਹੜ ਨੂੰ ਆਪਣੇ ਮਹਾਨ ਉਪਦੇਸ਼ਾਂ ਨਾਲ ਸਾਫ਼ ਕੀਤਾ ਤੇ ਕਾਜੀਆਂ, ਮੁਲਾਇਣਾ, ਪੰਡਤਾਂ, ਜੋਗੀਆਂ, ਬ੍ਰਾਹਮਣਾਂ, ਰਾਜਿਆਂ ਦੀ ਕਰੜੀ ਅਲੋਚਨਾ ਕੀਤੀ। ਇਸ ਸੰਸਾਰ ਵਿਚ ਰਹਿ ਕੇ ਕਾਰ ਵਿਹਾਰ ਕਰਕੇ, ਹੱਸਦਿਆਂ, ਖੇਡਦਿਆਂ ਅੰਗਮੀ ਜੋਤ ਨਾਲ ਇਕਮਿਕ ਹੋਣ ਦਾ ਰਾਹ ਦੱਸਿਆ, ਲੋਕਾਈ

ਵਿਚ ਜਾਗਰਤੀ ਆਉਣ ਲੱਗੀ। ਇਹ ਇਕ ਇਨਕਲਾਬੀ ਤਬਦੀਲੀ ਸੀ। ਜਨਤਾ ਇੰਨੀ ਨਿੱਘਰ ਚੁੱਕੀ ਇਕ ਦਮ ਕੋਈ ਤਬਦੀਲੀ ਨਹੀਂ ਸੀ ਆ ਸਕਦੀ। ਇਸ ਕਰਕੇ ਉਨ੍ਹਾਂ ਨੇ ਲੋਕਾਂ ਦੇ ਭਾਈਚਾਰਕ ਗੁਲਾਮੀ ਤੋਂ ਸੁਤੰਤਰ ਕਰਨ ਲਈ ਜਾਤ ਪਾਤ, ਵਹਿਮਾਂ ਭਰਮਾਂ ਨੂੰ ਤੋੜਨ ਲਈ ਅੱਗੇ ਆਏ।

ਫਕੜ ਜਾਤੀ ਫਕੜ ਨਾਉ
ਸਭਨਾਂ ਜੀਆਂ ਕਾ ਇਕਾ ਛਾਉ।

ਇਸਤਰੀ ਵਰਗ ਲਈ–

ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ

ਗੁਰੂ ਅੰਗਦ ਦੇਵ ਜੀ ਨੇ ਕੌਮ ਜਥੇਬੰਦ ਕਰਨ ਲਈ ਧਾਰਮਿਕ, ਸਰੀਰਕ ਅਤੇ ਸਭਿਆਚਾਰਕ ਸਿੱਖਿਆ ਦਿੱਤੀ।

ਗੁਰੂ ਅਮਰਦਾਸ ਜੀ ਲੰਗਰ ਪੰਗਤ ਲਾਗੂ ਕੀਤਾ ਤਾਂ ਕੋਈ ਵਿਤਕਰਾ ਨਾ ਰਹੇ। ਗੁਰੂ ਰਾਮਦਾਸ ਜੀ ਨੇ ਅੰਮ੍ਰਿਤ ਸਰੋਵਰ ਦੀ ਖੁਦਾਈ ਕਰਵਾਈ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਮੰਦਰ ਸਾਹਿਬ ਨੂੰ ਚਾਰੇ ਦਿਸ਼ਾਵਾਂ ਤੋਂ ਖੋਲ੍ਹ ਕੇ ਮਜ਼ਹਬ, ਧਰਮ, ਜਾਤੀ, ਰੰਗ,ਨਸਲ ਦੇ ਭੇਦ ਦੇ ਹੋਣ ਦੇ ਬਾਵਜੂਦ ਆਉਣ ਦੀ ਖੁਲ੍ਹ ਦਿੱਤੀ। ਸਾਂਝ ਉਤਪੰਨ ਹੋਣ ਲੱਗੀ। ਗੁਰੂ ਗਰੰਥ ਸਾਹਿਬ ਦੀ ਰਚਨਾ ਵਿਚ ਭਗਤਾ ਭੱਟਾਂ ਨੂੰ ਬਰਾਬਰ ਸਨਮਾਨ ਦੇ ਸਮਾਜ ਏਕਤਾ ਵਿਚ ਬੰਨ੍ਹ ਦਿੱਤਾ। ਪਰ ਹਾਕਮ ਜਮਾਤ ਕਿਵੇਂ ਜਰ ਸਕਦੀ ਸੀ। ਲੋਕਾਂ ਦੇ ਚੇਹਰਿਆਂ ਤੇ ਲਾਲੀ, ਬੁਲ੍ਹਾਂ ਤੇ ਮੁਸਕ੍ਰਾਹਟ ਆਵੇ। ਜਹਾਂਗੀਰ ਆਪਣੀ ਜ਼ੁਲਮੀ ਸੋਚ ਅਨੁਸਾਰ ਗੁਰੂ ਅਰਜਨ ਦੇਵ ਜੀ ਨੂੰ ਖੁਸਰੋ ਨੂੰ ਮੱਦਦ ਦਾ ਇਲਜਾਮ ਲਗਾਅ ਅਤੇ ਚੰਦੂ ਨੂੰ ਬਹਾਨਾ ਬਣਾ ਕੇ, ਤਸੀਹੇ ਦੇ ਕੇ ਸ਼ਹੀਦ ਕੀਤਾ। ਇਥੋਂ ਤਕ ਸਾਈਂ ਮੀਆਂ ਮੀਰ ਵੀ ਕੰਬ ਉਠਿਆ। ਹੁਣ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਭਾਂਪ ਲਿਆ ਕਿ ਜ਼ੁਲਮ ਦਾ ਟਾਕਰਾ ਚੁੱਪ ਸਾਧ ਕੇ ਨਹੀਂ ਹੋ ਸਕਦਾ। ਉਨ੍ਹਾਂ ਨੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ, ਫੌਜਾਂ ਤਿਆਰ ਕਰਨੀਆਂ ਆਰੰਭ ਕੀਤੀਆਂ। ਚੰਗੇ-ਚੰਗੇ ਘੋੜਿਆਂ ਦੀ ਖਰੀਦ ਹੋਣ ਲੱਗੀ। ਲਾਹੌਰ ਦਰਬਾਰ ਕਾਬਲੀ ਘੋੜੇ ਫੜ ਲਏ ਤਾਂ ਬਿਧੀ ਚੰਦ ਸ਼ਾਸ਼ਤਰ ਵਿਦਿਆ ਦੀ ਸਿਖਲਾਈ ਦਿੱਤੀ ਜਾਣਕਾਰੀ ਲੈ ਕੇ ਆਇਆ।

ਇਕ ਇਹੋ ਜਿਹਾ ਸਾਹਸ, ਆਤਮਕ ਬਲ ਪੈਦਾ ਕੀਤਾ ਕਿ ਜੋਰ ਜ਼ਬਰ ਦੇ ਵਿਰੁੱਧ ਛਾਤੀਆਂ ਤਾਣ ਸਕੇ। ਇਸ ਜਮਾਤ ਦੇ ਹੱਥ ਤਲਵਾਰਾਂ ਫੜਾਂ ਦਿੱਤੀਆਂ, ਅੰਮ੍ਰਿਤਸਰ ਲੋਹਗੜ੍ਹ ਦਾ ਕਿਲਾ ਅੰਮ੍ਰਿਤਸਰ ਦੀ ਰੱਖਿਆ ਲਈ ਬਣਾਇਆ। ਆਪ ਨੇ ਚਾਰ ਜੰਗ–

1. ਅੰਮ੍ਰਿਤਸਰ ਪਿਪਲੀ ਦੀ ਜੰਗ– ਸ਼ਾਹ ਜਹਾਨ ਦਾ ਬਾਜ਼ ਸਿੱਖਾਂ ਦੇ ਹੱਥ ਆ ਗਿਆ। ਜਿਵੇਂ ਪਤੰਗ ਦੇ ਪੇਚੇ ਦੀ ਗੱਲ ਹੁੰਦੀ ਹੈ, ਬਾਜ਼ ਸਿੱਖਾਂ ਨਾ ਦਿੱਤਾ। ਸ਼ਾਹ ਜਹਾਨ ਦਾ ਜਰਨੈਲ ਮੁਖਲਿਸ ਖਾਂ ਮਾਰੋ-ਮਾਰ ਕਰਦਾ ਆ ਗਿਆ। ਸਿੱਖਾਂ ਦੀ ਕਮਾਨ ਬਿਧੀ ਚੰਦ ਕੋਲ ਸੀ। ਤਿੰਨ ਦਿਨ ਜੰਗ ਹੁੰਦੀ ਰਹੀ ਅਖੀਰ ਮੁਖਲਿਸ ਖਾਂ ਮਾਰ ਦਿੱਤਾ ਤੇ

ਜਿੱਤ ਹੋਈ।

2. ਹਰਗੋਬਿੰਪੁਰ ਜੰਗ- ਸ਼ਾਹੀ ਮਾਮਲਾ ਉਗਰਾਹਣ ਦਾ ਠੇਕੇਦਾਰ ਭਗਵਾਨ ਦਾਸ ਘੇਰੜੀ ਖਾਹ ਮਖਾਹ ਝਗੜਾ ਕਰ ਲਿਆ ਤੇ ਮਾਰਿਆ ਗਿਆ। ਮਦਦ ਲਈ ਜਲੰਧਰ ਦਾ ਫੌਜਦਾਰ ਅਬਦੁਲ ਖਾਂ ਆ ਗਿਆ ਤਿੰਨ ਦਿਨ ਲੜਾਈ ਤੋਂ ਬਾਅਦ ਝਟਕਾ ਦਿੱਤਾ ਗਿਆ।

3. ਮਹਿਰਾਜ ਦੀ ਜੰਗ- ਕਾਬਲ ਵਾਲੇ ਘੋੜਿਆਂ ਤੋਂ ਝਗੜਾ ਵਧਿਆ। ਗੁਰੂ ਜੀ ਮਾਲਵੇ ਵਿਚ ਸਨ। ਸ਼ਾਹੀ ਫੌਜ ਨੇ ਚੜ੍ਹਾਈ ਕਰ ਦਿੱਤੀ, ਦੋ ਦਿਨ ਲੜਾਈ ਹੁੰਦੀ ਰਹੀ ਲੱਲਾ ਬੇਗ ਜਰਨੈਲ ਗੁਰੂ ਜੀ ਕੋਲ ਆਇਆ ਕਿ ਖਲਕਤ ਨੂੰ ਕਿਉਂ ਮਰਵਾਉਂਦੇ ਹੋ। ਆਪ ਮੇਰੇ ਨਾਲ ਲੜੋ। ਗੁਰੂ ਜੀ ਅਤੇ ਲੱਲਾ ਬੇਗ ਦੀ ਲੜਾਈ ਹੋਈ ਤੇ ਲੱਲਾ ਬੇਗ ਮਾਰਿਆ ਗਿਆ।

4. ਕਰਤਾਪੁਰ ਦੀ ਜੰਗ- ਗੁਰੂ ਜੀ ਪਰਿਵਾਰ ਸਮੇਤ ਕਰਤਾਰਪੁਰ ਰਹਿਣ ਲੱਗੇ। ਪੈਂਦੇ ਖਾਂ ਨੇ ਗੁਰੂ ਜੀ ਪਾਸੋਂ ਹੀ ਸਿੱਖਿਆ ਲਈ। ਪਿਪਲੀ ਜੰਗ ਵਿਚ ਸਿੱਖਾਂ ਵੱਲੋਂ ਲੜਿਆ ਤੇ ਪਰ ਹੰਕਾਰ ਆ ਗਿਆ। ਕੱਢ ਦਿੱਤਾ ਗਿਆ। ਜਲੰਧਰ ਦੇ ਫੌਜਦਾਰ ਕੋਲ ਜਾ ਕੇ ਨੌਕਰ ਹੋ ਗਿਆ। ਗੱਪਾਂ ਮਾਰਨ ਲੱਗਾ ਕਿ ਮੇਰੇ ਕਰਕੇ ਗੁਰੂ ਜੀ ਜਿੱਤੇ ਹਨ।

1634 ਵਿਚ ਮੁਗਲ ਫੌਜਾਂ ਨੇ ਸ਼ਹਿਰ ਨੂੰ ਘੇਰਾ ਪਾ ਲਿਆ। ਜੰਗ ਹੋਈ, ਭਾਵੇਂ ਧੀਰਮਲ ਗੁਰੂ ਜੀ ਦਾ ਪੋਤਾ ਪੈਂਦੇ ਖਾਂ ਨਾਲ ਜਾ ਰਲਿਆ। ਗੁਰੂ ਜੀ ਨੇ ਪਹਿਲਾ ਵਾਰ ਉਸ ਤੋਂ ਕਰਵਾਏ ਤੇ ਫਿਰ ਗੁਰੂ ਜੀ ਨੇ ਅਜਿਹਾ ਵਾਰ ਕੀਤਾ ਤਾਂ ਚਰਨਾਂ ਵਿਚ ਡਿੱਗ ਪਿਆ। 'ਮੁਆਫ਼ ਕਰੋ ਜੀ' ਸਾਰੀਆਂ ਫੌਜਾਂ ਭੱਜ ਗਈਆਂ। ਉਸ ਤੋਂ ਬਾਅਦ ਕੀਰਤਪੁਰ ਜਾਂਦਿਆਂ ਨੂੰ ਫਗਵਾੜੇ ਲਾਗੇ ਪਠਾਣਾਂ ਨੇ ਰੋਕਿਆ। ਪਠਾਣਾਂ ਨਾਲ ਟੱਕਰ ਹੋਈ ਤੇ ਮਾਰੇ ਗਏ। ਉਥੇ ਗੁਰਦੁਆਰਾ ਸ਼ਹੀਦਾਂ ਹੈ।

ਜਹਾਂਗੀਰ ਦੇ ਸ੍ਰੀ ਗੁਰੂ ਹਰਗੋਬਿੰਦ ਜੀ ਨਾਲ ਚੰਗੇ ਸਬੰਧ ਬਣ ਗਏ। ਉਨ੍ਹਾਂ ਨੇ ਹੀ ਗਵਾਲੀਅਰ ਦੇ ਕਿਲੇ ਤੋਂ ਪਹਾੜੀ ਰਾਜੇ ਛੁਡਵਾਏ। ਜਦ ਜਹਾਂਗੀਰ ਅੰਮ੍ਰਿਤਸਰ ਆਇਆ, ਦੇਖਦਾ ਕਿ ਗੁਰੂ ਜੀ, ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਅਕਾਲ ਤਖ਼ਤ ਦੀ ਉਸਾਰੀ ਕਰ ਰਹੇ ਹਨ। ਕਹਿੰਦਾ ਕਹੋ ਤਾਂ ਅਕਾਲ ਤਖ਼ਤ ਆਪਣੇ ਖਰਚੇ ਤੇ ਬਣਵਾ ਦੇਵਾਂ। ਇਨ੍ਹਾਂ ਕਿਹਾ, ਨਿਆਂ ਅਤੇ ਧਰਮ ਦਾ ਤਖ਼ਤ ਹੈ, ਧਰਮ ਦੀ ਕਿਰਤ ਨਾਲ ਬਣਨਾ ਚਾਹੀਦਾ ਹੈ।

ਬਾਬਾ ਬੁੱਢਾ ਜੀ ਦੇ ਦੇਹਾਂਤ ਤੋਂ ਬਾਅਦ ਭਾਈ ਗੁਰਦਾਸ ਜੀ ਹਰਮੰਦਰ ਸਾਹਿਬ ਦੇ ਗ੍ਰੰਥੀ ਥਾਪੇ ਗਏ ਸਨ। 1630 ਵਿਚ ਹਰਗੋਬਿੰਦਪੁਰ ਦਾ ਯੁੱਧ ਹੋਇਆ। 1634 ਵਿਚ ਕਰਤਾਰਪੁਰ ਦਾ ਯੁੱਧ ਹੋਇਆ। ਕਰਤਾਰਪੁਰ ਦੇ ਯੁੱਧ ਸਮੇਂ ਜੋ ਹਰਗੋਬਿੰਦ ਜੀ ਨੇ ਬਹਾਦਰੀ ਤੇ ਵੀਰਤਾ ਦੇ ਆਧਾਰ ਤੇ ਭਾਈ ਗੁਰਦਾਸ ਜੀ ਨੇ ਲਿਖਿਆ-

'ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰ ਉਪਕਾਰੀ'

ਲੋਕਾਂ ਨੂੰ ਅਣਖ ਲਈ ਡਟਣ ਦੇ ਮਰਨ ਦਾ ਉਤਸ਼ਾਹ ਪੈਦਾ ਹੋ ਗਿਆ। ਆਪਣੇ

ਤਬ ਸੁੰਨਤ ਕੋਇ ਨਾ ਕਰਿ ਸਕੇ ਕਾਂਪਿਉ ਤੁਰਕਾਨਾ॥

ਤਖ਼ਤ 'ਤੇ ਬੈਠਦਿਆਂ ਨੇ, ਗੁਰੂ ਗੋਬਿੰਦ ਸਿੰਘ ਜੀ ਨੇ ਸੰਸਕਾਰ ਕਰਨ ਤੋਂ ਬਾਅਦ ਕਿਹਾ। ਹੁਣ ਸ਼ੋਕ ਕਰਨ ਦਾ ਸਮਾਂ ਨਹੀਂ ਸਗੋਂ ਸ਼ੁਕਰ ਕਰੋ ਉਨ੍ਹਾਂ ਦੇ ਪੂਰਨਿਆਂ 'ਤੇ ਤੁਰਨ ਦਾ ਪ੍ਰਣ ਕਰੋ। ਕੇਸ ਰੱਖੋ ਦਾ ਹੁਕਮ ਵੀ ਦਿੱਤਾ।

..... ਗੁਰੂ ਗੋਬਿੰਦ ਸਿੰਘ ਨੇ ਰਾਜਿਆਂ, ਹੰਕਾਰੀਆਂ ਤੇ ਪੰਡਤਾਂ ਦਾ ਭਰਮ ਤੋੜਨ ਲਈ ਕਿਹਾ–

ਇਨਹੀ ਕੋ ਸਰਦਾਰ ਬਣਾਊ
ਤਬੈ ਗੋਬਿੰਦ ਸਿੰਘ ਨਾਮ ਕਹਾਊ।

ਭੰਗਾਣੀ ਦੇ ਯੁੱਧ ਨੂੰ ਜਿੱਤਣ ਤੋਂ ਬਾਅਦ ਅਕਾਲ ਪੁਰਖ ਨੂੰ ਕਿਹਾ–

ਭਈ ਜੀਤ ਮੇਰੀ
ਕ੍ਰਿਪਾ ਕਾਲ ਕੇਰੀ।

ਆਪ ਅੰਮ੍ਰਿਤ ਛਕਿਆ ਤੇ ਛਕਾਇਆ।

ਵਾਹੁ ਵਾਹੁ ਗੁਰੂ ਗੋਬਿੰਦ ਸਿੰਘ ਆਪ ਗੁਰ ਚੇਲਾ

ਗੁਰੂ ਗੋਬਿੰਦ ਸਿੰਘ ਜੀ ਨੇ ਅਸੰਭਵ ਨੂੰ ਸੰਭਵ ਕਰਨ ਦੀ ਆਤਮਕ ਬਲ ਪੈਦਾ ਕੀਤਾ–

ਭੇੜੋ ਕੋ ਮੈ ਸ਼ੇਰ ਬਨਾਊ
ਚਿੜੀਓ ਸੇ ਮੈ ਬਾਜ ਤੜਾਊ
ਸਵਾ ਲਾਖ ਸੇ ਏਕ ਲੜਾਊ
ਤਬੈ ਗੋਬਿੰਦ ਸਿੰਘ ਨਾਮ ਕਹਾਊ

ਭੰਗਾਣੀ ਦਾ ਯੁੱਧ, ਅਨੰਦਪੁਰ ਦੀਆਂ ਚਾਰ ਜੰਗਾਂ, ਮੁਕਤਸਰ ਦੀ ਜੰਗ ਸਭ ਕੁਝ ਲੁੱਟ ਲੁਟਾ ਕੇ ਫਤਹਨਾਮਾ ਲਿਖਿਆ।

ਇਸ ਆਤਮਕ ਬਲ ਨੇ ਹੀ ਬੰਦਾ ਬਹਾਦਰ ਪੁਲਾਂਘਾ ਪੁੱਟਦਾ ਪੰਜਾਬ ਵਿਚ ਬਦਲਾ ਲੈਣ ਆਇਆ। ਆਤਮਕ ਬਲ ਦਾ ਕੋਈ ਸਾਰ ਨਹੀਂ। ਨਾਲ ਹੀ ਆਤਮਕ ਸਵੈ ਸੰਜਮ ਲਈ ਵੀ ਵਰਤਣਾ, ਕਾਹਲੀ ਨਾਲ ਆਪਾ ਨਹੀਂ ਖੋਹਣਾ, ਜਦੋਂ ਸਭ ਹੀਲੇ ਵਸੀਲੇ ਨਿਸਫਲ ਹੋ ਜਾਣ–

ਜਬ ਆਵ ਕੀ ਆਉਦ ਨਿਦਾਨ ਬਨੇ
ਅਤਿ ਹੀ ਰਨ ਮੈ ਤਬ ਜੂਝ ਮਰੋ

ਇਕ ਵਾਰ ਸਿੱਖ ਸ਼ਿਕਾਰ ਖੇਡਦੇ ਸੀ। ਇਕ ਬ੍ਰਾਹਮਣ ਨੇ ਤੇਲ ਵਿਚ ਸਿੱਕਾ ਪਾਉਣ ਲਈ ਕਿਹਾ, ਸਿੱਖਾਂ ਨੇ ਠਰੰਮੇ ਨਾਲ ਕਿਹਾ ਚਲੇ ਜਾਓ, ਉਹ ਹਟਿਆ ਨਾ ਤਾਂ ਸਿੰਘਾਂ ਨੇ ਤੇਲ ਵਾਲਾ ਬਾਟਾ ਖੋਹਲਿਆ ਤੇਲ ਦੇ ਪਕੌੜੇ ਤਲੇ ਤੇ ਮਾਇਆ ਗੋਲਕ ਵਿਚ ਪਾ ਦਿੱਤੀ। ਸਾਰੀ ਬਾਰਤਾ ਗੁਰੂ ਜੀ ਨੂੰ ਸੁਣਾਈ। ਗੁਰੂ ਜੀ ਨੇ ਕਿਹਾ ਤੁਸੀਂ ਵਹਿਮਾਂ ਦੀ ਲੜਾਈ ਜਿੱਤ ਲਈ ਹੈ। ਕਿਹਾ ਬਾਟੇ ਦੇ ਕੜੇ ਬਣਾ ਲਓ ਤਾਂ ਕਿ ਸਿੱਖ

ਕੜੇ ਦਾ ਧਾਰਨੀ ਹੋਵੇ। ਪਤਾ ਲੱਗੇ ਸਿੱਖ ਵਹਿਮ ਨਹੀਂ ਮੰਨਦੇ।

ਗੁਰੂ ਜੀ ਇਸਤਰੀ ਮਰਦ ਬਰਾਬਰੀ ਦੀ ਰੀਤ ਜੋ ਗੁਰੂ ਨਾਨਕ ਦੇਵ ਜੀ ਨੇ ਚਲਾਈ ਸੀ ਪਰਪੱਕ ਕੀਤੀ। ਇਸਤਰੀ ਅਤੇ ਮਰਦਾਂ ਨੂੰ ਬਰਾਬਰ ਅੰਮ੍ਰਿਤ ਦਾ ਹੱਕਦਾਰ ਬਣਾ ਦਿੱਤਾ। ਅੰਮ੍ਰਿਤ ਛਕ ਸਿੰਘਣੀਆਂ ਸ਼ੇਰਨੀਆਂ ਬਣ ਗਈਆਂ।

ਮਰਿਆਦਾ :- ਰੀਤੀ ਰਿਵਾਜ਼ ਪ੍ਰੰਪਰਾਵਾਂ, ਕਦਰਾਂ-ਕੀਮਤਾਂ, ਸਮਾਜਿਕ ਨਿਯਮ ਰਹਿਣੀ ਬਹਿਣੀ, ਖਾਣ-ਪੀਣ, ਮੇਲ ਮਿਲਾਪ, ਬੋਲਚਾਲ, ਮਾਨ ਸਨਮਾਨ ਦੇ ਢੰਗ, ਵਿਆਹ ਸ਼ਾਦੀ, ਮਰਨੇ ਜੰਮਣੇ ਦੇ ਵਿਹਾਰ, ਕਾਰਜ ਅਰੰਭ ਕਰਨੇ, ਸਮਾਪਤ ਕਰਨੇ ਆਦਿ ਮਰਿਆਦਾ ਕਹੀ ਜਾ ਸਕਦੀ ਹੈ। ਸਮਾਜ, ਰਾਜ ਦੇ ਵਿਕਸਤ ਹੋਣ ਵਿਚ ਇਸਦਾ ਬਹੁਤ ਯੋਗਦਾਨ ਹੈ। ਮੁੱਢ ਕਦੀਮ ਤੋਂ ਮਨੁੱਖੀ ਪ੍ਰਾਣੀ ਜਿਥੇ ਵੀ ਦਰਿਆ ਕੰਢੇ, ਜੰਗਲ, ਪਹਾੜ ਮੈਦਾਨ ਵਿਚ, ਆਪਣੀਆਂ ਸੁਭਾਵਿਕ ਅਤੇ ਆਰਥਕ ਲੋੜਾਂ ਦੀ ਪੂਰਤੀ ਲਈ ਇਕੱਠੇ ਰਹਿਣ ਲਈ ਪ੍ਰੇਰਿਆ। ਇਨ੍ਹਾਂ ਇਕੱਠਾਂ ਵਿਚ ਮਨੁੱਖ ਲੜਾਈ, ਝਗੜੇ, ਲੁੱਟ ਖੋਹ ਤੋਂ ਹਟ ਕੇ ਸਭਿਅਕ ਸਮਾਜ ਵੱਲ ਵਧਿਆ ਤੇ ਆਪਣੇ ਰਹਿਣ-ਸਹਿਣ ਲਈ ਕੁਝ ਨਿਯਮ ਬਣਾਏ ਤੇ ਸਮਾਜਕ ਪ੍ਰਾਣੀ ਉਨ੍ਹਾਂ ਨੂੰ ਮੰਨਣ ਲੱਗ ਪਏ, ਹਰ ਸਮਾਜਿਕ ਪ੍ਰਾਣੀ ਲਈ ਮੰਨਣਾ ਜ਼ਰੂਰੀ ਹੋ ਗਿਆ। ਸਮਾਜ ਚੱਲਦਾ ਰਿਹਾ। ਕੁਝ ਸਮੇਂ ਪਾ ਕੇ ਜ਼ੋਰ, ਜ਼ਬਰ, ਤਾਕਤਵਰ, ਹੰਕਾਰੀ ਉਲੰਘਣਾ ਕਰਨ ਲੱਗੇ ਤੇ ਰੋਕਣ ਲਈ ਸੰਗਠਨ ਸਮਾਜ ਵੱਲ ਵੱਧ ਤੁਰੇ। ਪਾਲਣਾ ਕਰਨੀ ਜ਼ਰੂਰੀ ਕਰ ਦਿੱਤੀ। ਰਾਜ ਹੋਂਦ ਵਿਚ ਆ ਗਿਆ। ਜਦੋਂ ਰਾਜਾ ਨੇ ਉਨ੍ਹਾਂ ਨਿਯਮਾਂ, ਪ੍ਰੰਪਰਾਵਾਂ, ਰੀਤੀ ਰਿਵਾਜ਼ ਨੂੰ ਮਾਨਤਾ ਦੇ ਦਿੱਤੀ ਤਾਂ ਕਾਨੂੰਨ ਹੋਂਦ ਵਿਚ ਆ ਗਿਆ।

ਇਸ ਤਰ੍ਹਾਂ ਹੀ ਕੁਝ ਸਮਾਜਿਕ ਕੁਰੀਤੀਆਂ ਨੂੰ ਵੇਖ ਕੇ ਹੋਏ, ਵਧੀਆ ਸਮਾਜ ਸਥਾਪਤ ਕਰਨ ਲਈ। ਧਾਰਮਕ ਆਗੂ ਜਾਂ ਸੁਧਾਰਕ ਅੱਗੇ ਆਏ ਤਾਂ ਉਨ੍ਹਾਂ ਦੇ ਅਨੁਯਾਈਆਂ ਨੇ ਉਨ੍ਹਾਂ ਦੇ ਪਰਵਚਨਾਂ ਨੂੰ ਮੰਨਣ ਦੇ ਸੰਕੇਤ ਦਿੱਤੇ। ਸਹਿਮਤੀ ਪ੍ਰਗਟਾਈ ਤੇ ਉਹ ਇਕ ਵੱਖਰਾ ਧਰਮ ਜਾਂ ਵਰਗ ਵਿਕਸਤ ਹੋ ਗਿਆ। ਹੌਲੀ-ਹੌਲੀ ਇਹੋ ਜਿਹੀ ਸਥਿਤੀ ਪੈਦਾ ਹੋ ਗਈ ਜੇਕਰ ਕੋਈ ਉਲੰਘਣਾ ਕਰੇ ਤਾਂ ਕੋਈ ਵੀ ਸਜ਼ਾ ਦਿੱਤੀ ਜਾਵੇ, ਜਿਹੜਾ ਕੋਈ ਉਲੰਘਣਾ ਕਰਦਾ ਫਿਰਕੇ ਵਿਚੋਂ ਕੱਢ ਦਿੱਤਾ ਜਾਂਦਾ। ਸਮਾਜਿਕ ਬਾਈਕਾਟ ਕੀਤਾ ਜਾਣ ਲੱਗਾ ਜਿਹੋ ਜਿਹੇ ਉਨ੍ਹਾਂ ਨੇ ਸੰਸਕਾਰ ਅਪਣਾਏ ਉਹ ਦੂਜਿਆਂ ਨਾਲੋਂ ਅਲੱਗ ਹੋ ਗਏ ਜਿਸ ਤਰ੍ਹਾਂ ਹਿੰਦੂ, ਬੋਧੀ, ਜੈਨੀ, ਇਸਾਈ, ਮੁਸਲਮਾਨ, ਸਿੱਖ ਪਾਰਸੀ, ਯਹੂਦੀ ਆਦਿ ਦੇ ਆਪਣੇ-ਆਪਣੇ ਵਿਹਾਰ ਨਿਯਮ ਹਨ। ਉਨ੍ਹਾਂ ਨੂੰ ਆਪਣਾ-ਆਪਣਾ ਨਾਮ ਦਿੱਤਾ ਜਾਂਦਾ ਹੈ। ਹਿੰਦਨੂੰ ਰਹੁ ਰੀਤਾਂ ਮੁਸਲਮਾਨ 'ਸ਼ਰਾ' ਫਤਵੇ ਦਿੱਤੇ ਜਾਂਦੇ, ਜਿਵੇਂ ਹਰਿਆਣੇ ਵਿਚ ਜੱਟ ਖੱਪ ਪੰਚਾਇਤਾਂ ਰਾਹੀਂ ਬਰਾਦਰੀ ਲਈ ਹੁਕਮ ਦਿੱਤੇ ਜਾਂਦੇ ਹਨ ਸਿੱਖ ਧਰਮ ਵਿਚ ਅਸੀਂ ਮਰਿਆਦਾ ਦਾ ਨਾਮ ਦਿੱਤਾ ਗਿਆ। ਇਸਦਾ ਜਦੋਂ ਇਤਿਹਾਸਕ ਪੱਖ ਲੱਭੀਏ ਤਾਂ ਸਿੱਖ ਗੁਰੂ ਸਾਹਿਬਾਨ ਨੇ ਵਧੀਆ ਸੁਚਾਰੂ ਢੰਗ ਨਾਲ ਸਿੱਖ ਸਮਾਜ ਨੂੰ ਚਲਾਉਣ ਲਈ ਸੁਝਾਅ ਜਾਂ ਆਦੇਸ਼ ਦਿੱਤੇ। ਉਨ੍ਹਾਂ ਦੇ ਅਨੁਯਾਈਆਂ

ਜਾਂ ਸਿੱਖਾਂ ਨੇ ਮੰਨਣਾ ਸ਼ੁਰੂ ਕਰ ਦਿੱਤਾ ਉਹ ਹਰ ਇਕ ਦੀ ਪਰਪੱਕ ਸੋਚ ਬਣ ਗਈ, ਮਰਿਆਦਾ ਪੂਰਵਕ ਜੀਵਨ ਜੀਉਣਾ ਚਾਹੀਦਾ ਹੈ। ਜੇਕਰ ਕੋਈ ਉਲੰਘਣਾ ਕਰਨ ਜਾਂ ਅਪਣਾਉਂਦਾ ਨਹੀਂ ਤਾਂ ਅਸੀਂ ਬੁਰਾ ਮਨਾਉਂਦੇ ਹਾਂ। ਮੰਨਣ ਲਈ ਉਪਦੇਸ਼ ਦਿੰਦੇ ਹਾਂ।

ਪਹਿਲੇ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਰਤ ਕਰਨਾ, ਨਾਮ ਜਪਣਾ, ਵੰਡ ਛਕਣਾ ਦਾ ਸੰਕਲਪ ਚਲਾਇਆ। ਹੌਲੀ-ਹੌਲੀ ਸਿੱਖ ਸੋਚਣ ਲੱਗੇ ਹਰ ਇਕ ਨੂੰ ਕਿਰਤ ਕਰਨੀ ਚਾਹੀਦੀ ਹੈ, ਵਿਹਲੜ ਨੂੰ ਦੁਰਕਾਰਨ ਲੱਗੇ ਨਾਮ ਜਪਣਾ ਸ਼ਬਦ ਗੁਰੂ ਨਾਲ ਜੁੜਨਾ, ਸੁਵੱਖਤੇ ਉੱਠਣਾ ਇਸ਼ਨਾਨ ਕਰਨਾ, ਨਿਤਨੇਮ ਕਰਨਾ, ਦੇਹ ਅਰੋਗਤਾ ਲਈ ਵੀ ਜ਼ਰੂਰੀ ਹੈ। ਵੰਡ ਛਕਣਾ, ਉਸਾਰੂ ਸਮਾਜ ਲਈ ਲੁੱਟ ਖਸੁੱਟ, ਸ਼ੋਸ਼ਣ ਦੇ ਵਿਰੁੱਧ ਸੰਕੇਤ ਹੈ। ਸਮਾਜਕ ਜਾਤਾ ਪਾਤਾਂ, ਵਹਿਮਾਂ ਭਰਮਾਂ ਦੇ ਵਿਰੁੱਧ ਆਵਾਜ਼ ਉਠਾਈ ਤਾਂ ਇਸਦਾ ਸਿੱਟਾ ਇਹ ਹੈ ਕਿ ਸਿੱਖ ਸਮਾਜ ਜਾਤ ਪਾਤ, ਛੂਤ ਛਾਤ ਆਦਿ ਦੇ ਵਿਤਕਰੇ ਨੂੰ ਕੋਈ ਥਾਂ ਨਹੀਂ। ਵਹਿਮ ਭਰਮ, ਮੜੀਆਂ ਮਸਾਣਾ ਦੀ ਪੂਜਾ ਸਿੱਖ ਧਰਮ ਵਿਚ ਗੁਨਾਹ ਮੰਨੀ ਜਾਂਦੀ ਹੈ। ਇਸਤਰੀ ਜਾਤੀ ਨੂੰ ਵਿਸ਼ੇਸ਼ ਸਥਾਨ ਦੇ ਹੱਕ ਵਿਚ ਅਵਾਜ਼ ਉਠਾਈ।

ਸੋ ਕਿਉ ਮੰਦਾ ਆਖੀਐ ਜਿਤ ਜੰਮਹਿ ਰਾਜਾਨ।

ਸਿੱਖਾਂ ਦੀ ਸੋਚ ਬਣ ਚੁੱਕੀ ਹੈ ਕਿ ਕੁੜੀ ਮਾਰਨਾ, ਬੇਪਤੀ ਕਰਨਾ ਵਰਜਿਤ ਹੈ। ਗੁਰੂ ਅਮਰਦਾਸ ਜੀ ਨੇ ਜਾਤਪਾਤ ਦੇ ਖਾਤਮੇ ਲਈ ਲੰਗਰ ਤੇ ਪੰਗਤ ਦੀ ਮਰਿਆਦਾ ਬਹੁਤ ਜ਼ੋਰਦਾਰ ਤਰੀਕੇ ਨਾਲ ਚਲਾਈ। ਪਹਿਲਾਂ ਲੰਗਰ ਛਕੋ, ਫਿਰ ਦਰਸ਼ਨ ਕਰੋ। ਜਾਤਪਾਤ ਨੂੰ ਸਿਰੇ ਤੋਂ ਨਕਾਰਦੇ ਹੋਏ, ਅੰਤਰਜਾਤੀ ਵਿਆਹ ਦ ਪ੍ਰਥਾ ਚਲਾਈ ਜਿਵੇਂ ਕੁਸ਼ਟੀ ਪ੍ਰੇਮਾ ਦੇ ਠੀਕ ਹੋਣ ਤੋਂ ਬਾਅਦ ਸ਼ੀਹੇ ਉਪਲ ਦੀ ਲੜਕੀ ਨਾਲ ਵਿਆਹ ਕੀਤਾ। ਆਪਣੀਆਂ ਬੇਟੀਆਂ, ਸਪੁੱਤਰੀਆਂ ਬੀਬੀ ਦਾਨੀ, ਬੀਬੀ ਭਾਨੀ ਦਾ ਵਿਆਹ ਜਾਤ ਪਾਤ ਪੁੱਛਣ ਤੋਂ ਬਗੈਰ ਕੀਤੇ। ਸਤੀ ਦੀ ਪ੍ਰਥਾ ਖਤਮ ਕਰਨ ਲਈ ਖਾਸ ਧਿਆਨ ਦਿੱਤਾ-

ਸਤੀਆ ਏਹਿ ਨਾ ਆਖੀਅਨਿ ਜੋ ਮਰਿਆ ਲਗਿ ਜਲੰਨਿ।
ਨਾਨਕ ਸਤੀਅਨ ਜਾਣੀਆਨ ਜਿ ਬਿਰਹੇ ਚੋਟ ਮੰਰਨਿ

ਪਰਦਾ, ਘੁੰਡ ਆਦਿ ਨੂੰ ਦੂਰ ਕੀਤਾ। ਲੰਗਰ, ਪੰਗਤ, ਸੰਗਤ ਵਿਚ ਪਰਦਾ ਨਹੀਂ ਇਸੇ ਤਰ੍ਹਾਂ ਹਰੀਪੁਰ ਦੇ ਰਾਜੇ ਅਤੇ ਰਾਣੀਆਂ ਨੇ ਪਰਦਾ ਚੁੱਕ, ਪੰਗਤ ਵਿਚ ਬੈਠ ਕੇ ਲੰਗਰ ਛਕਿਆ। ਸਮਾਜ ਵਿਚ ਬੰਦੇ ਦੀ ਮੌਤ ਮਗਰੋਂ ਕਈ ਭੈੜੀਆਂ ਰਸਮਾ ਕੀਤੀਆਂ ਜਾਂਦੀਆਂ ਸਨ। ਆਪ ਨੇ ਇਨ੍ਹਾਂ ਦੀ ਮਨਾਹੀ ਅਤੇ ਗੁਰਮਰਿਆਦਾ ਕਾਇਮ ਕੀਤੀ।

ਸਤਿਗੁਰੂ ਬੋਲਿਆ ਮੈਂ ਪਿਛੈ ਕੀਰਤਨ ਕਰਿਅਹੁ ਨਿਰਬਾਣ ਜੀਉ
ਕੇਸੋ ਗੁਪਾਲ ਪੰਡਤਿ ਸਦਿਆਹੁ ਹਰਿ ਹਰਿ ਕਥਾ ਪੜਹਿ ਪੁਰਾਣ ਜੀਓ

ਰਾਮਕਲੀ ਸਦੁ ਅੰਗ-923

ਰਾਗੁ ਬਡਹੰਸ ਮਹਲਾ ਘਰ 5 ਅਲਾਹਣੀਆ ਅੰਗ 578-582
ੴ ਸਤਿਗੁਰ ਪ੍ਰਸਾਦਿ
ਧੰਨ ਸਿਕੰਦਾ ਪਾਤਿਸਾਹੁ ਜਿਨਿ ਜਗੁ ਧੰਧੇ ਲਾਇਆ॥
ਮੁਹਲਿਤ ਪੁਨੀ ਭਰੀ ਜਾਨੀਅੜਾ ਘਤਿ ਚਲਾਇ॥
ਸਦੜੇ ਆਏ ਤਿਨਾ ਜਾਨੀਆ ਹੁਕਮਿ ਸਚੇ ਕਰਤਾਰੋ॥
ਨਾਰੀ ਪੁਰਖ ਵਿਛੁੰਨਿਆ ਵਿਛੁੜਿਆ ਮੇਲਣ ਹਾਰੋ॥

ਬਾਬਾ ਨਾਂਗੜਾ ਆਇਆ ਜਗ ਮਹਿ ਦੁਖ ਸੁਖ ਲੇਖ ਲਿਖਾਇਆ॥
ਲਿਖਿੜਿਆ ਸਾਹਾ ਨਾ ਟਲੈ ਜੇਹੜਾ ਪੁਰਬਿ ਕਮਾਇਆ॥

ਪਰਾਈ ਨਿੰਦਾ, ਚੁਗਲੀ ਨੂੰ ਪੂਰੀ ਤਰਾ ਦੁਰਕਾਰਿਆ
ਪਰਾਈ ਜੋ ਨਿੰਦਾ ਚੁਗਲੀ ਨੋ ਬੇਮੁਖ ਕਹਿ ਕੇ ਭੇਜਿਆ
ਉਥੇ ਭੀ ਮੁਹੁ ਕਾਲਾ ਦੁਹਾ ਵੇਮੁਖਾ ਦਾ ਕਰਾਇਆ॥

ਗੁਰੂ ਅੰਗਦ ਦੇਵ ਜੀ ਨੇ ਭਾਈ ਲਹਿਣੇ ਵਜੋਂ ਗੁਰਸਿੱਖ ਹੋਣ ਦਾ ਇਤਿਹਾਸ ਸਿਰਜਿਆ। ਉਸਦੇ ਸਿੱਟੇ ਗੁਰੂ ਅਮਰਦਾਸ ਸਮੇਂ ਨਿਕਲਿਆ। ਗੁਰੂ ਦਾ ਅੰਗ ਬਣਨ ਲਈ ਗੁਰੂ ਦੇ ਹਰ ਇਕ ਹੁਕਮ ਦੀ ਪਾਲਣਾ ਕਰਨੀ ਚਾਹੀਦੀ ਹੈ। ਪੁੱਤਰ ਤੇ ਸਪੁੱਤਰੀ ਜਨਮ ਨਾਲ ਨਹੀਂ, ਕਰਮ ਨਾਲ ਸਪੁੱਤਰ ਸਪੁੱਤਰੀ ਬਣਦੇ ਹਨ।

'ਬਾਬਣੀਆਂ ਕਹਾਣੀਆ ਪੁਤ ਸਪੁਤ ਕਰੈਨਿ'

ਗੁਰੂ ਰਾਮ ਦਾਸ ਜੀ ਅੰਮ੍ਰਿਤ ਵੇਲੇ ਜਾਗਣ, ਨਾਮ ਸਿਮਰਨ, ਸਿਰਫ਼ ਸਿੱਖਾਂ ਲਈ ਹੀ ਨਹੀਂ ਸਮੁੱਚੀ ਮਨੁੱਖਤਾ ਲਈ ਹੈ। ਗੁਰੂ ਰਾਮਦਾਸ ਜੀ ਨੇ ਸਿੱਖ ਦੇ ਨਿੱਤਨੇਮ ਨੂੰ ਜ਼ਰੂਰੀ ਕਰ ਦਿੱਤਾ ਭਾਵੇਂ ਕਿ ਇਹ ਮਰਿਆਦਾ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਕੀਤੀ ਸੀ।

ਗੁਰ ਸਤਿਗੁਰ ਦਾ ਜੋ ਸਿੱਖ ਅਖਾਏ, ਸੁ ਭਲਕੇ ਉਠਿ ਹਰ ਨਾਮ ਧਿਆਵੈ।
ਉਦਮੁ ਕਰੇ ਭਲਕੇ ਪਰਭਾਤੀ, ਇਸ਼ਨਾਨ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸ਼ ਗੁਰੂ ਹਰਿ ਹਰਿ ਜਪੁ ਜਾਪੇ ਸਭਿ ਦਿਲ ਬਿਖ ਪਾਪ ਦੇਖ ਲਹਿ ਜਾਵੈ।
ਫਿਰ ਚੜੇ ਦਿਵਸੁ ਗੁਰਬਾਣੀ ਗਾਵੈ ਬਹਿਦਿਆ ਉਠਦਿਆ ਹਰਿ ਨਾਮ ਧਿਆਵੈ।
ਸੋ ਸਾਸਿ ਗਰਾਸਿ ਪਿਆਰੇ ਮੇਰਾ ਹਰਿ ਹਰਿ ਸੋ ਗੁਰਸਿਖ ਗੁਰੂ ਮਨਿ ਭਾਵੈ।
ਜਿਸਨੂੰ ਦਿਆਲ ਹੋਵੇ ਮੇਰਾ ਸੁਆਮੀ ਜਿਸ ਗੁਰਸਿਖ ਗੁਰੂ ਉਪਦੇਸ਼ ਸੁਣਾਵੈ॥
ਜਨੁ ਨਾਨਕ ਧੂੜਿ ਮੰਗੇ ਤਿਸੁ ਗੁਰਸਿਖ ਕੀ ਜੋ ਆਪ ਜਪੇ ਅਵਰਹ ਨਾਮ ਜਪਾਵੈ।

ਆਪ ਨੇ ਹੁਕਮ ਕੀਤਾ ਕਿ ਗੁਰਸਿੱਖ ਹਰੇਕ ਕੰਮ ਕਰਤਾਰ ਦੇ ਭਰੋਸੇ ਕਰਦਾ ਹੋਇਆ ਅਰਦਾਸ ਕਰੇ ਤੇ ਅਰੰਭੇ।

ਕੀਤਾ ਲੋੜੀਐ ਕੰਮ ਸੁ ਹਰਿ ਪਹਿ ਆਖੀਐ॥
ਕਾਰਜ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥

ਗੁਰੂ ਰਾਮਦਾਸ ਜੀ ਨੇ ਸੂਹੀ ਰਾਗ ਵਿਚ ਲਾਵਾਂ ਰਚੀਆਂ ਤਾਂ ਜੋ ਗੁਰਸਿੱਖ ਦੇ ਵਿਆਹ ਕਾਰਜਾਂ ਦੀ ਸੰਪੂਰਨਤਾ ਲਈ ਅਨੰਦ ਕਾਰਜ ਸਮੇਂ ਪੜੀਆਂ ਜਾਣ ਤਾਂ ਕਿ ਗ੍ਰਿਹਸਤ ਦੇ ਪਰਵੇਸ਼ ਵੇਲੇ ਹੀ ਦ੍ਰਿੜ ਕਰਾ ਦਿੱਤੀਆਂ ਜਾਣ। ਵਿਆਹ ਦੀ ਖੁਸ਼ੀ ਸਮੇਂ ਘੋੜੀਆਂ ਗਾਣ ਦਾ ਰਿਵਾਜ਼ ਸੀ। ਦੋ ਸ਼ਬਦ ਰਚੇ। ਇਨ੍ਹਾਂ ਘੋੜੀਆਂ ਦੇ ਅਲੰਕਾਰ ਨੂੰ ਲੈ ਕੇ ਵਾਹਿਗੁਰੂ ਪ੍ਰਾਪਤੀ ਦਾ ਰਾਹ ਦੱਸਿਆ। ਇਸ ਤਰ੍ਹਾਂ ਆਪ ਨੇ ਛੰਦ ਰਚੇ ਜੋ ਇਨ੍ਹਾਂ ਸਮਿਆਂ ਤੋਂ ਬਿਰਤੀਆਂ ਮਾੜੇ ਪਾਸੇ ਜਾਣ ਤੋਂ ਬਚ ਜਾਣ।

ਗੁਰੂ ਰਾਮਦਾਸ ਜੀ ਨੇ-

ਹਮ ਘਰ ਸਾਜਨ ਆਏ॥ ਸਾਡੇ ਮੇਲਿ ਮਿਲਾਏ॥

ਰਾਗ ਸੂਹੀ ਮਹਲਾ4 ਛੰਦ ਘਰ 2 ਅੰਗ-773

ਸਤੁ ਸਤੋਖ ਕਰਿ ਭਾਉ ਕੁੜਮ ਕੁੜਮਾਈ ਆਇਆ॥
ਬਲਿਰਾਮ ਜੀਓ॥

ਗੁਰੂ ਰਾਮਦਾਸ ਜੀ ਨੇ ਪ੍ਰਮਾਤਮਾ ਦੇ ਧੰਨਵਾਦ ਲਈ ਇਕ ਗੱਲ ਪ੍ਰਗਟਾਈ ਕਿ ਪ੍ਰਮਾਤਮਾ ਹੀ ਰਾਖਨਹਾਰ ਹੈ। ਪ੍ਰਮਾਤਮਾ 'ਤੇ ਭਰੋਸਾ ਰੱਖੋ। ਗੁਰੂ ਰਾਮਦਾਸ ਜੀ ਨੇ ਪਹਿਲਾਂ ਹੀ ਕਿਹਾ-

ਬਾਣੀ ਗੁਰੂ, ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ॥
ਗੁਰੂ ਗੁਰਬਾਣੀ ਕਹੇ ਸੇਵਕ ਜਨ ਮਾਨੇ ਪਰਤਖਿ ਗੁਰੂ ਨਿਸਤਾਰੇ॥

ਜਦੋਂ ਪ੍ਰਿਥਵੀ ਦੇ ਚੱਕ ਵਿਚ ਆ ਕੇ ਫੌਜਦਾਰ ਸੁਲਖੀ ਖਾਂ ਨੂੰ ਗੁਰੂ ਜੀ ਉਪਰ ਚੜ੍ਹਾ ਕੇ ਲਿਆਇਆ। ਸੁਲਖੀ ਖਾਂ ਭੱਠੇ ਵਿਚ ਡਿੱਗ ਪਿਆ ਤੇ ਸੜ ਗਿਆ। ਪ੍ਰਮਾਤਮਾ ਦਾ ਧੰਨਵਾਦ ਕੀਤਾ-

ਗਰੀਬਾ ਉਪਰਿ ਜਿ ਖਿੰਜੇ ਦਾੜੀ॥ ਪਾਰ ਬ੍ਰਹਮਿ ਸਾ ਅਗਨਿ ਮਹਿ ਸਾੜੀ॥
ਪੂਰਾ ਨਿਆਉ ਕਰੇ ਕਰਤਾਰ, ਆਪਣੇ ਦਾਸ ਕਉ ਰਾਖਨਹਾਰ॥ ਰਹਾਉ।

ਜਿਵੇਂ ਸ੍ਰੀ ਰਾਮ ਚੰਦਰ ਜੀ ਨੂੰ ਮਰਿਆਦਾ ਪ੍ਰਸ਼ੋਤਮ ਆਖਿਆ ਜਾਂਦਾ ਹੈ ਕਿਉਂਕਿ ਉਨ੍ਹਾਂ ਨੇ ਸਮਾਜ ਦੀ ਮਰਿਆਦਾ ਅਪਣਾਈ ਸੀ। ਸਮਾਜਕ ਗੀਤੀ ਰਿਵਾਜ਼, ਪਰੰਪਰਾਵਾਂ ਤੇ ਚੱਲੇ ਸਨ। ਇਸ ਤਰ੍ਹਾਂ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਗੋਬਿੰਦ ਜੀ ਦੇ ਰਿਸ਼ਤੇ ਦਾ ਜਵਾਬ ਤਾਂ ਹੀ ਚੰਦੂ ਨੂੰ ਦਿੱਤਾ ਸੀ, ਜਦੋਂ ਚੰਦੂ ਬਾਹਰ ਆਖਦਾ ਸੀ ਕਿ 'ਚੁਬਾਰੇ ਦੀ ਇੱਟ ਮੋਰੀ ਨੂੰ' ਲਾ ਦਿੱਤੀ ਜਿਸ ਤੇ ਸਿਆਣਿਆ ਨੇ ਬੁਰਾ ਮਨਾਇਆ ਤੇ ਸਿਆਣਿਆਂ ਦੀ ਸੋਚ ਨੂੰ ਹੁੰਗਾਰਾ ਦਿੱਤਾ।

ਸ੍ਰੀ ਹਰਗੋਬਿੰਦ ਜੀ ਨੇ ਪਿਪਲੀ ਸਾਹਿਬ ਦੀ ਲੜਾਈ ਇਸ ਕਰਕੇ ਹੋਈ ਜਦੋਂ ਕਿਸੇ ਦਾ ਬਾਜ ਉੱਡ ਕੇ ਦੂਜੇ ਨਾਲ ਜਾ ਰਲੇ ਤਾਂ ਮਰਿਆਦਾ ਮੁਤਾਬਕ ਮਾਲਕੀ ਬਣ ਜਾਂਦੀ ਹੈ ਰੋਹਬ ਦੀ ਈਨ ਨਹੀਂ ਮੰਨੀ।

ਗੁਰੂ ਹਰਿ ਰਾਏ ਜੀ ਨੇ ਆਪਣੇ ਨਿੱਤਨੇਮ ਦੀ ਮਰਿਆਦਾ, ਨਾਮ, ਦਾਨ, ਇਸ਼ਨਾਨ ਨੂੰ ਹੋਰ ਪੱਕਾ ਕੀਤਾ।

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ–

ਪਿਛਲੇ ਰਾਤ ਜਾਗਣਾ ਨਾਮੁ, ਦਾਨ, ਇਸਨਾਨ ਦ੍ਰਿੜਾਏ।
ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੇ ਭਲਾ ਮਨਾਏ।
ਥੋੜਾ ਖਾਵਣਾ, ਥੋੜਾ ਬੋਲਿਨੁ ਗੁਰ ਮਤਿ ਪਾਏ॥

ਖਾਣ ਪੀਣ ਦੀ ਗੱਲ ਹੋਈ–

'ਜਿਤੁ ਖਾਧੇ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ'

ਲੰਗਰ ਦੀ ਮਰਿਆਦਾ ਹੋਰ ਪੱਕੀ ਕੀਤੀ, ਕਿਹਾ ਹਰ ਸਿੱਖ ਆਪਣੇ ਘਰ ਵਿਚ ਦੇਗ ਚਲਾਵੇ ਜਦੋਂ ਕੋਈ ਲੋੜਵੰਦ ਆਵੇ ਅੰਨ ਪਾਣੀ ਛਕਾਵੈ, ਟਹਿਲ ਸੇਵਾ ਕਰੇ, ਨਿਰਾਸ਼ ਨਾ ਕਰੇ, ਬੁਰੇ ਤੇ ਵੈਰੀ ਦਾ ਭਲਾ ਕਰਨ ਦੀ ਮੁੱਢ ਤੋਂ ਰੀਤ ਕਹੀ ਹੈ।

ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਕਿਤੇ ਵੀ ਮਰਿਆਦਾ ਦੀ ਉਲੰਘਣਾ ਨਹੀਂ ਕੀਤੀ ਸਗੋਂ ਹੋਰ ਪੱਕੀਆਂ ਕੀਤੀਆਂ ਤੇ ਲੋਕਾਂ ਦੇ ਜੀਵਨ ਵਿਚ ਪੂਰੀ ਤਰ੍ਹਾਂ ਢਲ ਗਈਆਂ। ਗੁਰੂ ਦੇ ਨਿਗਾਰੇ, ਝੂਲਤੇ ਨਿਸ਼ਾਨ ਨੂੰ ਹੋਰ ਪਰਪੱਕਤਾ ਦਿੱਤੀ ਤੇ ਸ਼ਾਨੋ ਸ਼ੌਕਤ ਨੂੰ ਵਧਾਇਆ, ਪੰਥਕ ਸੋਚ ਮੁਦੱਈ ਬਣ ਗਈ, ਅੱਜ ਕਿਤੇ ਵੀ ਉਲੰਘਣਾ ਹੋਵੇ ਤਾਂ ਹਰ ਪੰਥਕ ਸੋਚ ਚਿੰਤਤ ਹੋ ਜਾਂਦਾ ਹੈ।

ਕਈ ਵਾਰੀ ਪੰਥਕ ਵਿਚਾਰਾਂ ਚੱਲੀਆਂ ਹਨ ਕਿ ਮਰਿਆਦਾ ਤੇ ਸਹਿਮਤੀ ਹੋਏ। ਇਕ ਸਮੁੱਚੇ ਪੰਥ ਦੀ ਸਥਾਪਿਤ ਮਰਿਆਦਾ ਹੋਵੇ, ਵੱਖਰੀਆਂ–ਵੱਖਰੀਆਂ ਟਕਸਾਲਾਂ ਨੇ ਮਰਿਯਾਦਾਵਾਂ ਵਿਚ ਫ਼ਰਕ ਰੱਖਿਆ ਹੋਇਆ। ਹਰ ਇਕ ਆਪਣੇ ਆਪ ਨੂੰ ਉਚਤਮ ਸਿੱਖ ਦਰਸਾਉਣ ਦੀ ਦੌੜ ਵਿਚ ਹੈ। ਇਸ ਤਰ੍ਹਾਂ ਪੰਥ ਕਈ ਇਹੋ ਜਿਹੇ ਭੰਬਲਭੂਸੇ ਵਿਚ ਪਿਆ ਹੋਇਆ ਹੈ।

ਪਰ ਮਰਿਆਦਾ ਇਕ ਵੱਖਰੀ ਹਸਤੀ, ਸੋਚ ਰੱਖਣ ਲਈ ਬਹੁਤ ਵੱਡੀ ਪਰਾਪਤੀ ਹੈ। ਇਸ ਨਾਲ ਸਾਡੇ ਵਿਚ ਇਕ ਵੱਖਰੀ ਕੌਮ, ਰਾਸ਼ਟਰੀਅਤਾ ਦੀ ਭਾਵਨਾ ਪੈਦਾ ਹੁੰਦੀ ਹੈ।

Regime ਨਿਯਮਾਂ ਦਾ ਸੰਗ੍ਰਹਿ, ਸਿਧਾਂਤ, ਸੰਵਿਧਾਨ

ਇਕ ਇਹੋ ਜਿਹਾ ਲਿਖਤੀ ਜਾਂ ਅਲਿਖਤੀ ਸੰਵਿਧਾਨਕ ਬੰਦੋਬਸਤ ਹੁੰਦਾ ਹੈ ਜਿਹੜਾ ਕਿ ਇਕ ਨਿਸਚਤ, ਸਥਾਪਤ ਤੇ ਪਰਮਾਣਿਤ ਢੰਗ ਤਰੀਕਿਆਂ ਰਾਹੀਂ ਫੈਸਲੇ ਲੈਂਦਾ ਹੈ ਤੇ ਲਾਗੂ ਕੀਤੇ ਜਾਂਦੇ ਹਨ। ਇਸ ਲਈ ਸਾਡੇ ਕੋਲ ਗੁਰੂ ਗ੍ਰੰਥ ਸਾਹਿਬ ਹੈ ਜਿਸਦੀ ਭਾਵਨਾ, ਵਿਚਾਰ ਮੁਤਾਬਕ ਸਮੁੱਚਾ ਪੰਥਕ ਢਾਂਚਾ ਚੱਲਦਾ ਅਤੇ ਪੰਥਕ ਸਤਾ, ਸ਼ਕਤੀ ਨੂੰ ਲਾਗੂ ਕਰਦਾ ਹੈ। ਜਿਵੇਂ ਕਿਸੇ ਵੀ ਦੇਸ਼, ਰਾਜ ਦਾ ਸੰਵਿਧਾਨ ਵਿਚ ਸਭ ਪੱਖ ਸਪਸ਼ਟ ਕੀਤੇ ਹੁੰਦੇ ਹਨ, ਫੈਸਲਾ ਲੈਣਾ, ਲਾਗੂ ਕਰਨਾ ਅਤੇ ਵਿਆਖਿਆ ਦੇ ਅਧਿਕਾਰ ਹੁੰਦੇ ਹਨ ਉਹ ਸਭ ਧਰਾਵਾਂ ਸਾਡੇ ਗੁਰੂ ਗਰੰਥ ਸਾਹਿਬ ਵਿਚ ਮੌਜੂਦ ਹਨ ਇਸ ਤਰ੍ਹਾਂ ਗੁਰੂ ਗਰੰਥ ਸਾਹਿਬ ਦੀ ਵਿਆਖਿਆ ਦੀ ਜ਼ੁੰਮੇਵਾਰੀ ਸਰਵਉਚ ਅਥਾਰਟੀ (ਅਕਾਲ ਤਖ਼ਤ) ਪੰਜਾਂ ਸਿੰਘ ਸਾਹਿਬਾਨਾਂ ਦੀ ਗਠਤ ਸਭਾ ਕੋਲ ਹੈ। ਉਸਦਾ ਹਰ

ਫੈਸਲਾ ਨਿਰਨਾਇਕ ਅਤੇ ਅੰਤਮ ਹੈ ਉਨ੍ਹਾਂ ਦਾ ਦਿੱਤਾ ਹੋਇਆ ਕੋਈ ਵੀ ਫੈਸਲਾ ਚੈਲੰਜ ਜਾਂ ਪੁਨਰ ਵਿਚਾਰ ਨਹੀਂ ਕੀਤਾ ਜਾ ਸਕਦਾ।

ਜਿਵੇਂ ਵੱਖੋ-ਵੱਖਰੇ ਰਾਜਾਂ ਦੇ ਸੰਵਿਧਾਨ ਬਣਾਉਣ ਸਮੇਂ ਕਮੇਟੀਆਂ ਬਣਾਉਣੀਆਂ, ਰਿਪੋਰਟ ਕਰਨ, ਰਿਪੋਰਟ ਦੇ ਮੁਤਾਬਕ ਡਰਾਫਟ ਤਿਆਰ ਕਰਕੇ ਵਿਚਾਰਿਆ ਜਾਵੇ ਤੇ ਆਪਣੇ ਉਦੇਸ਼ ਦੀ ਪੂਰਤੀ ਲਈ ਕੰਮ ਕਰੇ। ਉਸਦੇ ਪੂਰਕ ਗੁਰੂ ਗਰੰਥ ਸਾਹਿਬ ਜੀ ਹੋਂਦ ਵਿਚ ਲਿਆਉਣ ਲਈ ਪਹਿਲੇ ਗੁਰੂ ਸਾਹਿਬਾਨਾਂ ਨੇ ਪਹਿਲੇ ਸਮੇਂ ਦੇ ਹਾਲਤਾਂ ਦਾ ਅਧਿਅਨ ਕੀਤਾ ਵਿਚਾਰਿਆ, ਅਕਾਲ ਪੁਰਖ ਦੇ ਸੰਕੇਤ ਮੁਤਾਬਕ ਧੁਰ ਕੀ ਬਾਣੀ ਦੀ ਰਚਨਾ ਕੀਤੀ, ਸੰਭਾਲੀ, ਪ੍ਰਚਲਤ ਕੀਤੀ। ਵਧੀਆ ਕਦਰਾਂ-ਕੀਮਤਾਂ, ਰੀਤੀ ਰਿਵਾਜ਼ ਪ੍ਰੰਪਰਾਵਾਂ, ਵਿਸ਼ਵਾਸ਼, ਮਰਿਆਦਾਵਾਂ ਸਥਾਪਿਤ ਕੀਤੀਆਂ। ਨਾਲ ਹੀ ਆਤਮਕ ਬਲ ਮਜ਼ਬੂਤ ਕੀਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਖਿਆਲ ਸੀ ਕਿ ਗੁਰਬਾਣੀ ਨੂੰ ਇਕ ਜਗ੍ਹਾ ਇਕੱਠਾ ਕੀਤਾ ਜਾਵੇ ਤੇ ਇਕ ਇਹੋ ਜਿਹੇ ਕੇਂਦਰ ਦਾ ਨਿਰਮਾਣ ਕੀਤਾ ਜਾਵੇ ਉਥੇ ਉਸਦੀ ਸੰਪੂਰਨਤਾ ਤੇ ਪ੍ਰਕਾਸ਼ ਕੀਤਾ ਜਾਵੇ। ਇਸ ਉਦੇਸ਼ ਦੀ ਪੂਰਤੀ ਲਈ ਜਦੋਂ 1586 ਵਿਚ ਅੰਮ੍ਰਿਤ ਸਰੋਵਰ ਪੱਕਾ ਹੋ ਗਿਆ ਤੇ ਨਾਲ ਹੀ ਸਤੋਖਸਰ ਵੀ ਸੰਪੂਰਨ ਕਰਵਾ ਦਿੱਤਾ। ਅੱਗੋਂ ਸਿੱਖੀ ਦਾ ਕੇਂਦਰੀ ਅਸਥਾਨ ਸ੍ਰੀ ਹਰਮੰਦਰ ਸਾਹਿਬ ਦੀ ਨੀਂਹ ਰੱਖਣ ਲਈ, ਸਾਈ ਮੀਆਂ ਮੀਰ ਨੂੰ ਸਤਿਕਾਰ ਸਹਿਤ ਲਾਹੌਰ ਤੋਂ ਲੈ ਕੇ ਆਏ ਤੇ 1588 ਵਿਚ ਸਾਈਂ ਮੀਆਂ ਮੀਰ ਜੀ ਤੋਂ ਹਰਮੰਦਰ ਸਾਹਿਬ ਦੀ ਨੀਂਹ ਰਖਵਾਈ। ਇਹ ਇਕ ਬਹੁਤ ਵੱਡਾ ਕਾਰਜ ਆਰੰਭ ਕਰਵਾਇਆ, ਉਸ ਸਮੇਂ ਨਿਰਮਾਣ ਦੇ ਸਭ ਦੇਸੀ ਤਰੀਕੇ ਜਾਂ ਪੁਰਾਣੇ ਹੀ ਢੰਗ ਸਨ ਤਾਂ ਹੀ 15-16 ਸਾਲ ਦੀ ਹਜ਼ਾਰਾ ਕਾਰ ਸੇਵਕਾਂ ਦੀ ਸੇਵਾ ਹਿਤ 1604 ਈ: ਵਿਚ ਪੂਰਾ ਹੋਇਆ।

ਪੰਜਵੀਂ ਪਾਤਸ਼ਾਹੀ ਤੱਕ ਸਿੱਖਾਂ ਦੀ ਗਿਣਤੀ ਬਹੁਤ ਵੱਧ ਗਈ ਸੀ। ਲੋੜ ਸੀ ਵਿਚਾਰ ਦੀ ਸਾਂਝ, ਵਿਚਾਰਕ ਸਭਿਆਚਾਰਕ ਸਥਾਪਿਤ ਕੀਤਾ ਜਾਵੇ। ਪਹਿਲੇ ਗੁਰੂ ਸਾਹਿਬਾਨ ਦੀਆਂ ਰਚਨਾਵਾਂ ਵਿਖਰੀਆਂ ਪਈਆਂ ਹਨ। ਇਨ੍ਹਾਂ ਵਿਚ ਕਿਤੇ ਰਲੇਵਾਂ ਨਾ ਹੋ ਜਾਵੇ, ਗੁੰਮ ਜਾਂ ਨਸ਼ਟ ਨਾ ਹੋ ਜਾਣ ਦਾ ਡਰ ਸੀ। ਉਧਰ ਪ੍ਰਿਥੀਆ ਹਰ ਤਰ੍ਹਾਂ ਸਿੱਖ ਪੰਥ ਨਾਲ ਸ਼ਰੀਕਾ ਕਰ ਰਿਹਾ ਸੀ। ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਵਿਚ ਸੰਕੇਤ ਦਿੱਤੇ-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ, ਗਾਵਹੁ ਸਚੀ ਬਾਣੀ॥

ਅਕਾਲ ਪੁਰਖ ਨਾਲ ਇਕ ਸੁਰ ਹੋ ਕੇ, ਧੁਰ ਕੀ ਬਾਣੀ ਆਈ-

'ਜੈਸੀ ਮੈ ਆਵੇ ਖਸਮ ਕੀ ਬਾਣੀ ਤੇਸੜਾ ਕਰੀ ਗਿਆਨ ਵੇ ਲਾਲੋ।

ਬਾਣੀ ਇਕੱਠੀ ਕਰਨ ਦਾ ਕਾਰਜ ਪਹਿਲਾਂ ਗੁਰੂ ਅੰਗਦ ਦੇਵ ਜੀ ਤੇ ਗੁਰੂ ਅਮਰਦਾਸ ਜੀ ਨੇ ਸ਼ੁਰੂ ਕਰ ਰੱਖਿਆ ਸੀ। ਪਰ ਛੋਟੀਆਂ ਪੋਥੀਆਂ ਵਿਚ ਸੰਭਾਲਿਆ ਸੀ। ਗੁਰੂ ਅਮਰਦਾਸ ਜੀ ਬਾਅਦ ਬਾਬਾ ਮੋਹਨ (ਗੁਰੂ ਅਮਰਦਾਸ ਦੇ ਸਪੁੱਤਰ) ਦੀ ਦੇਖ ਰੇਖ

ਵਿਚ ਸੀ। ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਆਰੇ ਸ਼ਰਧਾਲੂ ਸਿੱਖ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਵਾਰੀ-ਵਾਰੀ ਭੇਜਿਆ। ਪਰ ਸਫ਼ਲਤਾ ਨਾ ਮਿਲੀ। ਬਾਬਾ ਬੁੱਢਾ ਜੀ ਨੇ ਤਾਂ ਦਰਵਾਜ਼ਾ ਖੋਲ੍ਹਣ ਕਰਕੇ ਭੰਨ ਦਿੱਤਾ। ਉਧਰ ਬਾਬਾ ਮੋਹਨ ਜੀ ਦੀ ਸਮਾਧੀ ਲੱਗੀ ਹੋਈ ਸੀ।

ਫਿਰ ਗੁਰੂ ਅਰਜਨ ਦੇਵ ਜੀ ਨੰਗੇ ਪੈਰੀਂ ਬਾਬਾ ਮੋਹਨ ਜੀ ਪਾਸ ਪਹੁੰਚ ਗਏ। ਬਾਬਾ ਮੋਹਨ ਜੀ ਦੀ ਬਹੁਤ ਵਡਿਆਈ ਕੀਤੀ-

ਮੋਹਨ ਤੇਰੇ ਉਚੇ ਮੰਦਰ ਮਹਲ ਅਪਾਰਾ॥
ਮੋਹਨ ਤੇਰੇ ਸੋਹਨਿ ਦੁਆਰ, ਜੀਉ ਸੰਤ ਧਰਮਸ਼ਾਲਾ॥

ਬਾਬਾ ਮੋਹਨ ਜੀ ਗੁਰੂ ਜੀ ਦੀ ਨਿਮਰਤਾ ਤੋਂ ਬਹੁਤ ਪ੍ਰਭਾਵਤ ਹੋਏ। ਦਰਵਾਜ਼ਾ ਖੋਲ੍ਹ ਦਿੱਤਾ, ਬਾਣੀਆਂ ਦੀਆਂ ਸੈਂਚੀਆਂ ਦੇ ਦਿੱਤੀਆਂ। ਉਨ੍ਹਾਂ ਨੂੰ ਠਹਿਰਨ ਲਈ ਵੀ ਆਖਿਆ। ਉਧਰ ਸ੍ਰੀ ਹਰਮੰਦਰ ਸਾਹਿਬ ਦਾ ਨਿਰਮਾਣ ਕਾਰਜ ਚੱਲ ਰਿਹਾ ਹੋਣ ਕਰਕੇ ਠਹਿਰ ਨਾ ਸਕੇ।

ਗੁਰੂ ਰਾਮਦਾਸ ਜੀ ਦੀ ਬਾਣੀ ਪਹਿਲਾਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਸੀ। ਬਾਣੀ ਦੀਆਂ ਸੈਂਚੀਆਂ ਲਿਆ ਕੇ ਸਤਿਕਾਰ ਸਹਿਤ ਥੜੇ ਤੇ ਰੱਖੀਆਂ ਜਿਥੇ ਗੁਰੂ ਰਾਮਦਾਸ ਜੀ ਬੈਠ ਕੇ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਕਰਵਾਉਂਦੇ ਸਨ।

ਡਾ: ਗੰਡਾ ਸਿੰਘ ਦਾ ਵਿਚਾਰ ਹੈ ਕਿ ਭਗਤ ਕਬੀਰ, ਬਾਬਾ ਫ਼ਰੀਦ ਅਤੇ ਭਗਤ ਰਵਿਦਾਸ ਦੀ ਬਾਣੀ ਉਹਨਾਂ ਦੇ ਵਿਰਸੇ ਵਿਚੋਂ ਬਾਕੀ ਭਗਤਾਂ ਦੀ ਬਾਣੀ ਉਨ੍ਹਾਂ ਦੇ ਚੇਲਿਆਂ ਜਾਂ followers ਤੋਂ ਇਕੱਠੀ ਕੀਤੀ। ਉਹਨਾਂ ਭਗਤਾਂ ਦੀ ਬਾਣੀ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਕੀਤੀ ਜੋ ਸਿੱਖੀ ਸਿਧਾਂਤਾਂ, ਉਪਦੇਸ਼ਾਂ ਜਾਂ ਉਦੇਸ਼ ਮੁਤਾਬਕ ਪੂਰੀ ਉਤਰਦੀ ਸੀ। ਜਿਹੜੇ ਜਾਤ ਪਾਤ, ਛੂਤ ਛਾਤ, ਵਹਿਮ ਭਰਮ ਅਤੇ ਧਾਰਮਕ ਕੱਟੜਤਾ ਵਿਚ ਵਿਸ਼ਵਾਸ਼ ਨਹੀਂ ਸੀ ਰੱਖਦੇ। ਮਾਨਵਤਾ ਨੂੰ ਅਕਾਲ ਪੁਰਖ ਦੀ ਹੋਂਦ ਮੰਨ ਕੇ ਸਰਬੱਤ ਦੇ ਭਲੇ ਦੀ ਗੱਲ ਕਰਦੇ ਸਨ।

ਕਈ ਭਗਤਾਂ ਜਿਵੇਂ ਭਗਤ ਛੱਜੂ, ਕਾਹਨਾ, ਪੀਲੂ ਆਦਿ ਦੇ ਸ਼ਬਦ ਦਰਜ ਨਹੀਂ ਕਿਉਂਕਿ ਕਿਸੇ ਦਾ ਵੈਦਾ ਵੱਲ ਝਕਾਓ ਸੀ ਕਿਸੇ ਗ੍ਰਹਿਸਤ ਜਾਂ ਇਸਤਰੀ ਪ੍ਰਤੀ ਵਿਰੋਧ ਸੀ।

ਉਧਰ ਗੁਰਬਾਣੀ ਪੂਰੀ ਤਰ੍ਹਾਂ ਸਪਸ਼ਟ ਹੈ ਕਿ ਧਰਮ ਕਰਮ ਤੋਂ ਹੀ ਹੁੰਦਾ ਹੈ। ਸਿੱਖ ਧਰਮ ਵਿਚ ਜਨਮ ਲੈਣ ਨਾਲ ਸਿੱਖ ਨਹੀਂ ਬਣਿਆ ਜਾ ਸਕਦਾ। ਸਿੱਖੀ ਕਮਾਉਣੀ ਪੈਂਦੀ ਹੈ। ਧਰਮ ਬੰਦੇ ਦੀ ਮੁੱਢਲੀ ਲੋੜ ਹੈ। 'ਗੁਰੂ ਬਿਨਾ ਗਤ ਨਹੀਂ ਸ਼ਾਹ ਬਿਨਾ ਪੱਤ ਨਹੀਂ"

ਗੁਰੂ ਗ੍ਰੰਥ ਸਾਹਿਬ ਦੀ ਲਿਖਾਈ ਇਕਾਂਤ ਜਗ੍ਹਾ ਰਾਮਸਰ ਦੇ ਕੰਢੇ ਤੇ ਜਿਥੇ ਆਲੇ ਦੁਆਲੇ ਸੰਘਣੀ ਛਾਂ, ਰਿਬਾਬੀਆਂ, ਫਕੀਰਾਂ, ਭੱਟਾ ਲਈ ਤੰਬੂ ਲਗਵਾ ਦਿੱਤੇ, ਭਾਈ ਬੰਨੋ ਅਤੇ ਹੋਰ ਸਿੱਖਾਂ ਨੂੰ ਲਾਹੌਰ ਭੇਜ ਕੇ ਲਿਖਣ ਸਮੱਗਰੀ ਪੇਪਰ, ਸਿਆਹੀ, ਕਲਮਾਂ ਆਦਿ ਮੰਗਵਾਈਆਂ, ਲਿਖਣ ਲਈ ਭਾਈ ਗੁਰਦਾਸ ਦੀ ਚੋਣ ਕੀਤੀ, ਵਿਸਾਖੀ

1603 ਨੂੰ ਅਰਦਾਸ ਕਰਕੇ ਭਾਈ ਗੁਰਦਾਸ ਜੀ ਨੇ ਲਿਖਣਾ ਅਰੰਭ ਕੀਤਾ ਤੇ ਗੁਰੂ ਅਰਜਨ ਦੇਵ ਜੀ ਲਿਖਵਾਉਂਦੇ ਰਹੇ। ਪਿਛਲੀ ਪਹਿਰ ਉੱਠ ਕੇ ਨਿਤਨੇਮ ਕਰਕੇ, ਲਿਖਣਾ ਅਰੰਭ ਕਰਦੇ, ਚਾਰ ਪੰਜ ਪੰਜ ਘੰਟੇ ਲਿਖਵਾਉਂਦੇ ਫਿਰ ਨਿਰਮਾਣ ਕਾਰਜ ਦੇਖਣ ਜਾਂਦੇ। ਭਾਈ ਗੁਰਦਾਸ ਜੀ ਅਤੇ ਹੋਰ ਸੇਵਾਦਾਰ ਨਾਲ ਹੁੰਦੇ।

ਅੰਤ 18-19 ਮਹੀਨਿਆਂ ਦੀ ਮਿਹਨਤ ਵਜੋਂ ਲਿਖਣ ਕਾਰਜ ਸੰਪੂਰਨ ਹੋਇਆ ਤੇ ਭਾਈ ਬੰਨੋ ਤੇ ਹੋਰ ਸਿੰਘਾਂ ਨੂੰ ਜਿਲਦ ਬਨਵਾਉਣ ਲਾਹੌਰ ਭੇਜਿਆ, ਜਿਲਦ ਬੰਨਵਾਉਣ ਦਾ ਕਾਰਜ ਉਨ੍ਹਾਂ ਆਪਣੀ ਦੇਖ ਰੇਖ ਵਿਚ ਕਰਵਾਇਆ। ਜਦੋਂ ਜਿਲਦ ਬੰਨਣ ਦਾ ਕਾਰਜ ਕਰਦੈ ਉਹ ਸ਼ਾਂਤਮਈ ਅਵਸਥਾ ਵਿਚ ਗੁਰਬਾਣੀ ਦਾ ਜਾਪ ਕਰਦੇ ਰਹਿੰਦੇ, 20, 25 ਦਿਨਾਂ ਦੀ ਸਖ਼ਤ ਮਿਹਨਤ ਤੋਂ ਬਾਅਦ ਜਿਲਦ ਬੰਨ੍ਹਣ ਦਾ ਕਾਰਜ ਪੂਰਾ ਹੋਇਆ।

ਇਕ ਸਾਂਭ-ਸੰਭਾਲ ਅਤੇ ਸਨਮਾਨ ਲਈ ਬਲਦਾਂ ਵਾਲੀ ਗੱਡੀ ਸੀ। ਉਸ ਵਿਚ ਪੂਰੇ ਸਨਮਾਨ ਨਾਲ ਲੈ ਕੇ ਆਏ। ਸ੍ਰੀ ਹਰਮੰਦਰ ਸਾਹਿਬ ਦਾ ਨਿਰਮਾਣ ਕਾਰਜ ਵੀ ਪੂਰਾ ਹੋ ਗਿਆ ਸੀ।

ਸਨਮਾਨ ਸਹਿਤ ਭਾਦਰੋਂ 21; 1604 ਈ: ਨੂੰ ਸ੍ਰੀ ਹਰਮੰਦਰ ਸਾਹਿਬ ਵਿਚ ਪ੍ਰਕਾਸ਼ ਕੀਤਾ। ਬਾਬਾ ਬੁੱਢਾ ਜੀ ਨੇ ਗੁਰੂ ਗਰੰਥ ਸਾਹਿਬ ਜੀ ਤੋਂ ਵਾਕ ਲਿਆ।

ਸੰਤਾਂ ਕੇ ਕਾਰਜ ਆਪ ਖਲੋਇਆ, ਹਰ ਕੰਮ ਕਰਾਵਣ ਆਇਆ ਰਾਮ॥
ਧਰਤ ਸੁਹਾਵੀ ਤਾਲ ਸੁਹਾਵਾ ਵਿਚ ਅੰਮ੍ਰਿਤ ਜਲ ਛਾਇਆ ਰਾਮ॥

ਗੁਰੂ ਅਰਜਨ ਦੇਵ ਜੀ ਨੇ ਦੱਸਿਆ ਕਿ ਬਾਣੀ ਅਕਾਲ ਪੁਰਖ ਦਾ ਰੂਪ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਨੂੰ ਹੁਕਮ ਕੀਤਾ ਕਿ ਬਾਣੀ ਨੂੰ ਹੀ ਪਰਮਾਣਿਕਤਾ ਪ੍ਰਵਾਨ ਕਰਨ। ਸਿੱਖ ਗੁਰੂ ਸਾਹਿਬਾਨ ਤੋਂ ਬਗੈਰ ਗੁਰੂ ਗ੍ਰੰਥ ਸਾਹਿਬ ਜੀ ਵਿਚ 15 ਭਗਤਾਂ 10 ਭੱਟਾਂ ਦੀਆਂ ਰਚਨਾਵਾਂ ਸੁਵਯੇ ਜਿਵੇਂ ਭੀਖਨ ਲਾਲ ਆਦਿ ਤੋਂ ਬਿਨਾਂ ਸੁੰਦਰ, ਸੱਤਾ ਤੇ ਬਲਵੰਡ ਆਦਿ ਸ਼ਾਮਲ ਹਨ।

ਇਸ ਨਾਲ ਸਿੱਖ ਫਲਸਫਾ ਇਕ ਸੁੰਦਰ ਹਸਤੀ ਬਣ ਗਈ। ਕੌਮੀ ਭਾਵਨਾ ਅਤੇ ਚੇਤਨਾ ਪੈਦਾ ਹੋਈ, ਸਿੱਖਾਂ ਵਿਚ ਭਾਵਆਤਮਕ ਸਾਂਝ ਪੈਦਾ ਹੋ ਗਈ ਬੋਲੀ, ਜਾਤ, ਲਿੰਗ, ਇਲਾਕਾ, ਇਤਿਹਾਸ ਆਦਿ ਭੁੱਲ ਕੇ ਗੁਰੂ ਗਰੰਥ ਸਾਹਿਬ ਦੇ ਪੈਰੋਕਾਰ ਬਣ ਗਏ। ਗੁਰਬਾਣੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਜੀਵਨ ਨਿਰਬਾਹ ਕਰਨ ਲੱਗੇ। ਸਾਂਝੀਆਂ ਰਸਮਾਂ, ਰਿਵਾਜ਼ ਜਾਂ ਸੰਸਕਾਰ ਗੁਰੂ ਆਸ਼ੇ ਅਨੁਸਾਰ ਅਪਣਾ ਲਏ, ਖਾਣ ਪੀਣ, ਰਹਿਣ ਸਹਿਣ ਦੀ ਸਾਂਝ ਪੈਦਾ ਹੋਈ ਜਿਸ ਨਾਲ ਸਿੱਖੀ ਹੋਰ ਮਜਬੂਤ ਹੋਈ।

'ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡ ਅਵਰੁ ਨਾ ਕੋਇ'

ਕੇਂਦਰੀ ਸਥਾਨ ਅਤੇ ਇਕ ਵਿਧਾਨ ਨਾਲ ਸਿੱਖ ਮੁਗਲਾਂ ਦੀ ਅੱਖ ਵਿਚ ਰੜਕਣ ਲੱਗੇ। ਮੁਲਾਣੇ ਬਾਦਸ਼ਾਹ ਤੇ ਦਬਾ ਪਾਉਣ ਲੱਗੇ ਕਿ ਮੁਸਲਿਮ ਧਰਮ ਨੂੰ ਪੱਕਾ ਖਤਰਾ ਬਣ ਗਿਆ। ਇਹ ਅਕਬਰ ਦੀ ਢਿੱਲੀ ਜਾਂ ਬਾਦਸ਼ਾਹ ਦੀ ਉਦਾਰਵਾਦੀ ਨੀਤੀ ਕਰਕੇ ਹੋਇਆ। ਜਹਾਂਗੀਰ ਨੂੰ ਗੰਢ ਲਿਆ ਕਿ ਜਦ ਤਕ ਇਨ੍ਹਾਂ ਵਿਚ ਡਰ ਜਾਂ ਸਹਿਮ

ਪੈਦਾ ਨਹੀਂ ਕੀਤਾ ਜਾਂਦਾ ਇਸਦੇ ਵਹਾਅ ਨੂੰ ਰੋਕਿਆ ਨਹੀਂ ਜਾ ਸਕਦਾ। ਉਧਰ ਜਹਾਂਗੀਰ ਨੂੰ ਆਪਣੀ ਰਾਜਨੀਤਕ ਸਤਾ ਪ੍ਰਾਪਤੀ ਅਤੇ ਸਥਿਰਤਾ ਲਈ ਕੱਟੜ ਮੁਸਲਮਾਨ ਮੁਲਾਣਿਆਂ ਦੀ ਲੋੜ ਕੀ ਸੀ ਜਿਸ ਕਰਕੇ ਗੁਰੂ ਅਰਜਨ ਦੇਵ ਜੀ ਉਪਰ ਤਸ਼ੱਦਦ ਢਾਹਿਆ ਗਿਆ ਅਤੇ ਸ਼ਹੀਦ ਕੀਤਾ ਗਿਆ।

ਉਧਰ ਗੁਰੂ ਅਰਜਨ ਦੇਵ ਜੀ ਨੇ ਪ੍ਰਤੀਤ ਕਰ ਲਿਆ ਸੀ ਕਿ ਆਉਣ ਵਾਲੇ ਸਮੇਂ, ਸਿੱਖਾਂ ਤੇ ਜ਼ਬਰ ਜ਼ੁਲਮ ਵੱਧ ਜਾਣਗੇ, ਸਿੱਖਾਂ ਨੂੰ ਸੰਤ ਸਿਪਾਹੀ ਬਣਨਾ ਤੇ ਤਲਵਾਰ ਵਾਹੁਣੀ ਹੋਵੇਗੀ। ਗੁਰਗੱਦੀ ਸੰਭਾਲਣ ਲਈ ਇਹ ਗੁਣ ਜ਼ਰੂਰੀ ਹਨ। ਇਸ ਕਰਕੇ ਗੁਰੂ ਹਰਗੋਬਿੰਦ ਜੀ ਨੂੰ ਸਿਖਲਾਈ ਦੇਣ ਲਈ ਬਾਬਾ ਬੁੱਢਾ ਜੀ ਜ਼ੁੰਮੇਵਾਰੀ ਲਾਈ। ਉਨ੍ਹਾਂ ਨੇ ਗੁਰੂ ਘਰ ਦੀ ਵਿਦਿਆ ਨਾਲ-ਨਾਲ ਘੋੜਸਵਾਰੀ, ਕੁਸ਼ਤੀ ਅਤੇ ਸ਼ਸ਼ਤਰ ਚਲਾਉਣ ਦੀ ਸਿਖਲਾਈ ਦਿੱਤੀ। ਉਨ੍ਹਾਂ ਵਿਚ ਹਥਿਆਰਬੰਦ ਰਹਿਣ ਦਾ ਵਿਚਾਰ ਪੈਦਾ ਹੋ ਗਿਆ।

ਉਨ੍ਹਾਂ ਨੇ ਗੁਰਿਆਈ ਸਮੇਂ ਹੀ ਮੀਰੀ ਤੇ ਪੀਰੀ ਦੀਆਂ ਕਿਰਪਾਨਾਂ ਪਹਿਨੀਆਂ, ਮਸੰਦਾਂ ਅਤੇ ਸੰਗਤਾਂ ਨੂੰ ਹੁਕਮਨਾਮੇ ਭੇਜ ਕੇ ਵਧੀਆ ਘੋੜੇ ਅਤੇ ਸ਼ਾਸ਼ਤਰ ਲਿਆਉਣ ਲਈ ਕਿਹਾ। ਸਿੱਖਾਂ ਦੇ ਮਨ ਵਿਚ ਬਹਾਦਰੀ, ਸੂਰਬੀਰਤਾ ਦੇ ਵੱਲੇ ਠਾਠਾਂ ਮਾਰਨ ਲੱਗੇ।

ਅਕਾਲ ਤਖ਼ਤ ਦੀ ਸਿਰਜਨਾ ਕੀਤੀ। ਸਿੱਖਾਂ ਦਾ ਹਾਲਚਾਲ ਪੁੱਛਦੇ, ਸ਼ਿਕਾਇਤਾਂ ਸੁਣਦੇ, ਝਗੜਿਆਂ ਦਾ ਨਬੇੜਾ ਕਰਦੇ, ਫੈਸਲੇ ਦਿੰਦੇ, ਅਕਾਲ ਤਖ਼ਤ ਨੂੰ ਸਰਵਉੱਚਤਾ ਪ੍ਰਦਾਨ ਕਰ ਦਿੱਤੀ ਤੇ ਅੱਜ ਵੀ ਅਕਾਲ ਤਖ਼ਤ ਨੂੰ ਸਰਵਉੱਚਤਾ ਪ੍ਰਾਪਤ ਹੈ ਕੋਈ ਸਿੱਖ ਵੀ ਉਸਦੇ ਫੈਸਲੇ ਦੇ ਨਿਰਾਦਰ ਜਾਂ ਕਿੰਤੂ ਪ੍ਰੰਤੂ ਵੀ ਨਹੀਂ ਕਰ ਸਕਦਾ।

ਛੇਵੇਂ ਸਤਿਗੁਰੂ ਜੀ ਨੇ ਗੁਰਗੱਦੀ ਲਈ ਆਪਣੇ ਵੱਡੇ ਪੋਤਰੇ ਹਰਿ ਰਾਏ ਜੀ ਨੂੰ ਚੁਣਿਆ। ਉਹ ਨਾਮ ਦਾਨ, ਇਸ਼ਨਾਨ ਤੇ ਨਿੱਤਨੇਮ ਦੇ ਪੱਕੇ ਸਨ। ਸਿੱਖੀ ਵਿਚ ਪੱਕੇ ਰਹਿਣ ਲਈ ਉਪਦੇਸ਼ ਦਿੰਦੇ ਸਨ। ਉਨ੍ਹਾਂ ਸਿੱਖੀ ਦੀਆਂ ਪ੍ਰੰਪਰਾਵਾਂ ਨੂੰ ਬਣਾਈ ਰੱਖਿਆ। ਗੁਰੂ ਸਿੱਖੀ ਦਾ ਪ੍ਰਚਾਰ ਤੇ ਸੰਗਤਾਂ ਦਾ ਉਧਾਰ ਕਰਨਾ, 2200 ਘੋੜਸਵਾਰ ਸਦਾ ਤਿਆਰ ਰੱਖਣੇ।

ਸਭ ਤੋਂ ਵੱਡੀ ਗੱਲ ਜਿਹੜੀ ਕਿ ਗੁਰੂ ਹਰਿਰਾਇ ਜੀ ਨੇ ਕੀਤੀ ਕਿ ਸਿੱਖੀ ਦੀ ਕੜੀ ਵਿਚ ਵੱਡਾ ਕਿਲ ਠੋਕ ਦਿੱਤਾ ਕਿ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਅਟੱਲ, ਸਰਬਉੱਚ ਹੈ। ਇਸ ਵਿਚ ਅੱਖਰ ਵਾਧਾ ਘਾਟਾ ਨਹੀਂ ਕੀਤਾ ਜਾ ਸਕਦਾ, ਸੋਧਿਆ ਤਬਦੀਲੀ ਨਹੀਂ ਕੀਤੀ ਜਾ ਸਕਦੀ। ਜਿਹੜਾ ਵੀ ਕੋਈ ਇਸ ਤਰ੍ਹਾਂ ਦੀ ਕਰਤੂਤ ਕਰਦਾ ਹੈ ਉਹ ਪੰਥ ਵਿਚੋਂ ਛੇਕਿਆ ਜਾਵੇ, ਮੂੰਹ ਨਾ ਲਾਏ, ਸਾਹਮਣੇ ਨਾ ਹੋਵੇ। ਕੋਈ ਵੀ ਸਾਂਝ ਨਹੀਂ (Completely Boycott, Condemn) ਅਸਲ ਵਿਚ ਕਰ ਦਿਖਾਇਆ। ਗੁਰੂ ਹਰਿ ਰਾਏ ਜੀ ਕਹਿਣੀ ਤੇ ਕਥਨੀ ਦੇ ਪੂਰੇ। ਰਾਮ ਰਾਇ ਜਦੋਂ ਔਰੰਗਜ਼ੇਬ ਦੇ ਪ੍ਰਭਾਵ ਵਿਚ ਆ ਕੇ ਸ਼ਬਦ ਬਦਲ ਦਿੱਤੇ ਜਿਸ ਨਾਲ ਅਰਥ ਹੀ ਬਦਲ ਗਏ, ਸੁਨੇਹਾ ਹੀ ਭੇਜ ਦਿੱਤਾ ਮੇਰੇ ਮੱਥੇ ਨਾ ਲੱਗੇ।

ਗੁਰੂ ਹਰਕ੍ਰਿਸ਼ਨ ਜੀ ਨੇ ਗੁਰਗੱਦੀ ਸੰਭਾਲਣ ਤੋਂ ਆਪਣੀ ਛੋਟੀ ਅਵਸਥਾ ਵਿਚ

ਹੀ ਗੁਰੂ ਗੱਦੀ ਦੀ ਮਾਨਤਾ ਕਾਇਮ ਕੀਤੀ ਅਤੇ ਝੁਕੇ ਨਹੀਂ–

'ਜਿਸ ਡਿਠੈ ਸਭ ਦੁਖ ਜਾਇ'

ਗੁਰੂ ਤੇਗ ਬਹਾਦਰ ਜੀ ਨੇ–

ਭੈ ਕਾਹੂ ਕਉ ਦੇਤ ਨਹਿ,
ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ।
ਗਿਆਨੀ ਤਾਹਿ ਬਖਾਨਿ॥

ਨਾਲ ਹੀ–

ਧਰਮ ਹੇਤ ਸਾਕਾ ਜਿਨ ਕੀਆ॥
ਸੀਸ ਦੀਆ ਪਰ ਸਿਰਰ ਨਾ ਦੀਆ॥

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗਰੰਥ ਸਾਹਿਬ ਦੀ ਬੀੜ ਨੂੰ ਭਾਈ ਮਨੀ ਸਿੰਘ ਜੀ ਤੋਂ ਲਿਖਵਾਇਆ। ਆਪ ਨੇ ਉਚਾਰਿਆ ਤੇ ਅੰਤਮ ਸਰੂਪ ਦੇਣ ਲਈ ਸੋ ਪੁਰਖ ਦੇ ਚਾਰ ਸ਼ਬਦ ਅਤੇ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਅਤੇ ਸਲੋਕ ਦਰਜ ਕਰਵਾਏ।

ਗੁਰੂ ਗਰੰਥ ਸਾਹਿਬ ਜੀ ਦੀ ਬੀੜ ਤਿਆਰ ਹੋਣ ਉਪਰੰਤ ਦਮਦਮਾ ਸਾਹਿਬ ਵਿਖੇ ਪ੍ਰਕਾਸ਼ ਕਰਵਾਏ ਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ਪਹਿਲਾ ਵਾਕ ਲਿਆ–

ਸਤਿਗੁਰ ਆਇਓ ਸਰਨ ਤੁਮਾਰੀ,
ਮਿਲੇ ਸੁਖ ਨਾਵ ਹਰ ਸੋਭਾ, ਚਿੰਤਾ ਲਾਏ ਹਮਾਰੀ॥
ਅਵਰ ਨਾ ਸੁਝੇ ਦੂਜੀ ਠੋਹਰ, ਹਾਰੁ ਪਇਓ ਤੋਹ ਨਿਵਾਰੀ॥

ਟੋਡੀ ਮਹੱਲਾ 5 ਅੰਗ 713

ਉਸ ਤੋਂ ਉਪਰੰਤ ਸਿੰਘਾਂ ਦਾ ਨਿੱਤ ਕਰਮ ਹੋ ਗਿਆ ਕਿ ਅੰਮ੍ਰਿਤ ਵੇਲੇ ਪ੍ਰਕਾਸ਼ ਕਰਨਾ, ਆਦੇਸ਼ ਜਾ ਵਾਕ ਲੈਣਾ, ਰਹਿਰਾਸ ਤੋਂ ਬਾਦ ਸਤੋਖ ਕੇ ਕੀਰਤਨ ਸੋਹਲੇ ਦੇ ਪਾਠ ਤੋਂ ਬਾਅਦ ਅਕਾਲ ਪੁਰਖ ਦਾ ਧੰਨਵਾਦ ਕਰਨਾ ਗੁਰੂ ਗਰੰਥ ਸਾਹਿਬ ਜੀ ਦੇ ਵਿਸਰਾਮ ਕਰਵਾਉਣੇ।

'ਜਿਥੇ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ਰਾਮ ਰਾਜੇ'

ਅਗਵਾਈ Rule, Temporal Authority

ਇਹ ਇਕ ਉਹ ਸਤਾਧਾਰੀ ਵਰਗ ਹੁੰਦਾ ਹੈ ਜਿਹੜਾ ਕਿ ਸਮੁਦਾਇ ਵਰਗ ਭਾਈਚਾਰ, ਪੰਥ ਆਦਿ ਦੀ ਸਹਿਮਤੀ ਨਾਲ ਫੈਸਲੇ ਲੈਂਦਾ ਹੈ ਅਤੇ ਲਾਗੂ ਕਰਦਾ ਹੈ। ਜਦੋਂ ਪੁਰਾਤਨ ਸਮਾਜ ਦੀ ਉਤਪਤੀ ਅਤੇ ਵਿਕਾਸ ਦਾ ਧਿਆਨ ਕਰਦੇ ਹਾਂ ਤਾਂ ਸਮਾਜ ਤੋਂ ਬਾਅਦ ਸਮਾਜ ਸੰਗਠਤ ਹੋ ਗਿਆ। ਰਾਜ, ਕਬੀਲਾ, ਵਰਗ ਜਾਂ ਕੋਈ ਸਮਾਜਕ ਇਕਾਈ ਜਿਹੜੀ ਕਿ ਮਤਾ ਲਾਗੂ ਕਰਨ ਲੱਗੀ। ਇਸ ਤਰ੍ਹਾਂ ਹੀ ਸਿੱਖ ਇਤਿਹਾਸ ਬਾਰੇ ਪੜਦੇ ਹਾਂ। ਪੀੜੀ ਦਰ ਪੀੜੀ ਗੁਰੂ ਸਾਹਿਬ ਅਗਵਾਈ ਕਰਦੇ ਰਹੇ।

ਗੁਰਗੱਦੀ ਪਹਿਲੇ ਗੁਰੂ ਸਾਹਿਬ ਤੋਂ ਅਗਲੇ ਗੁਰੂ ਸਾਹਿਬਾਨ ਨੂੰ ਸੌਂਪ ਦਿੰਦੇ ਰਹੇ। ਹੌਲੀ-ਹੌਲੀ ਅਗਵਾਈ ਤਖ਼ਤ ਦੇ ਰੂਪ ਵਿਚ ਹੋਣ ਲੱਗੀ ਕਿਉਂਕਿ ਫੈਸਲੇ ਧਾਰਮਕ ਅਧਾਰ ਤੇ ਪ੍ਰਮਾਤਮਾ ਨੂੰ ਸਨਮੁੱਖ ਜਾਣਦੇ ਹੋਏ ਹੋਣ ਲੱਗੇ ਤਾਂ ਅਕਾਲ ਤਖ਼ਤ ਦਾ ਰੂਪ ਲੈ ਲਿਆ। ਸਿੱਖ ਧਰਮ ਵਿਚ ਮਰਿਆਦਾਵਾਂ ਹੋਂਦ ਵਿਚ ਆਈਆਂ, ਪਾਲਣਾ ਹੋਣ ਲੱਗੀ।

ਨੌਵੇਂ ਪਾਤਸ਼ਾਹ ਦੀ ਸ਼ਹੀਦੀ ਤੋਂ ਬਾਅਦ ਕੁਝ ਕਮਜ਼ੋਰੀਆਂ ਨੂੰ ਦੂਰ ਕਰਨ ਲਈ, ਸੰਗਠਤ ਰੂਪ, ਵੱਖਰੀ ਪਛਾਣ ਦੇਣ ਦੀ ਲੋੜ ਗੁਰੂ ਗੋਬਿੰਦ ਸਿੰਘ ਜੀ ਨੇ ਮਹਿਸੂਸ ਕੀਤੀ। ਇਕ ਨਿਆਰਾ ਪੰਥ ਖਾਲਸਾ ਹੋਂਦ ਵਿਚ ਲਿਆਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਣ ਲਿਆ। ਭਾਵੇਂ ਉਸਦੀਆਂ ਨੀਂਹਾਂ ਪਹਿਲੇ ਗੁਰੂ ਸਾਹਿਬਾਨ ਨੇ ਰੱਖ ਦਿੱਤੀਆਂ ਗਈਆਂ ਸਨ। ਪਰ ਕਿਲ੍ਹਾ ਉਸਾਰਨ ਦਾ ਕੰਮ ਹਾਲੇ ਰਹਿੰਦਾ ਸੀ।

ਗੁਰੂ ਨਾਨਕ ਦੇਵ ਜੀ ਸਮੇਂ ਸਮਾਜ ਬਹੁਤ ਵਹਿਮਾਂ ਭਰਮਾਂ, ਜਾਤ ਪਾਤ, ਛੂਤ ਛਾਤ, ਰਹਿਮ ਕਰਮ ਅਤੇ ਅਗਿਆਨਤਾ ਦਾ ਯੁੱਗ ਸੀ। ਉਹ ਸੰਗਤਾਂ ਨੂੰ ਉਪਦੇਸ਼ ਦਿੰਦੇ, ਪਰਮਾਤਮਾ ਇਕ ਸਰਬ ਸ਼ਕਤੀਮਾਨ, ਸਰਬ ਵਿਆਪਕ ਅਤੇ ਬੇਅੰਤ ਹੈ। ਉਹ ਆਪਣੇ ਭਗਤਾਂ ਨੂੰ ਦੁੱਖਾਂ, ਕਸ਼ਟਾਂ, ਕਲੇਸ਼ਾਂ, ਤਕਲੀਫ਼ ਸਮੇਂ ਮਦਦ ਕਰਦਾ ਹੈ। ਇਸ ਲਈ ਪ੍ਰਮਾਤਮਾ ਤੇ ਸ਼ਰਧਾ ਰੱਖੋ, ਨਾਮ ਜਪੋ, ਨਾਮ ਜਪਣ ਤੇ ਸਿਮਰਨ ਨਾਲ ਹਊਮੇ ਦਾ ਅੰਤ ਹੁੰਦਾ ਹੈ, ਚੰਗਾ ਕਰਮ, ਕਿਰਤ ਕਰੋ, ਸਭ ਨੂੰ ਬਰਾਬਰ ਸਮਝੋ। ਇਸਤਰੀ ਨੂੰ ਬਰਾਬਰ ਸਨਮਾਨ ਕਰੋ। ਗ੍ਰਹਿਸਤੀ ਜੀਵਨ ਵਿਚ ਵੀ ਪ੍ਰਭੂ ਪ੍ਰਾਪਤ ਹੋ ਸਕਦੀ ਹੈ। ਫਜ਼ੂਲ ਦੇ ਕਰਮ ਕਾਂਡ ਨੂੰ ਨਾ ਅਪਣਾਓ। ਬਹੁਤ ਸੰਗਤ ਇਨ੍ਹਾਂ ਉਪਦੇਸ਼ਾਂ ਦੀ ਧਾਰਨੀ ਹੋ ਗਈ, ਪੱਕੇ ਸਿੱਖ ਬਣਨ ਲਈ ਚਰਨ ਧੋ ਕੇ ਪੀਂਦੇ ਸਨ ਤਾਂ ਪੱਕੇ ਸਿੱਖ ਅਖਵਾਉਂਦੇ ਸਨ। ਗੁਰੂ ਸਾਹਿਬਾਨ ਨੇ ਕਿਹਾ ਇਸ ਤਰ੍ਹਾਂ ਕਰਨਾ ਠੀਕ ਨਹੀਂ ਪਰ ਸਿੱਖਾਂ ਦੀ ਮਨੋਗਿਆਨਕ ਸੰਤੁਸ਼ਟੀ ਨਹੀਂ ਹੁੰਦੀ ਸੀ। ਦੂਜੇ ਗੁਰੂ ਸਾਹਿਬਾਨ ਸਿੱਖ ਬਣਨ ਜਾਂ ਬਣਾਉਣ ਜਾਂ ਸਿੱਖ ਮਤ ਦੇ ਪੱਕੇ ਅਨੁਯਾਈਆਂ ਲਈ, ਪਾਣੀ ਦੇ ਗਲਾਸ ਵਿਚ ਅੰਗੂਠਾ ਫੇਰ ਕੇ ਪਾਣੀ ਪਿਆ ਦਿੰਦੇ ਸਨ ਤਾਂ-ਉਹ ਅੰਮ੍ਰਿਤ ਬਣ ਜਾਂਦਾ। ਗੁਰੂ ਅਰਜਨ ਦੇਵ ਜੀ ਦੇ ਸਮੇਂ ਜਿਥੇ ਗੁਰੂ ਸਾਹਿਬ ਗੁਰਬਾਣੀ ਪੜ੍ਹਦੇ, ਨਿਤਨੇਮ ਕਰਦੇ, ਉਥੇ ਸਵੱਛ ਪਾਣੀ ਰੱਖ ਲੈਂਦੇ ਸੀ। ਗੁਰੂ ਸ਼ਬਦ ਦੇ ਅਸਰ ਨਾਲ ਉਹ ਅੰਮ੍ਰਿਤ ਬਣ ਜਾਂਦਾ ਸੀ। ਜਲ ਛਕਦੇ ਤੇ ਛਕਾਉਂਦੇ। ਪੱਕੇ ਸਰਧਾਵਾਨ ਸਿੱਖ ਅਖਵਾਉਂਦੇ ਸਨ।

'ਕੁੰਭੇ ਦਾ ਬਧਾ ਜਲੁ ਰਹੈ, ਜਲ ਬਿਨ ਕੁੰਭ ਨਾ ਹੋਇ'

ਇਸ ਤਰ੍ਹਾਂ ਸਿੱਖ ਕੌਮ ਦਾ ਵਿਸਥਾਰ ਹੁੰਦਾ ਗਿਆ, ਸਿੱਖੀ ਰਹਿਣੀ, ਬਹਿਣੀ, ਨਿੱਤਨੇਮ, ਕਰਮ ਕਾਂਡ ਤੇ ਵਿਰੁੱਧ ਪ੍ਰਚਾਰ ਕਰਦੇ, ਵਹਿਮਾਂ ਭਰਮਾਂ ਤੋਂ ਮੁਕਤ ਹੋਣ ਦਾ ਉਪਦੇਸ਼ ਦਿੰਦੇ। ਅੰਮ੍ਰਿਤ ਅਨੁਸ਼ਾਸ਼ਨ ਦਾ ਪ੍ਰਤੀਕ ਹੈ, ਅਨੁਸ਼ਾਸ਼ਨ ਅਤੇ ਯੋਜਨਾਬੰਧ ਜੀਵਨ ਨੂੰ ਬਹੁਤ ਸ਼ਕਤੀ ਪ੍ਰਾਪਤ ਹੁੰਦੀ ਹੈ। ਜਿਵੇਂ ਪਾਣੀ ਨੂੰ ਹਾਈਡਰੋਲਿਕ ਪ੍ਰੋਜੈਕਟ ਬਣਾ ਕੇ ਸਰਬਪੱਖੀ ਲਾਭ ਪ੍ਰਾਪਤ ਕਰਦੇ ਹਾਂ। ਨਾਲ ਹੀ ਤਮਾਕੂ ਆਦਿ ਦਾ ਸੇਵਨ ਕਰਨ ਦੀ ਮਨਾਹੀ ਕਰਦੇ। ਗੁਰੂ ਹਰਿ ਰਾਏ ਜੀ ਨੇ ਕੇਸ ਨਾ ਕਟਾਉਣੇ, ਤੰਮਾਕੂ ਨਾ ਪੀਣਾ, ਟੋਪੀ ਨਾ ਪਹਿਨਣੀ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਣ ਤੋਂ ਪਹਿਲਾਂ ਸੰਦੇਸ਼ ਦਿੱਤਾ ਸੀ ਕਿ ਕੇਸ ਰੱਖੋ, ਬੀਰਤਾ ਬਹਾਦਰੀ ਗ੍ਰਹਿਣ ਕਰਨ ਦਾ ਮੌਕਾ ਹੈ।

ਇਸ ਕਰਕੇ ਸੰਗਤਾਂ ਨੂੰ ਹੁਕਮਨਾਮੇ ਭੇਜ ਕੇ ਵਿਸਾਖੀ 1699 ਈ: ਤੇ ਅਨੰਦਪੁਰ ਇਕੱਠੇ ਹੋਣ ਲਈ ਆਖਿਆ ਤੇ ਖਾਲਸੇ ਦੀ ਸਾਜਨਾ ਕੀਤੀ। ਕੀਰਤਨ ਉਪਰੰਤ ਗੁਰੂ ਜੀ ਨੇ ਆਪਣੀ ਕਿਰਪਾਨ ਮਿਆਨ ਵਿਚੋਂ ਕੱਢ ਕੇ ਇਕ ਸਿਰ ਦੀ ਮੰਗ ਕੀਤੀ। ਜੋ ਸਿਰ ਦੀ ਕੁਰਬਾਨੀ, ਬਲੀਦਾਨ ਕਰਨ ਲਈ ਤਿਆਰ ਹੈ। ਇਹ ਸੁਣ ਕੇ ਸਭ ਪਾਸੇ ਚੁੱਪਚਾਪ, ਸ਼ਾਂਤੀ ਵਾਪਰ ਗਈ, ਫਿਰ ਤੀਜੀ ਵਾਰ ਕਹਿਣ ਤੇ ਭਾਈ ਦਇਆ ਸਿੰਘ ਅੱਗੇ ਆਇਆ। ਇਸ ਤਰ੍ਹਾਂ ਵਾਰ-ਵਾਰ ਸਿਰ ਮੰਗਣ ਤੇ ਭਾਈ ਧਰਮ ਦਾਸ, ਭਾਈ ਹਿੰਮਤ ਰਾਇ, ਭਾਈ ਮੁਹਕਮ ਚੰਦ ਤੇ ਭਾਈ ਸਾਹਿਬ ਸਿੰਘ ਨੇ ਸੀਸ ਭੇਂਟ ਕੀਤੇ।

ਉਨ੍ਹਾਂ ਨੇ ਲੋਹੇ ਦੇ ਬਾਟੇ ਵਿਚ ਮਿਸਰੀ, ਪਤਾਸ਼ੇ, ਸ਼ਹਿਦ ਆਦਿ ਪਾਣੀ ਵਿਚ ਪਾ ਕੇ, ਖੰਡੇ ਨਾਲ ਰਲਾਇਆ ਤੇ ਗੁਰਬਾਣੀ ਦਾ ਉਚਾਰਨ ਕੀਤਾ ਤੇ ਅਮ੍ਰਿਤ (ਖੰਡੇ ਦੀ ਪਾਹੁਲ) ਤਿਆਰ ਹੋ ਗਈ।

ਪੰਜਾਂ ਸਿੱਖਾਂ ਨੂੰ ਇਕੋ ਜਿਹੀ ਪੁਸ਼ਾਕ ਪੁਆ ਕੇ ਖੰਡੇ ਦੀ ਪਾਹੁਲ (ਅੰਮ੍ਰਿਤ) ਛਕਾਇਆ ਤੇ ਰਹਿਤ ਮਰਿਆਦਾ ਦ੍ਰਿੜ ਕਰਵਾਈ ਤੇ ਉਨ੍ਹਾਂ ਨੂੰ ਖਾਲਸਾ ਨਾਮ ਦਿੱਤਾ। ਫਿਰ ਆਪ ਉਨ੍ਹਾਂ ਤੋਂ ਛਕਿਆ-

ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ
ਖਾਲਸਾ ਗੁਰੂ ਹੈ, ਗੁਰੂ ਖਾਲਸਾ ਹੈ।

ਨਾਲ ਹੀ ਪੰਜ ਕਕਾਰ ਕੇਸ, ਕੜਾ, ਕੰਘਾ, ਕੱਛਾ, ਕਿਰਪਾਨ ਅੰਗ ਸੰਗ ਰਹਿਣ। ਉਸ ਸਮੇਂ 20,000 ਸਿੰਘਾਂ ਨੇ ਅੰਮ੍ਰਿਤ ਛਕਿਆ। ਪਰ ਨਾਲ ਹੀ ਖਾਲਸੇ ਨੂੰ ਸਰਬ ਸ਼ਕਤੀਮਾਨ ਬਣਾ ਦਿੱਤਾ, ਪੰਜਾਂ ਸਿੰਘਾਂ ਨੂੰ ਅਸੀਮਤ ਸ਼ਕਤੀਆਂ ਬਖਸ਼ੀਆਂ, ਜਿਸ ਦੇ ਹੁਕਮਾਂ ਦੀ ਪਾਲਣਾ ਕਰਨ ਦੀ ਹਰ ਇਕ ਦੀ ਜ਼ੁੰਮੇਵਾਰੀ ਹੈ, ਜੇਕਰ ਹੁਕਮਾਂ ਦੀ ਪਾਲਣਾ ਨਾ ਕੀਤੀ ਜਾਵੇ ਤਾਂ ਕੋਈ ਸਜ਼ਾ ਜਾਂ ਤਨਖਾਹ ਲਾਈ ਜਾ ਸਕਦੀ ਹੈ। ਜੇਕਰ ਕੋਈ ਬੱਜਰ ਗਲਤੀ ਕਰਦਾ ਹੈ ਤਾਂ ਖਾਲਸਾ ਪੰਥ ਵਿਚੋਂ ਛੇਕਿਆ ਜਾ ਕੱਢਿਆ ਜਾ ਸਕਦਾ ਹੈ। ਉਨ੍ਹਾਂ ਸਮੇਂ ਵਿਚ ਹੀ ਵਰਤੋਂ ਹੋਈ ਤੇ ਤਨਖਾਹ ਵੀ ਭੁਗਤੀ, ਤੇ ਕਈ ਹੁਕਮਾਂ ਨੂੰ ਭਾਵੇਂ ਭਾਰੀ ਮੰਨ ਨਾਲ ਮੰਨਿਆ ਪਰ ਮੰਨਿਆ ਗਿਆ।

ਚਮਕੌਰ ਦੀ ਜੰਗ ਸਮੇਂ ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ ਦੀ ਸ਼ਹੀਦੀ ਨਾਲ ਨਾਲ ਸਿੰਘਾਂ ਦੀਆਂ ਸ਼ਹੀਦੀਆਂ ਹੋਣ ਕਰਕੇ ਗੜ੍ਹੀ ਦੇ ਸਿੰਘ ਸੋਚਦੇ ਸਨ ਕਿ ਜਿਵੇਂ ਗੁਰੂ ਸਾਹਿਬ ਜੰਗ ਵਿਚ ਕੁੱਦਣ ਲਈ ਤਿਆਰ ਬੈਠੇ ਹਨ ਪੱਕਾ ਮਨ ਬਣਾਈ ਬੈਠੇ ਹਨ। ਜੇ ਇਹ ਜੰਗ ਵਿਚ ਸ਼ਹੀਦ ਹੋ ਜਾਂਦੇ ਹਨ। ਸਿੰਘਾਂ ਦਾ ਵਾਲੀ ਵਾਰਸ ਕੌਣ ਹੋਵੇਗਾ। ਇਨ੍ਹਾਂ ਨੂੰ ਗੜ੍ਹੀ ਤੋਂ ਬਾਹਰ ਕੱਢੀਏ। ਗੁਰੂ ਜੀ ਨੂੰ ਬਹੁਤ ਵਾਰ ਬੇਨਤੀਆਂ ਕੀਤੀਆਂ ਪਰ ਉਹ ਅਟੱਲ ਅੜੇ ਰਹੇ। ਅਖੀਰ ਉਨ੍ਹਾਂ ਨੂੰ ਜੋ ਸ਼ਕਤੀ ਗੁਰੂ ਸਾਹਿਬ ਜੀ ਨੇ ਪੰਜਾਂ ਸਿੰਘਾਂ ਨੂੰ ਦਿੱਤੀ ਸੀ, ਉਸਦੀ ਵਰਤੋਂ ਕੀਤੀ ਗਈ। ਨਾਲ ਹੀ ਕਿਹਾ ਤੁਹਾਡੀ ਦਿੱਤੀ ਹੋਈ ਸ਼ਕਤੀ ਦੀ ਵਰਤੋਂ ਕਰਦੇ ਹੋਏ ਹੁਕਮ ਕਰਦੇ ਹਾਂ ਕਿ ਤੁਸੀਂ

ਗੜ੍ਹੀ ਖਾਲੀ ਕਰ ਦਿਓ, ਅਸੀਂ ਸੰਭਾਲ ਕਰਾਂਗੇ। ਗੁਰੂ ਸਾਹਿਬ ਜੀ ਨੇ ਉਸ ਹੁਕਮ ਅੱਗੇ ਸਿਰ ਝੁਕਾ ਦਿੱਤਾ।

ਇਕ ਵਾਰ ਗੁਰੂ ਜੀ ਇਕ ਮਕਬਰੇ ਦੇ ਕੋਲ ਦੀ ਲੰਘਦੇ ਹੋਏ, ਉਸਦੀ ਸੁੰਦਰ ਬਨਾਵਟ ਦੀ ਤਾਰੀਫ਼ ਕੀਤੀ ਤਾਂ ਸਿੰਘਾਂ ਨੇ ਧਿਆਨ ਵਿਚ ਲੈ ਲਿਆ। ਤਨਖਾਹ ਲਾ ਦਿੱਤੀ। ਗੁਰੂ ਜੀ ਨੇ ਤਨਖਾਹ ਭੁਗਤੀ।

1708 ਵਿਚ ਨਾਂਦੇੜ ਸਾਹਿਬ ਤੋਂ ਬੰਦਾ ਬਹਾਦਰ ਨੂੰ ਪੰਜਾਬ ਭੇਜਿਆ ਤਾਂ ਨਾਲ ਪੰਜ ਸਿੰਘ ਦੇ ਨਾਲ 20 ਸਿੰਘ ਹੋਰ, ਤੀਰਾਂ ਦਾ ਥੱਬਾਂ, ਸ਼ਸ਼ਤਰ ਆਦਿ ਦੇ ਕੇ ਭੇਜਿਆ ਤੇ ਨਾਲ ਹੀ ਬੰਦੇ ਨੂੰ ਹੁਕਮ ਕਰ ਦਿੱਤਾ ਜੋ ਪੰਜ ਸਿੰਘ ਕਹਿਣ ਉਸ ਤਰ੍ਹਾਂ ਹੀ ਕਰਨਾ, ਬੰਦਾ ਬਹਾਦਰ ਨੇ ਉਹ ਹੁਕਮ ਸਿਰ ਮੱਥੇ ਪ੍ਰਵਾਨ ਕੀਤਾ।

ਇਸ ਤਰ੍ਹਾਂ ਪੰਥ ਦੀ ਅਗਵਾਈ ਪ੍ਰਵਾਨਤ ਹੋ ਗਈ। ਪੰਜਾਂ ਪਿਆਰਿਆਂ ਨੂੰ ਗੁਰੂ ਜੀ ਨੇ ਆਪਣੇ ਤੋਂ ਵੀ ਉੱਚਾ ਸਥਾਨ ਦਿੱਤਾ। ਕੋਈ ਪੰਜ ਸਿੰਘ ਕਿਸੇ ਵਿਅਕਤੀ ਨੂੰ ਅੰਮ੍ਰਿਤਪਾਨ ਕਰਵਾ ਸਕਦੇ ਹਨ। ਕੋਈ ਪੰਜਾਂ ਪਿਆਰਿਆਂ ਜਾਂ ਸਿੰਘਾਂ ਦੇ ਇਕੱਠ ਨੂੰ ਰੱਦ ਨਹੀਂ ਕਰ ਸਕਦਾ, ਕੋਈ ਅਪੀਲ ਵੀ ਨਹੀਂ ਕੀਤੀ ਜਾ ਸਕਦੀ। ਚੁੱਪਚਾਪ ਫੈਸਲਾ, ਹੁਕਮ, ਸਜ਼ਾ ਜਾਂ ਤਨਖਾਹ ਲਗਾਉਣੀ ਜ਼ਰੂਰੀ ਹੈ ਤੇ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਜੇਕਰ ਕੋਈ ਕਿੰਤੂ ਪ੍ਰੰਤੂ ਕਰਦਾ ਹੈ ਤਾਂ ਇਸ ਤੋਂ ਵੀ ਕਰੜੀ ਤਨਖਾਹ ਲਾਈ ਜਾਵੇਗੀ। ਅਕਾਲ ਤਖ਼ਤ ਦੀ ਸਤਾ ਪੰਜ ਸਿੰਘਾਂ ਨੂੰ ਸੌਂਪ ਦਿੱਤੀ ਗਈ। ਗੁਰੂ ਹਰਗੋਬਿੰਦ ਜੀ ਨੇ ਜਿਸ ਭਾਵਨਾ ਨਾਲ ਅਕਾਲ ਤਖ਼ਤ ਨੂੰ ਹੋਂਦ ਵਿਚ ਲਿਆਂਦਾ ਸੀ। ਉਸਨੂੰ ਖਾਲਸਾ ਪੰਥ ਵਿਚ ਸਭ ਤੋਂ ਸਰਬ ਉੱਚ ਸਥਾਨ ਪਰਵਾਨਤ ਕਰ ਦਿੱਤਾ ਗਿਆ। ਪੰਜ ਸਿੰਘ ਸਾਹਿਬਾਨ ਪੰਥਕ ਸਮੁਦਾਇ ਭਾਈਚਾਰਾ, ਪੰਥ ਖਾਲਸਾ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਭਾਵਨਾ, ਉਦੇਸ਼, ਸਿਧਾਂਤ, ਵਿਚਾਰ ਅਨੁਸਾਰ ਫੈਸਲੇ ਲੈਣੇ ਅਤੇ ਲਾਗੂ ਕਰਨ ਦੀ ਅਗਵਾਈ ਕਰਨੀ ਹੈ।

ਇਨ੍ਹਾਂ ਤੱਥਾਂ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਗਹੁ ਨਾਲ ਵਿਚਾਰਿਆ ਤੇ ਖਾਲਸਾ ਸੁਤੰਤਰ ਕੌਮ, ਰਾਸ਼ਟਰੀਅਤ ਦੇ ਤੌਰ ਤੇ ਨਜ਼ਰੀ ਆਉਣ ਲੱਗੀ। ਕਿਉਂਕਿ ਬੋਲੀ, ਪ੍ਰੰਪਰਾਵਾਂ, ਮਰਿਆਦਾ, ਇਲਾਕਾ, ਪਛਾਣ (ਪੰਜਾਬੀ ਪਛਾਣ) 'ਪੰਜਾਬ ਖਾਲਸੇ ਦੀ ਜਨਮ ਭੂਮੀ' ਜਿਵੇਂ ਪ੍ਰੋ. ਪੂਰਨ ਸਿੰਘ ਨੇ ਕਿਹਾ–

'ਪੰਜਾਬ ਜੀਉਂਦਾ ਗੁਰੂਆਂ ਦੇ ਨਾਂ ਤੇ'

ਸਾਂਝੇ ਹਿੱਤ, ਉਦੇਸ਼, ਮਨੋਵਿਗਿਆਨਕ ਸਾਂਝ ਆਦਿ ਦੇ ਵਜੂਦ ਦਿਸੇ। ਇਨ੍ਹਾਂ ਦੀ ਯੋਗ ਅਗਵਾਈ, ਗੁਰੂ ਸਾਹਿਬਾਨ ਦਾ ਆਤਮਕ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਹੀ ਦੇ ਸਕਦਾ ਹੈ। ਗੁਰਗੱਦੀ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਸੌਂਪਣੀ ਬਣਦੀ ਹੈ।

'ਪੰਥ ਚਲਾਵਨ ਧਰਮ ਉਭਾਰਨ'

ਆਖਰ ਗੁਰੂ ਜੀ ਨੇ ਬੜੀ ਪ੍ਰਸੰਨਤਾ ਨਾਲ ਆਪਣੀ ਚੁੱਪ ਤੋੜੀ ਤੇ ਕਿਹਾ ਅੰਗੀਠਾ ਤਿਆਰ ਕਰੋ, ਸੱਚਖੰਡ ਜਾਣ ਦਾ ਸਮਾਂ ਆ ਗਿਆ ਹੈ। ਸਿੰਘਾਂ ਨੇ ਬੜੀ ਸ਼ਰਧਾ ਪੂਰਵਕ ਅੰਗੀਠਾ ਤਿਆਰ ਕੀਤਾ, ਜੰਗਲ ਵਿਚੋਂ ਚੰਦਨ ਦੀ ਲੱਕੜ ਲੱਭ ਕੇ

ਲਿਆ ਕੇ ਅੰਗੀਠੇ ਵਿਚ ਚਿਣੀ।

ਗੁਰੂ ਸਾਹਿਬ ਆਪਣੇ ਨਿੱਤਨੇਮ ਅਨੁਸਾਰ ਉੱਠੇ, ਗੰਗਾ ਮਾਤਾ ਗੋਦਾਵਰੀ ਤੇ ਇਸ਼ਨਾਨ ਕੀਤਾ। ਨਿੱਤਨੇਮ ਕੀਤਾ ਤੇ ਗੁਰੂ ਗਰੰਥ ਸਾਹਿਬ ਦੇ ਬਰਾਬਰ ਆਪਣੇ ਆਸਣ ਤੇ ਆ ਬੈਠੇ, ਆਸਾ ਜੀ ਦੇ ਵਾਰ ਦੇ ਕੀਰਤਨ ਸਿਮਰਨ ਕੀਤੇ। (ਗੁਰੂ ਸਾਹਿਬ ਦਾ ਦਮਦਮਾ ਸਾਹਿਬ ਤਲਵੰਡੀ ਤੋਂ ਜਦੋਂ ਗੁਰੂ ਗਰੰਥ ਸਾਹਿਬ ਦੀ ਸਪੂੰਰਨਤਾ ਤੋਂ ਬਾਅਦ ਨਿੱਤਨੇਮ ਬਣ ਚੁੱਕਾ ਸੀ ਕਿ ਪ੍ਰਕਾਸ਼ ਕਰਨ ਤੋਂ ਬਾਅਦ ਆਸਾ ਦੀ ਵਾਰ ਦੇ ਕੀਰਤਨ ਹੁੰਦੇ ਭੋਗ ਪੈਂਦੇ ਸਨ) ਗੁਰੂ ਸਾਹਿਬ ਜੀ ਦਾ ਗੁਰੂ ਗਰੰਥ ਸਾਹਿਬ ਜੀ ਦੇ ਬਰਾਬਰ ਆਸਨ ਹੁੰਦੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ 1604 ਈ: ਵਿਚ ਸ੍ਰੀ ਹਰਮੰਦਰ ਸਾਹਿਬ ਵਿਖੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਵਾਇਆ ਸੀ ਤਾਂ ਗੁਰੂ ਸਾਹਿਬ ਜੀ ਦਾ ਬਰਾਬਰ ਆਸਨ ਹੁੰਦਾ ਹੈ। ਤੇ ਉੱਠ ਕੇ ਗੁਰੂ ਗਰੰਥ ਸਾਹਿਬ ਜੀ ਸਾਹਮਣੇ ਨਾਰੀਅਲ ਭੇਂਟਾ ਕੀਤਾ। ਕੇਸਰ ਤਿਲਕ ਲਗਾਇਆ ਤੇ ਰੁਮਾਲਾ ਸਾਹਿਬ ਚੜਾਇਆ ਤੇ ਮੱਥਾ ਟੇਕਿਆ ਤੇ ਅਰਦਾਸ ਕੀਤੀ। ਆਪ ਜੀ ਨੇ ਅਰਦਾਸ ਸਮੇਂ ਅਕਾਲ ਪੁਰਖ ਨੂੰ ਸ਼ੇਸ਼ ਨਾਗ ਵਾਂਗ ਵੱਖੋ ਵੱਖਰੇ ਨਾਵਾਂ ਨਾਲ ਯਾਦ ਕੀਤਾ ਤੇ ਅਖੀਰ ਹੁਕਮ ਕੀਤਾ-

ਅਕਾਲ ਪੁਰਖ ਦਾ ਹੁਕਮ ਹੈ ਤਬੈ ਚਲਾਯੋ ਪੰਥ
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗੰਥ॥
ਗੁਰੂ ਗਰੰਥ ਕੋ ਮਾਨਿਓ ਪ੍ਰਗਟ ਗੁਰਾ ਦੀ ਦੇਹ
ਜੋ ਪ੍ਰਭੂ ਕੋ ਮਿਲਬੋ ਚਹੈ, ਖੋਜ ਸ਼ਬਦ ਮੈਂ ਲੇਹ।

ਜੈਕਾਰੇ ਬੁਲਾਏ
ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।
ਸ੍ਰੀ ਗੁਰੂ ਗਰੰਥ ਸਾਹਿਬ ਜੀ ਤੋਂ ਹੁਕਮਨਾਮਾ ਲਿਆ ਗਿਆ-
ਮਾਰੂ ਮਹਲਾ 5-

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ।
ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ
ਅਬ ਮੋਹਿ ਜੀਵਨ ਪਦਵੀ ਪਾਈ॥
ਚੀਤਿ ਆਇਓ ਮਨਿ ਪੁਰਖੁ ਬਿਧਾਤਾ
ਸੰਤਨ ਕੀ ਸਰਣਾਈ- ਰਹਾਓ

ਗੁਰੂ ਗ੍ਰੰਥ ਸਾਹਿਬ ਜੀ ਅੰਗ 1000

ਕੜਾਹ ਪ੍ਰਸ਼ਾਦ ਵਰਤਾਏ ਗਏ। ਲੰਗਰ ਚਲਾਏ ਗਏ, ਸਿੰਘ ਗੁਰੂ ਸਾਹਿਬ ਨੂੰ ਆਪੋ ਵਿਚ ਇਕ ਦੂਜੇ ਨੂੰ ਵਧਾਈਆਂ ਦੇਣ ਲੱਗੇ। ਅੰਦਰ ਖਾਤੇ ਗੁਰੂ ਜੀ ਦੇ ਫੈਸਲੇ ਤੋਂ ਹੈਰਾਨ ਕਿਵੇਂ ਗੁਰਗੱਦੀ ਚੱਲੇਗੀ ਆਦਿ ਪਹਿਲਾਂ ਸੋਚਦੇ ਸਨ ਕਿ ਭਾਈ ਦਇਆ ਸਿੰਘ ਜਾਂ ਭਾਈ ਧਰਮ ਸਿੰਘ ਨੂੰ ਦਿੱਤੀ ਜਾਵੇਗੀ ਕਿਉਂਕਿ ਇਹ ਖਾਲਸੇ ਦੀ ਸਿਰਜਣਾ ਦੇ ਮੋਹਰੀ ਸਨ, ਚਸ਼ਮਦੀਨ ਗਵਾਹ ਜਾਂ ਅੰਗਸੰਗ ਸਨ। ਭਾਈ ਦਇਆ ਸਿੰਘ ਨੂੰ ਸ੍ਰੀ ਗੁਰੂ

ਗਰੰਥ ਸਾਹਿਬ ਜੀ ਦੀ ਸਾਂਭ ਸੰਭਾਲ, ਪਰਕਾਸ਼ ਕਰਨਾ, ਸਤੌਖਨਾ, ਬਿਸਰਾਮ ਆਦਿ ਦੀ ਜ਼ੁੰਮੇਵਾਰੀ ਸੀ। ਭਾਈ ਧਰਮ ਸਿੰਘ ਹਰ ਤਰ੍ਹਾਂ ਸਹਿਯੋਗ ਦਿੰਦੇ ਸਨ। ਸੋਚਣ ਲੱਗੇ ਹੁਕਮ ਜਾ ਨਿਰਦੇਸ਼ ਦੇਣਗੇ ਇਸ ਤਰ੍ਹਾਂ ਵਿਚਾਰਾਂ ਕਰਦੇ ਰਹੇ।

ਅਗਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਰੋਜ਼ਾਨਾ ਦੀ ਤਰ੍ਹਾਂ ਗੰਗਾ ਮਾਤਾ ਗੋਦਾਵਰੀ ਤੇ ਇਸ਼ਨਾਨ ਕੀਤਾ। ਨਵੇਂ ਬਸਤਰ ਪਹਿਨੇ ਨਿਤਨੇਮ ਕੀਤਾ ਤੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ ਅਤੇ ਸੰਗਤ ਵਿਚ ਜਾ ਬੈਠੇ। ਆਸਾ ਦੀ ਵਾਰ ਦੇ ਕੀਰਤਨ ਸਿਮਰਨ ਕੀਤੇ ਤੇ ਭੋਗ ਪਏ।

ਭਾਈ ਧਰਮ ਸਿੰਘ ਜੀ ਨੇ ਅਰਦਾਸ ਕੀਤੀ ਤੇ ਹੁਕਮ ਕੀਤਾ–

ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ॥
ਗੁਰੂ ਗਰੰਥ ਕੋ ਮਾਨਿਓ ਪ੍ਰਗਟ ਗੁਰਾ ਦੀ ਦੇਹ
ਜੋ ਪ੍ਰਭੂ ਕੋ ਮਿਲਬੋ ਚਹੈ ਖੋਜ ਸ਼ਬਦ ਮੈ ਲੇਹ

ਜੈਕਾਰੇ ਬੁਲਾਏ

ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।

ਹੁਕਮਨਾਮਾ ਲਿਆ ਗਿਆ। ਉਪਰੰਤ ਪ੍ਰਸ਼ਾਦ ਵਰਤਾਏ ਗਏ।

ਪ੍ਰਸ਼ਾਦ ਵਰਤਾਉਣ ਉਪਰੰਤ ਗੁਰੂ ਸਾਹਿਬ ਉੱਠੇ। ਸਿੰਘਾਂ ਨੂੰ ਹੱਥ ਜੋੜ ਕੇ ਫਤਿਹ ਬੁਲਾਈ

'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ'

ਉਪਰੰਤ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਬੁਲਾਉਂਦੇ ਅੰਗੀਠਾ ਸਾਹਿਬ ਵੱਲ ਚਲ ਪਏ। ਸਿੰਘ ਵੀ ਜੈਕਾਰੇ ਬੁਲਾਉਂਦੇ ਨਾਲ ਚੱਲਦੇ ਗਏ।

ਪਲਕ ਦੀ ਝਮਕ ਵਿਚ ਪ੍ਰਲੋਕ ਗਮਨ ਕਰ ਗਏ। ਸਿੰਘਾਂ ਨੂੰ ਸੰਦੇਹ ਹੋਇਆ ਕਿ ਘੋੜੇ ਤੇ ਚੜ੍ਹ ਕੇ ਚਲੇ ਗਏ।

ਸਿੰਘ ਅੰਗੀਠੇ ਦੇ ਮੁੱਢ ਹੀ ਬੈਠ ਗਏ। ਵਿਰਲਾਪ ਕਰਦੇ ਰਹੇ, ਵਿਚਾਰ ਕਰਦੇ ਰਹੇ, ਦੋ ਤਿੰਨ ਦਿਨ ਬਾਅਦ ਜਦੋਂ ਅੰਗੀਠਾ ਠੰਡਾ ਹੋਇਆ ਤਾਂ ਅੰਗੀਠਾ ਫੋਲਿਆ ਜਾ ਚੁਣਿਆ ਤਾਂ ਸਿਰੀ ਸਾਹਿਬ ਮਿਲਿਆ। ਸੰਦੇਹ ਪੱਕਾ ਹੋ ਗਿਆ ਕਿ ਗੁਰੂ ਸਾਹਿਬ ਘੋੜੇ 'ਤੇ ਚੜ੍ਹ ਕੇ ਚਲੇ ਗਏ। ਗੁਰੂ ਸਾਹਿਬ ਸਾਥੋਂ ਸਰੀਰਕ ਤੌਰ ਤੇ ਅਲੱਗ ਹੋ ਗਏ। ਪਰ ਆਤਮਕ ਤੌਰ ਤੇ ਦੁਖ ਸੁੱਖ ਵਿਚ ਸਾਡੇ ਅੰਗ ਸੰਗ ਹਨ। ਸੁਖ ਵਿਚ ਸਾਡੀਆਂ ਖੁਸ਼ੀਆਂ ਵਿਚ ਵਾਧਾ ਕਰਦੇ ਹਨ ਤੇ ਦੁੱਖ ਵਿਚ ਸਾਨੂੰ ਸਮਰਥਾ, ਬਲ ਬਖਸ਼ਦੇ ਹਨ ਤੇ ਅਸੀਂ ਦੁੱਖਾਂ ਤੋਂ ਬਾਹਰ ਨਿਕਲੀਏ।

ਅੰਗੀਠਾ ਸਾਹਿਬ ਦੇ ਸਥਾਨ ਤੇ ਸੱਚਖੰਡ ਦਾ ਨਿਰਮਾਣ ਕੀਤਾ ਗਿਆ ਹੈ ਜੋ ਸਾਡੀ ਆਸਥਾ ਦਾ ਸਥਾਨ ਹੈ ਅਸੀਂ ਸ਼ਰਧਾ ਭੇਟ ਕਰਦੇ ਹਾਂ, ਦੁੱਖ ਸੁੱਖ ਨੂੰ ਨਵਿਰਤ ਕਰਨ ਲਈ ਸਾਨੂੰ ਆਤਮਿਕ ਬਲ ਸਮਰੱਥਾ ਪ੍ਰਦਾਨ ਹੁੰਦੀ ਹੈ।

ਗੁਰੂ ਸਾਹਿਬ ਨੂੰ ਅਸੀਂ ਆਪਣੇ ਅੰਗ ਸੰਗ ਮਹਿਸੂਸ ਕਰਦੇ ਹਾਂ।

ਜਦੋਂ ਅਸੀਂ ਸਿੱਖ ਫਲਸਫ਼ਾ ਦਾ ਦਰਸ਼ਨ ਬਾਰੇ ਵਿਚਾਰ ਕਰਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਇਕ ਵੱਖਰੀ ਵਿਲੱਖਣ ਕੌਮ ਸਿਰ੍ਜਣਾ ਚਾਹੁੰਦੇ ਸਨ। ਇਕ ਅਦਰਸ਼ਕ ਸਮਾਜ ਹੋਵੇ 'ਕਿਰਤ ਕਰੋ, 'ਨਾਮ ਜਪੋ', 'ਵੰਡ ਛਕੋ', ਲੁੱਟ ਖਸੁੱਟ, ਸ਼ੋਸ਼ਣ ਦਾ ਖਾਤਮਾ ਹੋਏ ਵਰਗ ਰਹਿਤ ਸਮਾਜ, ਹਲੀਮੀ ਰਾਜ– ਬੇਗਮਪੁਰਾ ਸਹਿਰ ਕੋ ਨਾਉ, ਹਰ ਇਕ ਨੂੰ ਹੋਵੇ ਅੰਨ, ਵਹਿਮਾਂ, ਭਰਮਾਂ, ਅਨਿਆ ਦਾ ਖਾਤਮਾ ਹੋਵੇ। ਦੂਜੇ ਗੁਰੂ ਸਾਹਿਬ ਨੇ ਇਕ ਨਰੋਆ ਅਤੇ ਸਭਿਅਕ ਮਨੁੱਖ ਘੜਨ ਦਾ ਉਪਰਾਲਾ ਕੀਤਾ, ਤੀਜੇ ਗੁਰੂ ਸਾਹਿਬ ਨੇ ਸਮਾਜਿਕ ਸਸਕਾਰਾਂ ਦਾ ਰਾਹ ਦਰਸਾਇਆ। ਸ੍ਰੀ ਗੁਰੂ ਰਾਮਦਾਸ ਜੀ ਨੇ ਮਰਿਆਦਾ ਪੂਰਨ ਵਿਚਰਨ ਦੀ ਸਿੱਖਿਆ ਦਿੱਤੀ। ਪੰਜਵੇਂ ਗੁਰੂ ਸਾਹਿਬ ਨੇ ਹੱਕ ਸੱਚ ਲਈ ਸ਼ਹਾਦਤ ਦੀ ਪਰੰਪਰਾ ਚਲਾਈ। ਛੇਵੇਂ ਗੁਰੂ ਸਾਹਿਬ ਨੇ ਜਬਰ ਜ਼ੁਲਮ ਨਾਲ ਟਕਰਾਉਣ ਲਈ ਉਤਸ਼ਾਹ ਭਰਿਆ। ਸਤਵੇਂ ਗੁਰੂ ਸਾਬਿ ਨੇ ਸ਼ਾਨੋ ਸ਼ੌਕਤ, ਹਥਿਆਰਬੰਦ, ਸਵੈਮਾਨ ਤੇ ਸਵੈ ਸੁਰੱਖਿਆ ਲਈ ਤਿਆਰ ਬਰ ਤਿਆਰ ਰਹੋ। ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਨੇ ਨਿਰਭੈਤਾ ਦਾ ਸੰਕਲਪ ਦ੍ਰਿੜ ਕਰਵਾਇਆ। ਨੌਵੇਂ ਪਾਤਸ਼ਾਹ ਜੀ ਨੇ ਸਿਰਰ (ਹੱਠ) ਨਹੀਂ ਛਡਣਾ। ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਸੁਮੇਲਤਾ (uniformity) ਅਨੁਸ਼ਾਸਨ (Discipline), ਸਮੂਹਿਕ ਅਗਵਾਈ (Collective Leadership) ਸਵੈ ਵਿਸ਼ਵਾਸ਼ (Self Confidence), ਰਾਜਨੀਤਕ ਸ਼ਕਤੀ (Attain Political Power) ਪ੍ਰਾਪਤ ਕਰਨ (ਕੋਈ ਕਿਸੇ ਕੋ ਰਾਜ ਨਾ ਦੇ ਹੇ, ਜੋ ਲੈ ਨਿਜ ਬਲ ਸੇ ਲੈ ਹੈ)

ਇਸ ਸਭ ਪ੍ਰਾਪਤੀ ਲਈ ਇਕ ਪ੍ਰਣਾਲੀ ਵਜੂਦ ਵਿਚ ਲਿਆਂਦੀ ਜਿਸ ਨੇ ਧਾਰਮਿਕ ਪਰਪੱਕਤਾ ਤੇ ਆਤਮਕ ਬਲ ਪ੍ਰਤੀ ਵਿਸ਼ਵਾਸ਼ ਹੀ ਨਹੀਂ ਵੱਝਿਆ ਸਗੋਂ ਇਕ ਪ੍ਰਯੋਗਵਾਦੀ ਜਿਹੜੀ ਕਿ ਵੱਖੋ ਵੱਖਰੇ ਹਿੱਸਿਆਂ ਦੀ ਅੰਤਰ ਨਿਰਭਰਤਾ ਦੇ ਆਧਾਰ ਤੇ ਅਨੁਕੂਲ ਵਾਤਾਵਰਣ ਵਿਚ ਕੰਮ ਕਰੇ। ਜਿਹੋ ਜਿਹਾ ਵਾਤਾਵਰਣ ਵਿਚ ਵਿਵਹਾਰ ਸਿੱਖ ਸਮੂਹ ਦੁਬਾਰਾ ਕੀਤਾ ਜਾਵੇਗਾ ਉਸ ਤਰ੍ਹਾਂ ਹੀ ਸਿੱਖ ਦਰਸ਼ਨ ਲਾਗੂ ਹੋਵੇਗੀ।

ਅੱਜ ਦੇ ਸੰਦਰਭ ਵਿਚ ਅਕਾਲ ਪੁਰਖ ਵਲੋਂ ਨਿਯਮਤ ਦਰਸ਼ਨ ਹੈ। ਸਰਵਉੱਚ ਸਥਾਨ ਪ੍ਰਾਪਤ ਹੈ। ਇਹ ਸਿਰਫ ਧਾਰਮਿਕ ਵਿਸ਼ਵਾਸ਼ ਹੀ ਦ੍ਰਿੜ੍ਹ ਨਹੀਂ ਕਰਵਾਉਂਦਾ ਸਗੋਂ ਸਾਡੇ ਵਿੱਚ ਵੱਖਰੀ ਕੌਮ, ਰਾਸ਼ਟਰ ਜਾਂ ਰਾਸ਼ਟਰੀਅਤਾ ਦੀ ਭਾਵਨਾ ਵਿਕਸਤ ਕਰਦਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਨੇ ਪਵਿੱਤਰ ਗ੍ਰੰਥ ਦੀ ਭੂਮਿਕਾ ਨਿਭਾਅ ਕੇ ਵਿਸ਼ਵ ਨੂੰ ਇਕ ਲੜੀ ਵਿਚ ਪਰੋਅ ਦਿੱਤਾ। ਮੁੰਦਾਵਣੀ ਵਿਚ ਸਮੁੱਚੇ ਸੰਸਾਰ ਨੂੰ ਸੰਕੇਤ ਦਿੱਤੇ।

ਥਾਲ ਵਿਚ ਤਿੰਨਿ ਵਸਤੂ ਪਈਓ ਸਤੁ ਸਤੋਖੁ ਵੀਚਾਰੋ।
ਅੰਮ੍ਰਿਤ ਨਾਮ ਠਾਕਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥
ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ॥



Jasbir Singh Johal

M.A.L.L.B. Urdu Pass
Domicile Jandiala 144033
had worked as Lecturer
in Political Science
1971-73 : Khalsa College Ghardiwal (Hoshiarpur)
1973-2006 : Guru Nanak College
Sukhchainana Sahib Phagwara
Now Law Practitioner at
Civil Courts Phillaur (Jalandhar)

Parkashan, Jalandhar

1-2 Desh Bhagat Yadgar Hall, Jalandhar
Punjab, India
Phone : 98140-87063
5aabparkashan@gmail.com
www.5aabparkashan.com

ISBN : 978-93-82413-01-4
₹ 100